@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 17 February 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 17 ਫਰਵਰੀ 2024, 2 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 78, qpatrika@gmail.com ਫੋਨ : 9971359517 www.qaumipatrika.org

## ਪ੍ਰਨੀਤ ਕੌਰ ਨੇ ਕੀਤਾ ਵੱਡਾ ਐਲਾਨ, ਲੋਕ ਸਭਾ ਤੋਂ ਅਸਤੀਫਾ ਦੇ ਕੇ ਭਾਜਪਾ 'ਚ ਹੋਣਗੇ ਸ਼ਾਮਲ

ਪਟਿਆਲਾ 16 ਫਰਵਰੀ। ਕਾਂਗਰਸ ਪਾਰਟੀ ਤੋਂ ਲੰਬੇ ਸਮੇਂ ਤੋਂ ਸਸਪੈਂਡ ਚੱਲ ਰਹੇ ਪਟਿਆਲਾ ਦੇ ਐੱਮ. ਪੀ. ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਜਲਦੀ ਹੀ ਲੋਕ ਸਭਾ ਅਤੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣਗੇ। ਇਸ ਦਾ ਐਲਾਨ ਉਨ੍ਹਾਂ ਖ਼ੁਦ ਪਟਿਆਲਾ ਵਿਖੇ ਹੋਏ ਭਾਜਪਾ ਬੂਥ ਸੰਮੇਲਨ ਵਿੱਚ ਸ਼ਿਰਕਤ ਕਰਨ ਤੋਂ ਬਾਅਦ ਕੀਤਾ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਸਰਵਪੱਖੀ ਵਿਕਾਸ ਕਰ ਰਿਹਾ ਹੈ। ਦੇਸ਼ ਅਤੇ ਪੰਜਾਬ ਦੇ ਹਿੱਤ ਵਿੱਚ ਉਹ ਭਾਜਪਾ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਪੰਜਾਬ ਦੇ ਲੋਕ ਭਾਜਪਾ ਨਾਲ ਜੁੜ ਰਹੇ ਹਨ। ਇਸ ਮੌਕੇ ਪੰਜਾਬ ਭਾਜਪਾ ਦੇ ਆਗੂ ਹਰਜੀਤ ਸਿੰਘ ਗਰੇਵਾਲ, ਪ੍ਰਵੀਨ ਬਾਂਸਲ, ਅਨਿਲ ਸਰੀਨ ਅਤੇ ਹੋਰ ਕਈ ਆਗੂ ਹਾਜ਼ਰ ਸਨ। ਜਿਸ ਸਮੇਂ ਕਾਂਗਰਸ ਪਾਰਟੀ ਨੇ ਕੈ. ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਇਆ ਸੀ, ਉਸ ਸਮੇਂ ਤੋਂ ਹੀ ਪ੍ਰਨੀਤ ਕੌਰ ਨੇ ਬੇਸ਼ੱਕ ਕਾਂਗਰਸ ਨਾਲ ਕਿਨਾਰਾ ਕੀਤਾ ਹੋਇਆ ਹੈ ਪਰ ਟੈਕਨੀਕਲ ਤੌਰ 'ਤੇ ਉਹ ਅਜੇ ਤੱਕ ਕਾਂਗਰਸ ਪਾਰਟੀ ਦੇ ਹੀ ਐੱਮ. ਪੀ. ਹਨ। ਜੇਕਰ ਉਹ ਭਾਜਪਾ ਵਿੱਚ ਸ਼ਾਮਲ ਹੁੰਦੇ ਤਾਂ ਉਨ੍ਹਾਂ ਦੀ ਲੋਕ ਸਭਾ ਦੀ ਮੈਂਬਰਸ਼ਿਪ ਜਾ ਸਕਦੀ ਸੀ। ਹੁਣ ਕਿਉਂਕਿ ਲੋਕ ਸਭਾ ਦਾ ਕਾਰਜਕਾਲ ਪੂਰਾ ਹੋਣ ਜਾ ਰਿਹਾ ਹੈ ਅਤੇ ਭਾਰਤੀ ਚੋਣ ਕਮਿਸ਼ਨ ਵਲੋਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਜਿਸ ਕਰਕੇ ਉਹ ਸਮਾਂ ਆ ਗਿਆ ਹੈ ਜਦੋਂ ਉਹ ਅਸਤੀਫਾ ਦੇ ਕੇ ਭਾਜਪਾ ਵਿੱਚ ਸ਼ਾਮਲ ਹੋ ਜਾਣ। ਇਸ ਤੋਂ ਪਹਿਲਾਂ ਕਈ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਪ੍ਰਨੀਤ ਕੌਰ 'ਤੇ ਕਈ ਤਿੱਖੇ ਹਮਲੇ ਕਰ ਚੁੱਕੇ ਹਨ ਅਤੇ ਸਪਸ਼ਟ ਕਰ ਚੁੱਕੇ ਹਨ ਕਿ ਪ੍ਰਨੀਤ ਕੌਰ ਲਈ ਕਾਂਗਰਸ ਦੇ ਦਰਵਾਜੇ ਬੰਦ ਹੋ ਚੁੱਕੇ ਹਨ। ਸੂਤਰਾਂ ਅਨੁਸਾਰ ਪ੍ਰਨੀਤ ਕੌਰ ਜਲਦੀ ਹੀ ਦਿੱਲੀ ਵਿਖੇ ਭਾਜਪਾ ਵਿੱਚ ਸ਼ਾਮਲ ਹੋ ਜਾਣਗੇ। ਸੂਤਰਾਂ ਅਨੁਸਾਰ 14 ਫਰਵਰੀ ਨੂੰ ਉਨ੍ਹਾਂ ਪਾਰਟੀ ਵਿੱਚ ਸ਼ਾਮਲ ਹੋਣਾ ਸੀ ਪਰ ਕਿਸਾਨ ਅੰਦੋਲਨ ਕਾਰਨ ਹੁਣ ਕੁੱਝ ਸਮਾਂ ਲੱਗ ਸਕਦਾ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਰੇਵਾੜੀ 'ਚ ਏਮਜ ਦਾ ਰੱਖਿਆ ਨੀਂਹ ਪੱਥਰ, 9750 ਕਰੋੜ ਦੇ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ

**ਸਿੰਮੀ ਕੌਰ ਬੱਬਰ**

ਰੇਵਾੜੀ, 16 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਰੇਵਾੜੀ ਵਿੱਚ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ (ਏਮਜ) ਦਾ ਨੀਂਹ ਪੱਥਰ ਰੱਖਿਆ ਅਤੇ 9,750 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਹ ਪ੍ਰਾਜੈਕਟ ਸਹਿਰੀ ਆਵਾਜਾਈ, ਸਿਹਤ, ਰੇਲ ਅਤੇ ਸੈਰ-ਸਪਾਟਾ ਖੇਤਰਾਂ ਦੇ ਹਨ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ' ਲਈ ਹਰਿਆਣਾ ਦਾ ਵਿਕਾਸ ਕਰਨਾ ਬਹੁਤ ਜਰੂਰੀ ਹੈ ਅਤੇ ਇਸ ਨੂੰ ਧਿਆਨ 'ਚ ਰੱਖਦੇ ਹੋਏ ਅੱਜ ਰੇਵਾੜੀ 'ਚ ਰਾਜ ਦੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਗਿਆ। ਪੀ.ਐੱਮ. ਮੋਦੀ ਨੇ ਕਿਹਾ ਕਿ ਹਰਿਆਣਾ ਦੀ ਡਬਲ ਇੰਜਣ ਵਾਲੀ ਸਰਕਾਰ ਵਿਸਵ ਪੱਧਰੀ ਬੁਨਿਆਦੀ ਢਾਂਚਾ ਬਣਾਉਣ ਲਈ ਵਚਨਬੱਧ ਹੈ। ਪਿਛਲੇ 10 ਸਾਲਾਂ ਵਿੱਚ ਹਰਿਆਣਾ 'ਚ ਕਨੈਕਟੀਵਿਟੀ ਤੋਂ ਲੈ ਕੇ ਜਨਤਕ ਸਹੂਲਤਾਂ ਤੱਕ ਬੇਮਿਸਾਲ ਵਿਕਾਸ ਹੋਇਆ ਹੈ। ਰੇਵਾੜੀ ਵਿੱਚ ਏਮਜ 203 ਏਕੜ ਵਿੱਚ ਬਣਾਇਆ ਜਾਣਾ ਹੈ ਅਤੇ ਇਸਦੀ ਲਾਗਤ 1,650 ਰੁਪਏ ਹੋਵੇਗੀ। ਇਸ ਵਿੱਚ 720 ਬਿਸਤਰਿਆਂ ਵਾਲਾ ਇੱਕ ਹਸਪਤਾਲ, 100 ਸੀਟਾਂ ਦੀ ਸਮਰੱਥਾ ਵਾਲਾ ਇੱਕ ਮੈਡੀਕਲ ਕਾਲਜ, 60 ਸੀਟਾਂ ਵਾਲਾ ਇੱਕ ਨਰਸਿੰਗ ਕਾਲਜ ਅਤੇ 30 ਬਿਸਤਰਿਆਂ ਵਾਲਾ ਇੱਕ ਆਯੂਸ ਬਲਾਕ ਹੋਵੇਗਾ। ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਸਿਹਤ ਸੁਰੱਖਿਆ ਯੋਜਨਾ (ਪੀ.ਐੱਮ.ਐੱਸ.ਐੱਸ.ਵਾਈ.) ਦੇ ਤਹਿਤ ਸਥਾਪਿਤ



ਕੀਤਾ ਗਿਆ ਇਹ ਏਮਜ ਹਰਿਆਣਾ ਦੇ ਲੋਕਾਂ ਨੂੰ ਵਿਆਪਕ ਗੁਣਵੱਤਾ ਅਤੇ ਸੰਪੂਰਨ ਦੇਖਭਾਲ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰੇਗਾ। ਕਾਰਡੀਓਲੋਜੀ, ਗੈਸਟਰੋ-ਐਂਟਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਨਿਊਰੋਲੋਜੀ, ਨਿਊਰੋਸਰਜਰੀ, ਮੈਡੀਕਲ ਓਨਕੋਲੋਜੀ, ਸਰਜੀਕਲ ਓਨਕੋਲੋਜੀ, ਐਂਡੋਕਰੀਨੋਲੋਜੀ, ਬਰਨ ਅਤੇ ਪਲਾਸਟਿਕ ਸਰਜਰੀ ਸਮੇਤ ਦੇਖਭਾਲ ਸੇਵਾਵਾਂ ਇੱਥੇ ਉਪਲਬਧ ਹੋਣਗੀਆਂ। ਇੰਸਟੀਚਿਊਟ ਵਿੱਚ ਇੰਟੈਂਸਿਵ ਕੇਅਰ ਯੂਨਿਟ, ਐਮਰਜੈਂਸੀ ਅਤੇ ਟਰੌਮਾ ਯੂਨਿਟ, ਸੋਲਾਂ ਮਾਡਿਊਲਰ ਅਪਰੇਸਨ ਥੀਏਟਰ, ਡਾਇਗਨੋਸਟਿਕ ਲੈਬਾਰਟਰੀਆਂ, ਬਲੱਡ ਬੈਂਕ, ਫਾਰਮੇਸੀ ਆਦਿ ਵਰਗੀਆਂ ਸਹੂਲਤਾਂ ਵੀ ਹੋਣਗੀਆਂ। ਬਿਆਨ ਵਿੱਚ ਕਿਹਾ ਗਿਆ ਹੈ ਕਿ ਹਰਿਆਣਾ ਵਿੱਚ ਏਮਜ ਦੀ ਸਥਾਪਨਾ ਹਰਿਆਣਾ ਦੇ ਲੋਕਾਂ ਨੂੰ ਵਿਆਪਕ, ਗੁਣਵੱਤਾ ਅਤੇ ਸੰਪੂਰਨ ਦੇਖਭਾਲ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨੇ ਗੁਰੂਗ੍ਰਾਮ ਮੈਟਰੋ ਰੇਲ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ, ਜਿਸ ਨੂੰ ਲਗਭਗ 5,450 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਤ ਕੀਤਾ ਜਾਵੇਗਾ। ਲਗਭਗ 28.5 ਕਿਲੋਮੀਟਰ ਦੀ ਕੁੱਲ ਲੰਬਾਈ ਵਾਲਾ ਇਹ ਪ੍ਰੋਜੈਕਟ ਮਿਲੇਨੀਅਮ ਸਿਟੀ ਸੈਂਟਰ ਨੂੰ ਉਦਯੋਗ ਵਿਹਾਰ ਫੇਜ-5 ਨਾਲ ਜੋੜੇਗਾ ਅਤੇ ਸਾਈਬਰ ਸਿਟੀ ਨੇੜੇ ਮੌਲਸਰੀ ਐਵੇਨਿਊ ਸਟੇਸਨ 'ਤੇ ਰੈਪਿਡ ਮੈਟਰੋ ਰੇਲ ਗੁਰੂਗ੍ਰਾਮ ਦੇ ਮੌਜੂਦਾ ਮੈਟਰੋ ਨੈੱਟਵਰਕ ਨਾਲ ਜੁੜ ਜਾਵੇਗਾ। ਬਿਆਨ ਦੇ ਅਨੁਸਾਰ, ਇਹ ਪ੍ਰੋਜੈਕਟ ਲੋਕਾਂ ਨੂੰ ਵਿਸਵ ਪੱਧਰੀ ਵਾਤਾਵਰਣ-ਅਨੁਕੂਲ ਤੇਜ ਸਹਿਰੀ ਆਵਾਜਾਈ ਪ੍ਰਣਾਲੀ ਪ੍ਰਦਾਨ ਕਰਨ ਦੇ ਪ੍ਰਧਾਨ ਮੰਤਰੀ ਦੇ ਵਿਜਨ ਨੂੰ ਸਾਕਾਰ ਕਰਨ ਦੀ ਦਿਸਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਪ੍ਰਧਾਨ ਮੰਤਰੀ ਨੇ ਕੁਰੂਕਸੇਤਰ ਵਿੱਚ ਨਵੇਂ ਬਣੇ ਅਨੁਭਵ ਕੇਂਦਰ ਜੋਤੀਸਰ ਦਾ ਉਦਘਾਟਨ ਕੀਤਾ। ਇਹ ਅਨੁਭਵੀ ਅਜਾਇਬ ਘਰ ਲਗਭਗ 240 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਅਜਾਇਬ ਘਰ 17 ਏਕੜ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ 100,000 ਵਰਗ ਫੁੱਟ ਤੋਂ ਵੱਧ ਇਨਡੋਰ ਸਪੇਸ ਸਾਮਲ ਹੈ। ਇਹ ਮਹਾਂਭਾਰਤ ਦੀ ਮਹਾਂਕਾਵਿ ਕਹਾਣੀ ਅਤੇ ਗੀਤਾ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਲਿਆਵੇਗਾ। ਜੋਤੀਸਰ, ਕੁਰੂਕਸੇਤਰ ਉਹ ਪਵਿੱਤਰ ਸਥਾਨ ਹੈ ਜਿੱਥੇ ਭਗਵਾਨ ਕ੍ਰਿਸਨ ਨੇ ਅਰਜੁਨ ਨੂੰ ਭਗਵਦ ਗੀਤਾ ਦਾ ਸਦੀਵੀ ਗਿਆਨ ਪ੍ਰਦਾਨ ਕੀਤਾ ਸੀ। ਪ੍ਰਧਾਨ ਮੰਤਰੀ ਨੇ ਕਈ ਰੇਲਵੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਕੁਝ ਰਾਸਟਰ ਨੂੰ ਸਮਰਪਿਤ ਕੀਤੇ। ਜਿਨ੍ਹਾਂ ਪ੍ਰੋਜੈਕਟਾਂ ਲਈ ਨੀਂਹ ਪੱਥਰ ਰੱਖਿਆ ਗਿਆ ਸੀ, ਉਨ੍ਹਾਂ ਵਿੱਚ ਰੇਵਾੜੀ-ਕਠੂਵਾਸ ਰੇਲਵੇ ਲਾਈਨ (27.73 ਕਿਲੋਮੀਟਰ), ਕਠੂਵਾਸ-ਨਾਰਨੌਲ ਰੇਲਵੇ ਲਾਈਨ (24.12 ਕਿਲੋਮੀਟਰ), ਭਿਵਾਨੀ-ਦੋਭ ਭਲੀ ਰੇਲਵੇ ਲਾਈਨ (42.30 ਕਿਲੋਮੀਟਰ) ਅਤੇ ਮਨਹੇੜੂ-ਬਵਾਨੀਖੇੜਾ ਰੇਲ ਲਾਈਨ (3150 ਕਿਲੋਮੀਟਰ) ਸਾਮਲ ਹੈ। ਪ੍ਰਧਾਨ ਮੰਤਰੀ ਨੇ ਰੋਹਤਕ-ਮਹਿਮ-ਹਾਂਸੀ ਰੇਲਵੇ ਲਾਈਨ (68 ਕਿਲੋਮੀਟਰ) ਦੇਸ਼ ਨੂੰ ਸਮਰਪਿਤ ਕੀਤੀ। ਇਸ ਨਾਲ ਰੋਹਤਕ ਅਤੇ ਹਿਸਾਰ ਵਿਚਾਲੇ ਯਾਤਰਾ ਦਾ ਸਮਾਂ ਘੱਟ ਜਾਵੇਗਾ। ਉਨ੍ਹਾਂ ਰੋਹਤਕ-ਮਹਿਮ-ਹਾਂਸੀ ਸੈਕਸਨ 'ਤੇ ਰੇਲ ਸੇਵਾ ਨੂੰ ਵੀ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

## ਪੇਂਟ ਫੈਕਟਰੀ ਅੱਗ : ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜਾ ਦੇਣਗੇ ਅਰਵਿੰਦ ਕੇਜਰੀਵਾਲ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 16 ਫਰਵਰੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇੱਥੇ ਅਲੀਪੁਰ ਦੀ ਇਕ ਪੇਂਟ ਫੈਕਟਰੀ 'ਚ ਅੱਗ ਲੱਗਣ ਦੀ ਘਟਨਾ 'ਚ ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਮੁਆਵਜਾ ਰਾਸ਼ੀ ਦੇਣ ਦਾ ਸ਼ੁੱਕਰਵਾਰ ਨੂੰ ਐਲਾਨ ਕੀਤਾ। ਇਸ ਅਗਨੀਕਾਂਡ 'ਚ 11 ਲੋਕਾਂ ਦੀ ਮੌਤ ਹੋ ਗਈ। ਮੁੱਖ ਮੰਤਰੀ ਨੇ ਵੀਰਵਾਰ ਸ਼ਾਮ ਨੂੰ ਲੱਗੀ ਅੱਗ ਤੋਂ ਬਾਅਦ ਦੀ ਸਥਿਤੀ ਦਾ ਜਾਇਜਾ ਲੈਣ ਲਈ ਹਾਦਸੇ ਵਾਲੀ ਜਗ੍ਹਾ ਦਾ ਦੌਰਾ ਵੀ ਕੀਤਾ। ਉਨ੍ਹਾਂ ਕਿਹਾ,"ਮ੍ਰਿਤਕਾਂ ਦੇ ਪਰਿਵਾਰਾਂ ਦੇ ਪ੍ਰਤੀ ਸਾਡੀ ਪੂਰੀ ਹਮਦਰਦੀ ਹੈ। ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦਾ ਮੁਆਵਜਾ ਦੇਵਾਂਗੇ। 2 ਲੋਕ ਮਾਮੂਲੀ ਰੂਪ ਨਾਲ ਝੁਲਸੇ ਹਨ ਅਤੇ



ਉਨ੍ਹਾਂ ਨੂੰ 20-20 ਹਜਾਰ ਰੁਪਏ ਮੁਆਵਜਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜੋ ਲੋਕ ਗੰਭੀਰ ਰੂਪ ਨਾਲ ਝੁਲਸੇ ਹਨ, ਉਨ੍ਹਾਂ ਨੇ 2-2 ਲੱਖ ਰੁਪਏ ਦਾ ਮੁਆਵਜਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਗ ਕਾਰਨ ਨੇੜੇ-ਤੇੜੇ ਦੀਆਂ ਜਿਹੜੀਆਂ ਦੁਕਾਨਾਂ ਅਤੇ ਘਰਾਂ ਨੂੰ ਨੁਕਸਾਨ ਪਹੁੰਚਿਆ, ਉਨ੍ਹਾਂ ਨੂੰ ਵੀ ਸਰਕਾਰ ਦੀ ਨੀਤੀ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਦੋਸ਼ ਲੱਗ ਰਹੇ ਹਨ ਕਿ ਫਾਇਰ ਬ੍ਰਿਗੇਡ ਗੱਡੀਆਂ ਨੂੰ ਹਾਦਸੇ ਵਾਲੀ ਜਗ੍ਹਾ 'ਚ ਪਹੁੰਚਣ 'ਚ ਦੇਰੀ ਹੋਈ। ਉਨ੍ਹਾਂ ਕਿਹਾ,"ਮੈਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੇ ਪਹੁੰਚਣ 'ਚ ਦੇਰੀ ਅਤੇ ਇਸ ਖੇਤਰ 'ਚ ਫੈਕਟਰੀ ਕਿਵੇਂ ਚੱਲ ਰਹੀ ਸੀ, ਇਸ ਦੀ ਜਾਂਚ ਦੇ ਨਿਰਦੇਸ਼ ਦੇਵਾਂਗਾ।" ਬਾਹਰੀ ਦਿੱਲੀ ਦੇ ਅਲੀਪੁਰ ਇਲਾਕੇ 'ਚ ਇਕ ਪੇਂਟ ਫੈਕਟਰੀ 'ਚ ਧਮਾਕਾ ਅਤੇ ਉਸ ਤੋਂ ਬਾਅਦ ਅੱਗ ਲੱਗਣ ਨਾਲ 11 ਲੋਕਾਂ ਦੀ ਮੌਤ ਹੋ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਸ਼ਾਮ ਦੀ ਲੱਗੀ ਅੱਗ 'ਚ ਚਾਰ ਲੋਕ ਜਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ।

## ਭਾਰਤ ਤਕਨਾਲੋਜੀ ਕ੍ਰਾਂਤੀ ਦੇ ਸਿਖਰ 'ਤੇ : ਧਨਖੜ

ਨਵੀਂ ਦਿੱਲੀ, 16 ਫਰਵਰੀ। ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਵੀਰਵਾਰ ਨੂੰ ਕਿਹਾ ਕਿ ਦੇਸ ਇਕ ਤਕਨਾਲੋਜੀ ਕ੍ਰਾਂਤੀ ਦੇ ਸਿਖਰ 'ਤੇ ਹੈ, ਜੋ ਭਾਰਤੀ ਅਰਥਵਿਵਸਥਾ ਅਤੇ ਜੀਵਨ ਦੇ ਸਾਰੇ ਪਹਿਲੂਆਂ ਨੂੰ ਆਕਾਰ ਦੇ ਰਿਹਾ ਹੈ। ਉਪ-ਰਾਸਟਰਪਤੀ ਧਨਖੜ ਨੇ ਇਹ ਵਿਚਾਰ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਦੀ 125ਵੀਂ ਵਰ੍ਹੇਗੰਢ ਦੇ ਮੌਕੇ ਲੜਕਿਆਂ ਦੇ ਹੋਸਟਲ ਦਾ ਨੀਂਹ-ਪੱਥਰ ਰੱਖਣ ਤੋਂ ਬਾਅਦ ਪ੍ਰਗਟਾਏ। ਉਨ੍ਹਾਂ ਨੇ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਸੋਨੇ ਦੇ ਤਮਗੇ ਦੇ ਕੇ ਸਨਮਾਨਿਤ ਕੀਤਾ ਅਤੇ ਇਸ ਮੌਕੇ ਇਕ 'ਕੌਫੀ ਟੇਬਲ ਬੁੱਕ' ਵੀ ਜਾਰੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਵਿਘਨਕਾਰੀ ਤਕਨਾਲੋਜੀ ਦੀ ਵਰਤੋਂ ਨੂੰ ਲੈ ਕੇ ਜਿ਼ੰਮੇਵਾਰ ਅਤੇ ਚੌਕਸ ਰਹਿਣਾ ਚਾਹੀਦਾ ਹੈ।



## 'ਇੰਡੀਆ' ਗੱਠਜੋੜ ਸੱਤਾ 'ਚ ਆਇਆ ਤਾਂ ਐੱਮ. ਐੱਸ. ਪੀ. ਦੀ ਮਿਲੇਗੀ ਕਾਨੂੰਨੀ ਗਾਰੰਟੀ : ਰਾਹੁਲ

**ਏਜੰਸੀਆਂ**

ਰੋਹਤਾਸ/ਸਾਸਾਰਾਮ, 16 ਫਰਵਰੀ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਜੇ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਵਿਰੋਧੀ ਪਾਰਟੀਆਂ ਦਾ ਗੱਠਜੋੜ 'ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਸੱਤਾ 'ਚ ਆਉਂਦਾ ਹੈ ਤਾਂ ਉਨ੍ਹਾਂ ਦੀ ਪਾਰਟੀ ਦੇਸ਼ 'ਚ ਕਿਸਾਨਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਸਵੀਕਾਰ ਕਰੇਗੀ ਅਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਕਾਨੂੰਨੀ ਗਾਰੰਟੀ ਯਕੀਨੀ ਬਣਾਏਗੀ। ਗਾਂਧੀ ਆਪਣੀ 'ਭਾਰਤ ਜੋੜੋ ਨਿਆਏ ਯਾਤਰਾ' ਦੇ ਤਹਿਤ ਰਾਸਟਰੀ ਜਨਤਾ ਦਲ (ਆਰ. ਜੇ. ਡੀ.) ਦੇ ਨੇਤਾ ਤੇਜਸਵੀ ਯਾਦਵ ਨਾਲ ਰੋਹਤਾਸ ਜਿ਼ਲੇ ਦੇ ਚੇਨਾਰੀ ਥਾਣੇ ਅਧੀਨ ਪੈਂਦੇ ਟੇਕਾਰੀ 'ਚ ਆਯੋਜਿਤ 'ਕਿਸਾਨ ਨਿਆਏ ਮਹਾਪੰਚਾਇਤ' 'ਚ ਪਹੁੰਚੇ ਅਤੇ ਉਨ੍ਹਾਂ ਨੇ ਮੰਜੇ 'ਤੇ ਬੈਠ ਕੇ ਕਿਸਾਨਾਂ ਦੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ। ਗਾਂਧੀ ਨੇ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਨਹੀਂ ਮਿਲ



ਰਿਹਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਸੱਤਾ 'ਚ ਆਉਣ ਤੋਂ ਬਾਅਦ ਕਾਂਗਰਸ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਦੇਵੇਗੀ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸਾਨਾਂ ਨੇ ਕਾਂਗਰਸ ਤੋਂ ਕੁਝ ਮੰਗਿਆ ਹੈ, ਉਨ੍ਹਾਂ ਨੂੰ ਦਿੱਤਾ ਗਿਆ ਹੈ। ਭਾਵੇਂ ਕਰਜਾ ਮੁਆਫੀ ਹੋਵੇ ਜਾਂ ਐੱਮ. ਐੱਸ. ਪੀ., ਕਾਂਗਰਸ ਨੇ ਹਮੇਸਾ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਹੈ ਅਤੇ ਹਮੇਸਾ ਕਰਦੀ ਰਹੇਗੀ। ਗਾਂਧੀ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਸੰਯੁਕਤ ਕਿਸਾਨ ਮੋਰਚਾ (ਐੱਸ. ਕੇ. ਐੱਮ.) ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਮੇਤ ਕਿਸਾਨਾਂ ਦੀਆਂ ਵੱਖ-ਵੱਖ ਮੰਗਾਂ ਮੰਨਣ ਦਾ ਦਬਾਅ ਬਣਾਉਣ ਲਈ ਸ਼ੁੱਕਰਵਾਰ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਪੰਜਾਬ ਦੇ ਕਿਸਾਨਾਂ ਨੇ ਮੰਗਲਵਾਰ ਨੂੰ 'ਦਿੱਲੀ ਕੂਚ' ਮਾਰਚ ਸੁਰੂ ਕੀਤਾ ਸੀ ਪਰ ਸੁਰੱਖਿਆ ਫੋਰਸਾਂ ਨੇ ਉਨ੍ਹਾਂ ਨੂੰ ਹਰਿਆਣਾ ਨਾਲ ਲੱਗਦੇ ਪੰਜਾਬ ਦੇ ਸੰਭੂ ਅਤੇ ਖਨੌਰੀ ਬਾਰਡਰ 'ਤੇ ਰੋਕ ਦਿੱਤਾ ਸੀ। ਉਦੋਂ ਤੋਂ ਹੀ ਕਿਸਾਨਾਂ ਨੇ ਸੰਭੂ ਅਤੇ ਖਨੌਰੀ ਬਾਰਡਰ 'ਤੇ ਡੇਰੇ ਲਾਏ ਹੋਏ ਹਨ। ਸ਼ੁੱਕਰਵਾਰ ਨੂੰ ਉਨ੍ਹਾਂ ਦੇ ਅੰਦੋਲਨ ਦਾ ਚੌਥਾ ਦਿਨ ਹੈ। ਗਾਂਧੀ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਨਿਸਾਨਾ ਵਿੰਨ੍ਹਦਿਆਂ ਉਸ 'ਤੇ ਰੱਖਿਆ ਬਜਟ ਦਾ ਵੱਡਾ ਹਿੱਸਾ ਉਦਯੋਗਪਤੀ ਗੌਤਮ ਅਡਾਨੀ ਦੀ ਜੇਬ 'ਚ ਪਾਉਣ ਦਾ ਦੋਸ ਲਾਇਆ।

## ਸਰਕਾਰ 2027 ਤੱਕ ਦਾਲਾਂ ਦੇ ਉਤਪਾਦਨ 'ਚ ਆਤਮ-ਨਿਰਭਰਤਾ ਹਾਸਲ ਕਰਨ ਲਈ ਕਰ ਰਹੀ ਉਪਰਾਲੇ: ਮੁੰਡਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 16 ਫਰਵਰੀ। ਵਿਸਵ ਦਾ ਸਭ ਤੋਂ ਵੱਡਾ ਉਤਪਾਦਕ ਅਤੇ ਖਪਤਕਾਰ ਭਾਰਤ 2027 ਤੱਕ ਦਾਲਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰਤਾ ਪ੍ਰਾਪਤ ਕਰਨ ਅਤੇ ਆਯਾਤ ਨੂੰ ਘਟਾਉਣ ਲਈ ਲਗਾਤਾਰ ਯਤਨ ਕਰ ਰਿਹਾ ਹੈ। ਕੇਂਦਰੀ ਖੇਤੀਬਾੜੀ ਮੰਤਰੀ ਅਰਜੁਨ ਮੁੰਡਾ ਨੇ ਵੀਰਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਘਰੇਲੂ ਦਾਲਾਂ ਦੇ ਉਤਪਾਦਨ ਵਿੱਚ ਪਹਿਲਾਂ ਹੀ ਮਹੱਤਵਪੂਰਨ ਪ੍ਰਗਤੀ ਹੋਈ ਹੈ, ਜੋ ਹੁਣ 2014 ਵਿੱਚ 1.7 ਕਰੋੜ ਟਨ ਤੋਂ ਕਿਤੇ ਵੱਧ ਹੋ ਚੁੱਕੀ ਹੈ। ਇਸ ਸਾਲ 2.95 ਕਰੋੜ ਟਨ ਉਤਪਾਦਨ ਦਾ ਟੀਚਾ ਹੈ। ਮੁੰਡਾ ਨੇ ਜਲਵਾਯੂ ਅਨੁਕੂਲ ਕਿਸਮਾਂ ਅਤੇ ਹੋਰ ਤਕਨੀਕਾਂ ਦੇ ਤੇਜੀ ਨਾਲ ਪ੍ਰਸਾਰ ਦੀ ਲੋੜ 'ਤੇ ਵੀ ਜੋਰ ਦਿੱਤਾ। ਦਾਲਾਂ ਦੀ ਕਮੀ ਨੂੰ ਪੂਰਾ ਕਰਨ ਲਈ ਦੇਸ ਹਰ ਸਾਲ ਲਗਭਗ 35 ਲੱਖ ਟਨ ਦਾਲਾਂ ਦੀ ਦਰਾਮਦ ਕਰਦਾ ਹੈ। ਮੁੰਡਾ ਨੇ ਇੱਥੇ ਗਲੋਬਲ ਪਲਸ ਕਨਫੈਡਰੇਸਨ (ਜੀਪੀਸੀ) ਅਤੇ ਸਹਿਕਾਰੀ ਸੰਸਥਾ ਨੈਫੇਡ ਦੁਆਰਾ ਆਯੋਜਿਤ ਇੱਕ ਸੰਮੇਲਨ ਨੂੰ ਸੰਬੋਧਨ ਕਰਦੇ ਕਿਹਾ, "ਭਾਰਤ ਛੋਲਿਆਂ ਅਤੇ ਹੋਰ ਬਹੁਤ



ਸਾਰੀਆਂ ਦਾਲਾਂ ਦੀਆਂ ਫਸਲਾਂ ਵਿੱਚ ਆਤਮ-ਨਿਰਭਰ ਹੋ ਗਿਆ ਹੈ। ...ਸਿਰਫ ਅਰਹਰ ਅਤੇ ਉੜਦ ਵਿੱਚ ਮਾਮੂਲੀ ਕਮੀ ਹੈ। 2027 ਤੱਕ ਦਾਲਾਂ ਵਿੱਚ ਸਵੈ-ਨਿਰਭਰਤਾ ਹਾਸਲ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।" ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਨਵੀਆਂ ਕਿਸਮਾਂ ਦੇ ਬੀਜਾਂ ਦੀ ਸਪਲਾਈ ਵਿੱਚ ਵਾਧਾ ਕੀਤਾ ਹੈ... ਨੇ ਮਟਰ ਅਤੇ ਉੜਦ ਦੀ ਕਾਸਤ ਵਧਾਉਣ 'ਤੇ ਵੀ ਧਿਆਨ ਦਿੱਤਾ ਹੈ। ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਦਾਲਾਂ ਦੀ ਪੈਦਾਵਾਰ ਵਧਾਉਣ ਲਈ ਖਾਕਾ ਤਿਆਰ ਕੀਤਾ ਗਿਆ ਹੈ। ਸਰਕਾਰ ਬੀਜ ਵਿਕਾਸ ਖੋਜ ਅਤੇ ਖੇਤੀ ਦੇ ਮੁਲਾਂਕਣ ਲਈ ਸੈਟੇਲਾਈਟ ਇਮੇਜਰੀ ਵਰਗੀ ਆਧੁਨਿਕ ਤਕਨਾਲੋਜੀ ਦੀ ਵਰਤੋਂ ਨੂੰ ਉਤਸਾਹਿਤ ਕਰ ਰਹੀ ਹੈ, ਉਚਿਤ ਅਤੇ ਸਮੇਂ ਸਿਰ ਸਲਾਹਾਂ ਪ੍ਰਦਾਨ ਕਰ ਰਹੀ ਹੈ ਅਤੇ ਸਿੰਚਾਈ ਅਤੇ ਖਾਦ ਲਈ ਹਰੇਕ ਕਿਸਾਨ ਦੇ ਖੇਤ ਦੀ 'ਮੈਪਿੰਗ' ਕਰ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੌਜੂਦਾ ਹਾੜੀ ਸੀਜਨ ਦੌਰਾਨ ਦਾਲਾਂ ਹੇਠ ਰਕਬਾ ਇੱਕ ਲੱਖ ਹੈਕਟੇਅਰ ਵਧਿਆ ਹੈ। ਸਿੰਚਾਈ ਵਾਲੇ ਖੇਤਰਾਂ ਵਿੱਚ ਵੀ ਤੁੜ ਦੀ ਬਿਜਾਈ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ।



# ਮਾਪਿਆਂ ਦੀ ਇੱਛਾ ਤੇ 17 ਸਾਲਾਂ ਦੇ ਪਿਆਰ ਲਈ ਹੈਲੀਕਾਪਟਰ 'ਚ ਲਾੜੀ ਵਿਆਹੁਣ ਗਿਆ ਲਾੜਾ

ਜਲੰਧਰ 16 ਫਰਵਰੀ। ਹਰ ਇਨਸਾਨ ਵਿਆਹ ਕੁਝ ਵੱਖਰੇ ਢੰਗ ਨਾਲ ਕਰਨ ਦੀ ਸੋਚਦਾ ਹੈ ਤੇ ਆਪਣੇ ਵਿਆਹ ਨੂੰ ਖਾਸ ਬਣਾਉਣ ਲਈ ਕੁਝ ਹਟ ਕੇ ਪਲਾਨਿੰਗ ਕਰਦਾ ਹੈ। ਇਸ ਲਈ ਕੋਈ ਵਧੀਆ ਤੋਂ ਵਧੀਆ ਗੱਡੀ ਲੈ ਕੇ ਜਾਂਦਾ ਹੈ ਤਾਂ ਕੋਈ ਹਾਈਫਾਈ ਬੈਂਡ ਲੈ ਕੇ ਲਾੜੀ ਨੂੰ ਲੈਣ ਲਈ ਪਹੁੰਚਦਾ ਹੈ ਪਰ ਜਲੰਧਰ ਦੇ ਨੇੜਲੇ ਪਿੰਡ ਬਾਠ ਕਲਾਂ ਦਾ ਵਿਅਕਤੀ ਆਪਣੇ 17 ਸਾਲ ਪੁਰਾਣੇ ਪਿਆਰ ਨੂੰ ਪ੍ਰਵਾਨ ਚੜ੍ਹਾਉਣ ਲਈ ਹੈਲੀਕਾਪਟਰ ਰਾਹੀਂ ਸ਼ਹਿਰ ਦੇ ਇਕ ਪੈਲੇਸ 'ਚ ਪਹੁੰਚ ਗਿਆ। ਦਰਅਸਲ ਜਲੰਧਰ ਦੇ ਢਿੱਲਵਾਂ 'ਚ ਇਕ ਵਿਆਹ ਸਮਾਰੋਹ ਦੌਰਾਨ ਲਾੜੇ ਨੇ ਹੈਲੀਕਾਪਟਰ ਰਾਹੀਂ ਐਂਟਰੀ ਕੀਤੀ, ਜਿਸ ਨੂੰ ਦੇਖ ਕੇ ਸਾਰੇ ਲੋਕ ਹੈਰਾਨ ਰਹਿ ਗਏ। ਕਹਿੰਦੇ ਹਨ ਕਿ ਪਿਆਰ ਜੇਕਰ ਸੱਚਾ ਹੋਵੇ ਤਾਂ ਆਪਣੇ ਪਿਆਰ ਨੂੰ ਪਾਉਣ ਲਈ ਕੁਝ ਤਾਂ ਵੱਖਰਾ ਕਰਨਾ ਪੈਂਦਾ ਹੈ ਤਾਂ ਅਜਿਹਾ ਹੀ ਕੁਝ ਅਲੱਗ ਕਰ ਕੇ ਦਿਖਾਇਆ ਨਕੋਦਰ ਦੇ ਬਾਠ ਕਲਾਂ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਨੇ। ਜੀ ਹਾਂ, ਜਲੰਧਰ ਦੇ ਢਿੱਲਵਾਂ 'ਚ ਸਥਿਤ ਇਕ ਰਿਜਾਰਟ 'ਚ ਲਾੜੇ ਦੀ ਹੈਲੀਕਾਪਟਰ 'ਚ ਹੋਈ ਐਂਟਰੀ ਨੂੰ ਦੇਖ ਕੇ ਇਲਾਕੇ ਦੇ ਲੋਕ ਦੇਖਦੇ ਹੀ ਰਹਿ ਗਏ। ਹੈਲੀਕਾਪਟਰ ਦੇ ਉਤਰਦੇ ਹੀ ਲਾੜੇ ਦਾ ਬੜੇ ਚਾਵਾਂ ਨਾਲ ਸਹੁਰਾ ਪਰਿਵਾਰ ਵੱਲੋਂ ਸਵਾਗਤ ਕੀਤਾ ਗਿਆ। ਇਲਾਕੇ 'ਚ ਹੈਲੀਕਾਪਟਰ ਉਤਰਦਾ ਦੇਖ ਲੋਕ ਪਹਿਲਾਂ ਤਾਂ ਹੈਰਾਨ ਹੋਏ। ਲਾੜੇ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਦੋਵਾਂ ਵਿਚਕਾਰ ਲਗਭਗ 17 ਪਿਆਰ ਤੋਂ ਸਾਲਾਂ ਤੋਂ ਚੱਲ ਰਿਹਾ ਸੀ, ਜੋ ਕਿ ਪ੍ਰਵਾਨ ਚੜ੍ਹ ਗਿਆ। ਸੁਖਵਿੰਦਰ ਸਿੰਘ ਪੇਸ਼ੇ ਤੋਂ ਇਕ ਬਿਜਨੈੱਸਮੈਨ ਹੈ, ਦਾ ਜਲੰਧਰ ਦੇ ਢਿੱਲਵਾਂ 'ਚ ਸਥਿਤ ਇਕ ਰਿਜਾਰਟ 'ਚ ਵਿਆਹ ਸੀ। ਉੱਥੇ ਲਾੜੀ




ਵੀ ਆਪਣੇ ਲਾੜੇ ਦੀ ਇਸ ਤਰ੍ਹਾਂ ਦੀ ਐਂਟਰੀ ਨੂੰ ਦੇਖ ਕੇ ਫੁੱਲੀ ਨਾ ਸਮਾਈ। ਉਥੇ ਹੀ, ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਦਿਲੋਂ ਖਵਾਹਿਸ਼ ਸੀ ਕਿ ਉਨ੍ਹਾਂ ਦਾ ਬੇਟਾ ਹੈਲੀਕਾਪਟਰ 'ਚ ਆਪਣੀ ਲਾੜੀ ਨੂੰ ਲੈਣ ਜਾਵੇ, ਜੋ ਕਿ ਉਸ ਨੇ ਪੂਰੀ ਕਰ ਦਿਖਾਈ ਹੈ। ਲਾੜੇ ਸੁਖਵਿੰਦਰ ਸਿੰਘ ਨੇ ਆਪਣੀ ਗਰਲਫ੍ਰੈਂਡ ਮਨੀ ਨਾਲ ਵਿਆਹ ਕਰਵਾਉਣ ਲਈ 17 ਸਾਲ ਲੰਬੀ ਉਡੀਕ ਕੀਤੀ। ਦਰਅਸਲ ਦੋਵੇਂ ਇਕ ਦੂਜੇ ਨੂੰ ਸਾਲਾਂ ਤੋਂ ਜਾਣਦੇ ਸਨ। ਫਿਰ 2009 'ਚ ਮਨੀ ਆਸਟ੍ਰੇਲੀਆ ਚਲੀ ਗਈ। ਉੱਥੇ ਜਾਣ ਤੋਂ ਬਾਅਦ ਉਸ ਨੂੰ ਵੀਜਾ ਲੈਣ ਲਈ ਬਹੁਤ ਮਿਹਨਤ ਕਰਨੀ ਪਈ। ਇਸ ਦੌਰਾਨ ਸੁਖਵਿੰਦਰ ਨੇ ਵੀ ਵਿਆਹ ਨਹੀਂ ਕਰਵਾਇਆ। ਦੋਵੇਂ ਫੋਨ 'ਤੇ ਇਕ-ਦੂਜੇ ਦੇ ਸੰਪਰਕ 'ਚ ਰਹੇ। ਆਖਿਰ 2024 'ਚ ਮਨੀ ਨੂੰ ਵੀਜਾ ਮਿਲ ਗਿਆ ਤੇ ਉਹ ਸੁਖਵਿੰਦਰ ਨਾਲ ਵਿਆਹ ਕਰਵਾਉਣ ਲਈ ਤੁਰੰਤ ਭਾਰਤ ਪਹੁੰਚ ਗਈ। ਦੋਵਾਂ ਦੇ ਪਰਿਵਾਰਾਂ ਨੂੰ ਵੀ ਕੋਈ ਇਤਰਾਜ ਨਹੀਂ ਸੀ। ਆਪਣੀ ਹੋਣ ਵਾਲੀ ਪਤਨੀ ਮਨੀ ਨੂੰ ਸਰਪ੍ਰਾਈਜ ਦੇਣ ਲਈ ਸੁਖਵਿੰਦਰ ਨੇ ਹੈਲੀਕਾਪਟਰ ਰਾਹੀਂ ਡੋਲੀ ਲਿਆਉਣ ਦਾ ਪਲਾਨ ਬਣਾਇਆ। ਇਸ ਲਈ ਉਸ ਨੇ ਚੰਡੀਗੜ੍ਹ ਦੀ ਕੰਪਨੀ ਨਾਲ ਸੰਪਰਕ ਕੀਤਾ। ਇਸ ਲਈ ਸੁਖਵਿੰਦਰ ਨੇ ਲੱਗਭਗ 10 ਲੱਖ ਰੁਪਏ ਕਿਰਾਇਆ ਅਦਾ ਕੀਤਾ। ਸੁਖਵਿੰਦਰ ਬੇਸ਼ੱਕ ਕੋਈ ਕਰੋੜਪਤੀ ਨਹੀਂ, ਪਰ ਫਿਰ ਵੀ ਉਨ੍ਹਾਂ ਆਪਣੇ ਵਿਆਹ ਨੂੰ ਯਾਦਗਾਰੀ ਬਣਾਉਣ ਲਈ ਇਹ ਕਦਮ ਚੁੱਕਿਆ ਤੇ ਹੈਲੀਕਾਪਟਰ ਹਾਇਰ ਕੀਤਾ। ਇਸ ਲਈ ਬਕਾਇਦਾ ਬਾਠ ਕਲਾਂ 'ਚ ਸੁਖਵਿੰਦਰ ਨੇ ਟੈਂਪਰੇਰੀ ਹੈਲੀਪੈਡ ਵੀ ਬਣਵਾਇਆ ਤੇ ਇਸੇ ਤਰ੍ਹਾਂ ਵਿਆਹ ਵਾਲੀ ਥਾਂ ਢਿੱਲਵਾਂ 'ਚ ਵੀ ਹੈਲੀਕਾਪਟਰ ਦੇ ਉਤਰਨ ਦਾ ਪ੍ਰਬੰਧ ਕੀਤਾ ਗਿਆ ਸੀ।

## ਟਾਂਡਾ ਵਿਖੇ 500 ਗ੍ਰਾਮ ਅਫੀਮ ਸਣੇ ਕਾਰ ਸਵਾਰ ਗ੍ਰਿਫਤਾਰ

ਟਾਂਡਾ ਉੜਮੁੜ 16 ਫਰਵਰੀ। ਟਾਂਡਾ ਪੁਲਸ ਨੇ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ 'ਤੇ ਬਿਆਸ ਦਰਿਆ ਰੜਾ ਪੁਲ ਹਾਈਟੈੱਕ ਨਾਕੇ 'ਤੇ ਇਕ ਕਾਰ ਸਵਾਰ ਨੂੰ 500 ਗ੍ਰਾਮ ਅਫੀਮ ਸਣੇ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲਾ ਪੁਲਸ ਮੁਖੀ ਸੁਰਿੰਦਰ ਲਾਂਬਾ ਅਤੇ ਡੀ. ਐੱਸ. ਪੀ. ਹਰਜੀਤ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਨਸ਼ੇ ਖਿ਼ਲਾਫ ਵਿੱਢੀ ਮੁਹਿੰਮ ਤਹਿਤ ਐੱਸ. ਆਈ. ਗੁਰਵਿੰਦਰ ਸਿੰਘ ਅਤੇ ਏ. ਐੱਸ. ਆਈ. ਬਲਵੀਰ ਸਿੰਘ ਦੀ ਟੀਮ ਵੱਲੋਂ ਕਾਬੂ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਦਿਲਬਾਗ ਸਿੰਘ ਪੁੱਤਰ ਬਘੇਲ ਸਿੰਘ ਵਾਸੀ ਕਾਦੀਆਂ (ਗੁਰਦਾਸਪੁਰ) ਦੇ ਰੂਪ ਵਿਚ ਹੋਈ ਹੈ . ਥਾਣਾ ਮੁਖੀ ਨਾਗਰਾ ਨੇ ਦੱਸਿਆ ਜਦੋਂ ਚੈੱਕਿੰਗ ਦੌਰਾਨ ਮੁਲਜ਼ਮ ਦੀ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਕਾਰ ਵਿਚੋਂ ਅਫੀਮ ਬਰਾਮਦ ਹੋਈ . ਪੁਲਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿ਼ਲਾਫ ਐੱਨ. ਡੀ. ਪੀ. ਐੱਸ. ਐਕਟ ਦੇ ਅਧੀਨ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਹੈ

## 'ਮੇਰੇ ਪੁੱਤ ਕੋਲੋਂ ਕੋਈ ਮਾੜਾ ਕੰਮ ਨਾ ਕਰਾਵੀਂ', ਵੀਡੀਓ 'ਚ ਦੇਖੋ ਮੰਤਰੀ ਧਾਲੀਵਾਲ ਦਾ ਮਾਂ ਪ੍ਰਤੀ ਪਿਆਰ

ਜਲੰਧਰ 16 ਫਰਵਰੀ। ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਆਪਣੀ ਮਾਤਾ ਨੂੰ ਬੇਹੱਦ ਪਿਆਰ ਕਰਦੇ ਹਨ। 'ਜਗਬਾਣੀ' ਨਾਲ ਵਿਸ਼ੇਸ਼ ਇੰਟਰਵਿਊ ਦੌਰਾਨ ਸੀਨੀਅਰ ਪੱਤਰਕਾਰ ਰਮਨਦੀਪ ਸਿੰਘ ਸੋਢੀ ਨਾਲ ਗੱਲਬਾਤ ਕਰਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਜਦੋਂ ਸਵੇਰੇ ਘਰੋਂ ਜਾਂਦੇ ਹਨ ਤਾਂ ਮਾਤਾ ਨੂੰ ਮਿਲ ਕੇ ਜਾਂਦੇ ਹਨ ਅਤੇ ਸ਼ਾਮ ਨੂੰ ਘਰ ਆਉਣ ਵੇਲੇ ਵੀ ਮਾਤਾ ਨੂੰ ਮਿਲਦੇ ਹਨ। ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਮਾਤਾ ਰੋਜਾਨਾ ਇੱਕੋ ਹੀ ਗੱਲ ਕਹਿੰਦੇ ਹਨ ਕਿ ਪੁੱਤ ਕਿਸੇ ਦੇ ਖਿ਼ਲਾਫ ਨਹੀਂ ਬੋਲਣਾ। ਉਨ੍ਹਾਂ ਦੇ ਮਾਤਾ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤਾਂ ਨੂੰ ਕਦੇ ਕੁੱਟਣ ਲਈ ਹੱਥ ਨਹੀਂ ਲਾਇਆ ਅਤੇ ਪੁੱਤਾਂ ਨੇ ਵੀ ਕਦੇ ਉਨ੍ਹਾਂ ਨੂੰ ਕਿਸੇ ਗੱਲੋਂ ਤੰਗ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਕੁਲਦੀਪ ਧਾਲੀਵਾਲ ਦੇ ਪਿਤਾ ਦੀ ਬਚਪਨ 'ਚ ਹੀ ਮੌਤ ਹੋ ਗਈ ਸੀ ਪਰ ਪੁੱਤਾਂ ਨੇ ਕਦੇ ਵੀ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਦਿੱਤਾ। ਧਾਲੀਵਾਲ ਦੇ ਮਾਤਾ ਨੇ ਕਿਹਾ ਕਿ ਉਹ ਰੋਜਾਨਾ ਪਰਮਾਤਮਾ ਅੱਗੇ ਹੱਥ ਜੋੜਦੇ ਹਨ ਕਿ



ਉਨ੍ਹਾਂ ਦੇ ਪੁੱਤ ਕੋਲੋਂ ਰੱਬ ਕੋਈ ਮਾੜਾ ਕੰਮ ਨਾ ਕਰਾਵੇ ਅਤੇ ਹਰ ਇਕ ਦਾ ਭਲਾ ਕਰੇ। ਮੰਤਰੀ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਵੀ ਉਨ੍ਹਾਂ ਕੋਲ ਕੈਲੀਫੋਰਨੀਆ ਜਾਂਦੇ ਰਹੇ ਸਨ ਅਤੇ ਇੱਕੋ ਹੀ ਗੱਲ ਕਹਿੰਦੇ ਸਨ ਕਿ ਜਦੋਂ ਤੱਕ ਤੁਹਾਡੇ ਵਰਗੇ ਐੱਨ. ਆਰ. ਆਈ. ਪੰਜਾਬ ਨਹੀਂ ਆਉਂਦੇ, ਕੁੱਝ ਨਹੀਂ ਬਦਲਣਾ। ਉਨ੍ਹਾਂ ਕਿਹਾ ਕਿ ਜਦੋਂ ਬੱਚੇ ਵੱਡੇ ਹੋ ਗਏ ਤਾਂ ਫਿਰ ਮਾਨ ਸਾਹਿਬ ਕੈਲੀਫੋਰਨੀਆਂ ਗਏ ਅਤੇ ਸਾਲ 2014 'ਚ ਉਨ੍ਹਾਂ ਨੂੰ ਆਪਣੇ ਨਾਲ ਵਾਪਸ ਪੰਜਾਬ ਲੈ ਆਏ, ਜਿਸ ਤੋਂ ਬਾਅਦ ਆਮ ਆਦਮੀ ਪਾਰਟੀ 'ਚ ਜੁਆਇਨ ਕਰ ਲਈ।

## ਦਰਜੀ ਨੇ ਪੁਲਸ ਮੁਲਾਜਮਾਂ ਦੀਆਂ ਵਰਦੀਆਂ ਦੀ ਕੀਤੀ ਸਿਲਾਈ, ਪਰ ਪੈਸੇ ਮੰਗਣੇ ਪੈ ਗਏ ਮਹਿੰਗੇ

ਚੰਡੀਗੜ੍ਹ 16 ਫਰਵਰੀ। ਇਕ ਦਰਜੀ ਨੇ ਪੰਜਾਬ ਪੁਲਸ ਦੇ ਮੁਲਾਜਮਾਂ ਦੀਆਂ ਵਰਦੀਆਂ ਦੀ ਸਿਲਾਈ ਕੀਤੀ ਸੀ ਪਰ ਉਸ ਨੂੰ ਮਿਹਨਤ ਦੇ ਪੈਸੇ ਮੰਗਣਾ ਮਹਿੰਗਾ ਪੈ ਗਿਆ, ਕਿਉਂਕਿ ਜਦੋਂ ਉਸ ਨੇ 2 ਲੱਖ ਰੁਪਏ ਦੀ ਅਦਾਇਗੀ ਮੰਗੀ ਤਾਂ ਪੁਲਸ ਨੇ ਉਸ ਖਿਲਾਫ ਅਫੀਮ ਰੱਖਣ ਦਾ ਕੇਸ ਦਰਜ ਕਰ ਦਿੱਤਾ। ਹੁਣ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਹੁੰਚ ਗਿਆ ਹੈ। ਹਾਈਕੋਰਟ ਨੇ ਮਾਮਲੇ ਦੀ ਜਾਂਚ ਕਰ ਰਹੀ



ਐੱਸ.ਆਈ.ਟੀ. ਨੂੰ 26 ਫਰਵਰੀ ਤਕ ਜਾਂਚ ਸਬੰਧੀ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ ਅਤੇ ਇਹ ਵੀ ਹੁਕਮ ਦਿੱਤਾ ਹੈ ਕਿ ਜੇਕਰ ਦੋਸ ਸਹੀ ਪਾਏ ਜਾਂਦੇ ਹਨ ਤਾਂ ਮੁਲਜਮਾਂ ਖਿਲਾਫ ਕਾਰਵਾਈ ਕੀਤੀ ਜਾਵੇ। ਹਾਈਕੋਰਟ ਨੂੰ ਦਰਜੀ ਬਾਬੂ ਖਾਨ ਨੇ ਦੱਸਿਆ ਕਿ ਉਹ ਕਈ ਸਾਲਾਂ ਤੋਂ ਪੁਲਸ ਮੁਲਾਜਮਾਂ ਦੀਆਂ ਵਰਦੀਆਂ ਦੀ ਸਿਲਾਈ ਕਰਨ ਦਾ ਕੰਮ ਕਰ ਰਿਹਾ ਹੈ। ਉਸ ਦੇ ਘਰ ਪੁੱਤਰ ਦਾ ਵਿਆਹ ਹੈ ਤੇ ਉਸ ਨੂੰ ਪੈਸਿਆਂ ਦੀ ਲੋੜ ਹੈ। ਇਸ ਲਈ ਉਸ ਨੇ ਦੋ ਲੱਖ ਰੁਪਏ ਮੰਗੇ ਸਨ, ਜਿਸ ਤੋਂ ਨਾਰਾਜ ਹੋ ਕੇ ਪੁਲਸ ਮੁਲਾਜਮਾਂ ਨੇ ਪੰਜ ਕਿਲੋ ਅਫੀਮ ਦੀ ਸਮੱਗਲਿੰਗ ਦਾ ਕੇਸ ਉਸ ਖਿਲਾਫ ਦਰਜ ਕਰ ਲਿਆ। ਪੁਲਸ ਵਾਲੇ ਉਸ ਨੂੰ ਇਕ ਪ੍ਰਾਈਵੇਟ ਕਾਰ ਵਿਚ ਦੁਕਾਨ ਤੋਂ ਲੈ ਗਏ। ਇਸ ਤੋਂ ਬਾਅਦ ਸਾਦੇ ਕੱਪੜਿਆਂ ਵਿਚ ਕੁਝ ਪੁਲਸ ਕਰਮਚਾਰੀ ਦੁਕਾਨ 'ਤੇ ਆਏ ਅਤੇ ਸੀ.ਸੀ.ਟੀ.ਵੀ. ਫੁਟੇਜ ਲੈ ਲਈ।

## ਜਥੇਦਾਰ ਕਾਉਂਕੇ ਦਾ ਇਨਸਾਫ ਲੈਣ ਲਈ ਨੁਮਾਇੰਦਾ ਇਕੱਠ ਨਕੋਦਰ ਰੋਡ 'ਤੇ ਹੋਵੇਗਾ : ਪੰਥਕ ਆਗੂ

ਅੰਮ੍ਰਿਤਸਰ 16 ਫਰਵਰੀ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਸਰਬੱਤ ਖਾਲਸਾ ਦੇ ਮੁੱਖ ਪ੍ਰਬੰਧਕ ਭਾਈ ਮੋਹਕਮ ਸਿੰਘ, ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਜਲੰਧਰ ਦੇ ਪ੍ਰਧਾਨ ਜਥੇਦਾਰ ਜਗਜੀਤ ਸਿੰਘ ਗਾਬਾ ਨੇ



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਤੌਰ 'ਤੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਪੰਥ ਰਤਨ, ਫਖਰ-ਏ-ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ ਲੈਣ ਲਈ ਪੰਥਕ ਧਿਰਾਂ ਵੱਲੋਂ 15 ਜਨਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਬਣਾਈ ਗਈ ਸਾਂਝੀ ਗਿਆਰਾਂ ਮੈਂਬਰੀ ਤਾਲਮੇਲ ਇਨਸਾਫ ਕਮੇਟੀ ਵਲੋਂ ਜੋਂ ਨੁਮਾਇੰਦਾ ਇਕੱਠ 16 ਫਰਵਰੀ ਨੂੰ ਗੁਰੂ ਤੇਗ ਬਹਾਦਰ ਨਗਰ ਗੁਰਦੁਆਰਾ ਤੇਗ ਬਹਾਦਰ ਸਾਹਿਬ ਜਲੰਧਰ ਵਿਖੇ ਬੁਲਾਇਆ ਗਿਆ ਸੀ। ਉਸ ਥਾਂ 'ਤੇ ਉਸ ਦਿਨ ਹੋਰ ਵੀ ਕਈ ਸਮਾਗਮ ਹੋਣ ਕਾਰਨ ਅਤੇ ਸਹਿਰ ਵਿਚ ਟ੍ਰੈਫਿਕ ਦੀ ਭਾਰੀ ਸਮੱਸਿਆ ਹੋਣ ਕਾਰਨ ਇਥੋਂ ਇਹ ਨੁਮਾਇੰਦਾ ਇਕੱਠ ਦੀ ਜਗ੍ਹਾ ਬਦਲ ਕੇ ਉਸੇ ਦਿਨ ਹੀ ਇਹ ਨੁਮਾਇੰਦਾ ਇਕੱਠ ਜਲੰਧਰ ਨਕੋਦਰ ਰੋਡ 'ਤੇ ਸਥਿਤ ਰਾਇਲ ਰਿਟਰੀਟ ਰੀਜੋਰਟ ਨੇੜੇ (ਵੰਡਰਲੈਂਡ) ਹੋਵੇਗਾ।

# ਕਮਿਸ਼ਨਰੇਟ ਪੁਲਸ ਨੇ 14 ਸਰਾਬ ਦੀਆਂ ਪੇਟੀਆਂ ਸਮੇਤ ਦੋ ਨੂੰ ਕੀਤਾ ਗ੍ਰਿਫਤਾਰ

ਜਲੰਧਰ 16 ਫਰਵਰੀ। ਪੁਲਸ ਕਮਿਸਨਰ ਸ੍ਰੀ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਸਰਾਬ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ ਕਰਦਿਆਂ ਦੋ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 14 ਪੇਟੀਆਂ ਸਰਾਬ ਬਰਾਮਦ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਸੀ ਕਿ ਸਹਿਰ ਵਿੱਚ ਸਰਾਬ ਦੀ ਤਸਕਰੀ ਕਰਨ ਵਾਲਾ ਗਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਿਸ ਪਾਰਟੀ ਨੇ ਬਸੀਰਪੁਰਾ ਦੇ ਮੇਨ ਬਜਾਰ ਕੋਲ ਇੱਕ ਹੁੰਡਈ ਸੈਂਟਰੋ ਨੂੰ ਰਜਿਸਟ੍ਰੇਸਨ ਨੰਬਰ ਪੀ.ਬੀ.08 ਏ.ਯੂ.4295 ਰੋਕ ਕੇ ਚੈੱਕ ਕੀਤਾ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਨੇ ਕਾਰ ਦੀ ਤਲਾਸੀ ਦੌਰਾਨ ਕਾਰ ਵਿੱਚੋ 14 ਪੇਟੀਆਂ ਪੰਜਾਬ ਦੀ ਸਰਾਬ ਦੀਆਂ ਬਰਾਮਦ ਕੀਤੀਆਂ। ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਤੁਰੰਤ ਕਾਰ ਵਿਚ ਸਵਾਰ ਵਰਿੰਦਰ ਕੁਮਾਰ ਪੁੱਤਰ ਕਾਂਤਾ ਪਰਸਾਦ ਵਾਸੀ




ਮਕਾਨ ਨੰ: 128 ਕਮਲ ਵਿਹਾਰ ਬਸੀਰਪੁਰਾ ਜਲੰਧਰ ਅਤੇ ਨਰੇਸ ਕੁਮਾਰ ਪੁੱਤਰ ਰਾਮ ਅਵਤਾਰ ਵਾਸੀ ਗੁਰੂ ਨਾਨਕ ਪੁਰਾ ਜਲੰਧਰ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਸ ਵਾਰਦਾਤ ਵਿੱਚ ਇੱਕ ਹੋਰ ਮੁਲਜਮ ਬਲਦੇਵ ਸਿੰਘ ਪੁੱਤਰ ਰਤਨ ਲਾਲ ਵਾਸੀ ਕਮਲ ਵਿਹਾਰ ਜਲੰਧਰ ਵੀ ਸਾਮਲ ਸੀ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਖਿ਼ਲਾਫ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 41 ਮਿਤੀ 08-02-2024 ਅਧੀਨ 61-1-14, 78(2) ਆਬਕਾਰੀ ਐਕਟ ਦਰਜ ਕੀਤਾ ਗਿਆ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਦੋ ਮੁਲਜਮਾਂ ਨੂੰ ਸੈਂਟਰੋ ਕਾਰ ਪੀ.ਬੀ.08-ਏ.ਯੂ.-4295 ਸਮੇਤ 14 ਪੇਟੀਆਂ ਪੰਜਾਬ ਸਰਾਬ ਸਮੇਤ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਰਿੰਦਰ ਖਿਲਾਫ ਪਹਿਲਾਂ ਹੀ ਐਕਸਾਈਜ ਐਕਟ ਤਹਿਤ 24 ਮੁਕੱਦਮੇ ਦਰਜ ਹਨ ਜਦਕਿ ਨਰੇਸ ਕੁਮਾਰ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਮਿਲਿਆ ਹੈ। ਸ੍ਰੀ ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਪੰਜਾਬ 'ਚ ਵਿਗੜੇਗਾ ਮੌਸਮ, ਭਾਰੀ ਮੀਂਹ ਦਾ ਅਲਰਟ, ਕਿਤੇ ਜਾਣਾ ਹੈ ਤਾਂ ਸੋਚ-ਸਮਝ ਕੇ ਬਣਾਓ ਪਲਾਨ

ਚੰਡੀਗੜ੍ਹ 16 ਫਰਵਰੀ। ਪੰਜਾਬ 'ਚ ਮੌਸਮ ਨੂੰ ਲੈ ਕੇ ਵੱਡਾ ਬਦਲਾਅ ਦੇਖਣ ਨੂੰ ਮਿਲੇਗਾ। ਦਰਅਸਲ ਮੌਸਮ ਵਿਭਾਗ ਵਲੋਂ ਆਉਣ ਵਾਲੇ ਦਿਨਾਂ ਲਈ ਭਾਰੀ ਮੀਂਹ ਦਾ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਦੇ ਮੁਤਾਬਕ 17 ਫਰਵਰੀ ਨੂੰ ਵੈਸਟਰਨ ਡਿਸਟਰਬੈਂਸ ਸਰਗਰਮ ਹੋ ਰਿਹਾ ਹੈ। ਇਸ ਦੇ ਮੱਦੇਨਜਰ ਬਸੰਤ ਰੁੱਤ ਦਾ ਪਹਿਲਾ ਭਾਰੀ ਮੀਂਹ 18 ਅਤੇ 19 ਫਰਵਰੀ ਨੂੰ ਪੈਣ ਦੀ ਸੰਭਾਵਨਾ ਜਾਹਰ ਕੀਤੀ ਗਈ ਹੈ। ਇਸ ਕਾਰਨ ਪੰਜਾਬ ਦੇ ਜਿ਼ਆਦਾਤਰ ਇਲਾਕਿਆਂ 'ਚ ਬੱਦਲ ਛਾਏ ਰਹਿ ਸਕਦੇ ਹਨ ਅਤੇ ਫਿਰ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ 14 ਫਰਵਰੀ ਨੂੰ ਪੰਜਾਬ ਦੇ ਜਿ਼ਆਦਾਤਰ ਜਿ਼ਲ੍ਹਿਆਂ 'ਚ ਮੌਸਮ ਸਾਫ ਰਹੇਗਾ ਅਤੇ 16 ਫਰਵਰੀ ਨੂੰ ਕਈ ਜਿ਼ਲ੍ਹਿਆਂ 'ਚ ਹਲਕਾ ਮੀਂਹ ਪੈ ਸਕਦਾ ਹੈ, ਜਿਸ ਤੋਂ ਬਾਅਦ 18 ਅਤੇ 19 ਤਾਰੀਖ ਨੂੰ ਭਾਰੀ ਮੀਂਹ ਪਵੇਗਾ। ਮੌਸਮ ਵਿਭਾਗ ਦੇ ਮੁਤਾਬਕ ਠੰਡ ਦਾ ਮੌਸਮ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ। ਆਉਣ ਵਾਲੇ ਦਿਨਾਂ 'ਚ ਤਾਪਮਾਨ 'ਚ ਗਿਰਾਵਟ ਆ ਸਕਦੀ ਹੈ ਕਿਉਂਕਿ ਮੈਦਾਨੀ ਇਲਾਕਿਆਂ 'ਚ ਮੀਂਹ ਤੋਂ ਪਹਿਲਾਂ ਪਹਾੜੀ ਇਲਾਕਿਆਂ 'ਚ ਬਰਫਬਾਰੀ ਹੋਵੇਗੀ, ਜਿਸ ਕਾਰਨ ਠੰਡ ਹੋਰ ਵੀ ਜਿ਼ਆਦਾ ਵਧੇਗੀ।

# ਜਲੰਧਰ ਟ੍ਰੈਫਿਕ ਪੁਲਸ ਨੇ ਫਿਰ ਕੀਤੀ ਸਖਤੀ, 'ਨੋ ਆਟੋ ਜੋਨ' ਨੂੰ ਲੈ ਕੇ ਆਟੋ ਚਾਲਕਾਂ ਨੂੰ ਦਿੱਤੀ ਚਿਤਾਵਨੀ

ਜਲੰਧਰ 16 ਫਰਵਰੀ। 'ਨੋ ਆਟੋ ਜੋਨ' ਵਿਚ ਆਟੋ/ਈ-ਰਿਕਸ਼ਾ ਬਿਨਾਂ ਰੋਕ-ਟੋਕ ਦੇ ਚੱਲਣ ਦੇ ਵਿਚਕਾਰ ਟ੍ਰੈਫਿਕ ਪੁਲਸ ਨੇ ਦੋਬਾਰਾ ਸਖਤ ਰਵੱਈਆ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਬੀਤੇ ਦਿਨੀਂ ਏ. ਸੀ. ਪੀ. ਟ੍ਰੈਫਿਕ ਅਜਾਦ ਦਵਿੰਦਰ ਸਿੰਘ ਨੇ ਫੀਲਡ ਵਿਚ ਉਤਰ ਕੇ ਸ਼੍ਰੀ ਰਾਮ ਚੌਕ ਤੋਂ ਲੈ ਕੇ ਬਸਤੀ ਅੱਡਾ ਚੌਕ ਤਕ ਬਣਾਏ 'ਨੋ ਆਟੋ ਜੋਨ' ਦੀ ਸਮੀਖਿਆ ਕੀਤੀ ਅਤੇ ਹੁਕਮ ਦਿੱਤੇ ਕਿ ਜਿਹੜਾ ਵੀ ਆਟੋ ਜਾਂ ਈ-ਰਿਕਸ਼ਾ 'ਨੋ ਆਟੋ ਜੋਨ' ਦਾਖਲ ਹੁੰਦਾ ਹੈ, ਉਸ ਨੂੰ ਇੰਪਾਊਂਡ ਕੀਤਾ ਜਾਵੇ। ਏ. ਸੀ. ਪੀ. ਨੇ ਚਾਰਾਂ ਜੋਨ ਇੰਚਾਰਜਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਸੜਕਾਂ ਤੋਂ ਲੈ ਕੇ ਫੁੱਟਪਾਥ 'ਤੇ ਕਿਸੇ ਵੀ ਹਾਲਤ ਵਿਚ ਕਬਜੇ ਨਾ ਹੋਣ ਦਿੱਤੇ। ਜੇਕਰ ਕਿਸੇ ਨੇ ਕਬਜਾ ਕੀਤਾ ਤਾਂ ਉਸ ਦੀ ਜਵਾਬਦੇਹੀ ਜੋਨ ਇੰਚਾਰਜ ਦੀ ਹੋਵੇਗੀ। ਟ੍ਰੈਫਿਕ ਪੁਲਸ ਨੇ ਵੀਰਵਾਰ ਤੋਂ 'ਨੋ ਆਟੋ ਜੋਨ' ਵਿਚ ਦਾਖਲ ਹੋਣ ਵਾਲੇ ਆਟੋ ਅਤੇ ਈ-ਰਿਕਸ਼ਾ ਦੇ ਚਲਾਨ ਕੱਟੇ ਅਤੇ ਕੁਝ ਇੰਪਾਊਂਡ ਵੀ




ਕੀਤੇ। ਗੁਰੂ ਨਾਨਕ ਮਿਸ਼ਨ ਚੌਕ 'ਚ ਲੱਗੇ ਨਾਕੇ 'ਤੇ ਰੋਕੇ ਈ-ਰਿਕਸ਼ਾ ਦਾ ਚਾਲਕ ਸ਼ਰਾਬ ਦੇ ਨਸ਼ੇ ਵਿਚ ਪਾਇਆ ਗਿਆ, ਜਿਸ ਦਾ ਈ-ਰਿਕਸ਼ਾ ਟ੍ਰੈਫਿਕ ਪੁਲਸ ਨੇ ਇੰਪਾਊਂਡ ਕਰ ਦਿੱਤਾ ਅਤੇ ਡਰੰਕ ਐਂਡ ਡਰਾਈਵ ਦਾ ਚਲਾਨ ਵੀ ਕੱਟਿਆ। ਹਾਲ ਹੀ ਵਿਚ 'ਜਗ ਬਾਣੀ' ਨੇ 'ਨੋ ਆਟੋ ਜੋਨ' ਵਿਚ ਬਿਨਾਂ ਰੋਕ-ਟੋਕ ਦੇ ਆਟੋ ਅਤੇ ਈ-ਰਿਕਸ਼ਾ ਚੱਲਣ ਦੇ ਸੰਬੰਧ ਵਿਚ ਖਬਰ ਪ੍ਰਕਾਸ਼ਿਤ ਕੀਤੀ ਸੀ, ਜਿਸ ਤੋਂ ਬਾਅਦ ਟ੍ਰੈਫਿਕ ਪੁਲਸ ਨੇ ਸਖਤ ਰਵੱਈਆ ਅਪਣਾਇਆ। ਏ. ਸੀ. ਪੀ. ਆਜਾਦ ਦਵਿੰਦਰ ਸਿੰਘ ਨੇ ਕਿਹਾ ਕਿ ਹਰ ਰੋਜ ਉਹ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੀ ਚੈਕਿੰਗ ਕਰਨਗੇ। ਖਾਸ ਕਰਕੇ 'ਨੋ ਆਟੋ ਜੋਨ' 'ਤੇ ਧਿਆਨ ਦਿੱਤਾ ਜਾਵੇਗਾ। ਭਗਵਾਨ ਵਾਲਮੀਕਿ ਚੌਂਕ 'ਤੇ ਤਾਇਨਾਤ ਟ੍ਰੈਫਿਕ ਕਰਮਚਾਰੀਆਂ ਨੂੰ ਵੀ ਖਾਸ ਹਦਾਇਤਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਆਟੋ ਅਤੇ ਈ-ਰਿਕਸ਼ਾ ਚਾਲਕ ਕਿਸੇ ਵੀ ਹਾਲਤ ਵਿਚ 'ਨੋ ਆਟੋ ਜੋਨ' ਵਿਚ ਨਾ ਵੜਨ, ਨਹੀਂ ਤਾਂ ਉਨ੍ਹਾਂ ਦੇ ਵਾਹਨ ਇੰਪਾਊਂਡ ਕੀਤੇ ਜਾਣਗੇ।

## ਸ਼ਰਾਬ ਦੇ ਨਸ਼ੇ 'ਚ ਵਿਅਕਤੀ ਨੇ ਖੁਦ ਨੂੰ ਲਾਈ ਅੱਗ, ਪਤਨੀ ਰੁੱਸ ਕੇ ਗਈ ਸੀ ਪੇਕੇ

ਮੁੱਲਾਂਪੁਰ ਦਾਖਾ 16 ਫਰਵਰੀ। ਮੁੱਲਾਂਪੁਰ ਦਾਖਾ ਦੇ ਨੇੜਲੇ ਪਿੰਡ ਜਾਂਗਪੁਰ 'ਚ ਬੀਤੀ ਰਾਤ ਸ਼ਰਾਬ ਦੇ ਨਸ਼ੇ 'ਚ ਇੱਕ ਵਿਅਕਤੀ ਨੇ ਖੁਦ ਨੂੰ ਕਮਰੇ 'ਚ ਬੰਦ ਕਰਕੇ ਅੱਗ ਲਗਾ ਲਈ। ਅੱਗ ਦੀਆਂ ਲਪਟਾਂ 'ਚ ਚੀਕਣ ਦੀ ਆਵਾਜ ਸੁਣ ਕੇ ਨੇੜਲੇ ਕਮਰੇ 'ਚ ਰਹਿ ਰਹੇ ਲੋਕਾਂ ਨੇ ਤੁਰੰਤ ਝੁਲਸੇ ਵਿਅਕਤੀ 'ਤੇ ਪਾਣੀ ਅਤੇ ਕੰਬਲ ਪਾ ਕੇ ਅੱਗ ਬੁਝਾਈ। ਉਸ ਸਮੇਂ ਤੱਕ ਉਹ ਕਾਫੀ ਝੁਲਸ ਚੁਕਾ ਸੀ। ਉਸ ਨੂੰ ਕਰੀਬ 11.30 ਵਜੇ ਨਿੱਜੀ ਹਸਪਤਾਲ ਲਿਜਾਇਆ ਗਿਆ। ਝੁਲਸੇ ਹੋਏ ਵਿਅਕਤੀ ਦੀ ਪਛਾਣ ਜਤਿੰਦਰ ਵਜੋਂ ਹੋਈ ਹੈ। ਡਾਕਟਰਾਂ ਮੁਤਾਬਕ ਜਤਿੰਦਰ ਕਰੀਬ 80 ਫ਼ੀਸਦੀ ਝੁਲਸ ਚੁੱਕਿਆ ਹੈ। ਸਿਰਫ ਉਸ ਦੇ ਗੋਡੇ ਹੀਬਚੇ ਹਨ। ਡਾਕਟਰਾਂ ਨੇ ਉਸਦੀ ਹਾਲਤ ਨਾਜੁਕ ਦੇਖ ਕੇ ਤੁਰੰਤ ਉਸ ਨੂੰ ਪੀ. ਜੀ. ਆਈ. ਹਸਪਤਾਲ ਰੈਫਰ ਕਰ ਦਿੱਤਾ। ਜਤਿੰਦਰ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਪਿਛਲੇ 3 ਦਿਨ ਤੋਂ ਪਤਨੀ ਦੇ ਨਾਲ ਉਸ ਦਾ ਝਗੜਾ ਚੱਲ ਰਿਹਾ ਸੀ ਅਤੇ ਉਹ ਪੇਕੇ ਗਈ ਹੋਈ ਸੀ। ਇਸ ਕਾਰਨ ਜਤਿੰਦਰ ਕਮਰੇ 'ਚ ਸ਼ਰਾਬ ਪੀ ਕੇ ਇਕੱਲਾ ਬੈਠਾ ਸੀ। ਅਚਾਨਕ ਉਸ ਨੇ ਖੁਦ 'ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਲਈ। ਜਤਿੰਦਰ ਦੇ 2 ਬੱਚੇ ਇੱਕ 7 ਸਾਲ ਦੀ ਧੀ ਅਤੇ 8 ਸਾਲ ਦਾ ਪੁੱਤਰ ਹੈ। ਫਿਲਹਾਲ ਇਸ ਕੇਸ ਦੀ ਜਾਂਚ ਏ. ਐੱਸ. ਆਈ. ਤਰਸੇਮ ਸਿੰਘ ਵਲੋਂ ਕੀਤੀ ਜਾ ਰਹੀ ਹੈ।

# ਇੰਪੋਰਟ ਡਿਊਟੀ ਘਟਾਉਣ ਦੀ ਤਿਆਰੀ 'ਚ ਸਰਕਾਰ, ਟੈਸਲਾ ਨੂੰ ਹੋ ਸਕਦਾ ਹੈ ਫਾਇਦਾ

ਆਟੋ ਡੈਸਕ 16 ਫਰਵਰੀ। ਅਮਰੀਕੀ ਇਲੈਕਟ੍ਰਿਕ ਵਾਹਨ ਨਿਰਮਾਤਾ ਕੰਪਨੀ ਟੇਸਲਾ ਜਲਦ ਹੀ ਭਾਰਤ 'ਚ ਦੁਕਾਨ ਸੁਰੂ ਕਰ ਸਕਦੀ ਹੈ। ਸਰਕਾਰ 30 ਲੱਖ ਰੁਪਏ (ਲਗਭਗ 36,000 ਡਾਲਰ) ਤੋਂ ਵੱਧ ਕੀਮਤ ਵਾਲੀਆਂ ਇਲੈਕਟ੍ਰਿਕ ਕਾਰਾਂ 'ਤੇ ਰਿਆਇਤੀ ਦਰਾਮਦ ਡਿਊਟੀ ਨੂੰ 2-3 ਸਾਲਾਂ ਲਈ ਵਧਾਉਣ ਲਈ ਨੀਤੀ ਨੂੰ ਅੰਤਿਮ ਰੂਪ ਦੇਣ ਦੇ ਨੇੜੇ ਹੈ। ਘਟਨਾਕ੍ਰਮ ਤੋਂ ਜਾਣੂ ਲੋਕਾਂ ਨੇ ਨੂੰ ਦੱਸਿਆ ਕਿ ਭਾਰਤ ਵਿੱਚ ਇਲੈਕਟ੍ਰਿਕ ਵਾਹਨ ਫੈਕਟਰੀ ਬਣਾਉਣ ਲਈ ਆਪਣੇ ਪ੍ਰਸਤਾਵਿਤ ਨਿਵੇਸ ਲਈ ਟੇਸਲਾ ਬੈਂਕ ਗਾਰੰਟੀ ਦੇ ਬਦਲੇ ਘੱਟ ਆਯਾਤ ਡਿਊਟੀ ਦੀ ਪੇਸਕਸ ਕਰਨ ਦੀ ਸੰਭਾਵਨਾ ਹੈ। ਭਾਰਤ 40,000 ਡਾਲਰ (ਲਗਭਗ 33 ਲੱਖ ਰੁਪਏ) ਤੋਂ ਵੱਧ ਕੀਮਤ, ਬੀਮਾ ਅਤੇ ਮਾਲ ਭਾੜੇ ਵਾਲੀਆਂ ਕਾਰਾਂ 'ਤੇ 100 ਫੀਸਦੀ ਆਯਾਤ ਡਿਊਟੀ ਅਤੇ ਇਸ ਸੀਮਾ ਤੋਂ ਘੱਟ ਕਾਰਾਂ 'ਤੇ 60 ਫੀਸਦੀ ਆਯਾਤ ਡਿਊਟੀ ਲਗਾਉਂਦਾ ਹੈ। ਈਟੀ ਨੇ ਰਿਪੋਰਟ ਦਿੱਤੀ ਸੀ ਕਿ ਜੇਕਰ ਭਾਰਤ ਸਰਕਾਰ ਸੰਚਾਲਨ ਦੇ ਪਹਿਲੇ ਦੋ ਸਾਲਾਂ ਵਿੱਚ ਆਯਾਤ ਇਲੈਕਟ੍ਰਿਕ ਕਾਰਾਂ 'ਤੇ 15 ਫੀਸਦੀ ਘੱਟ ਦਰਾਮਦ ਡਿਊਟੀ ਦੀ ਪੇਸਕਸ ਕਰਦੀ ਹੈ ਤਾਂ ਟੇਸਲਾ 2 ਬਿਲੀਅਨ ਡਾਲਰ ਤੱਕ ਨਿਵੇਸ ਕਰਨ ਲਈ ਤਿਆਰ ਹੈ। ਕੇਂਦਰ ਚਾਹੁੰਦਾ ਹੈ ਕਿ ਵਿਦੇਸੀ ਵਾਹਨ ਨਿਰਮਾਤਾ ਵੱਡੇ ਅਤੇ ਵਧ ਰਹੇ ਭਾਰਤੀ ਬਾਜਾਰ ਵਿੱਚ ਦਾਖਲ ਹੋਵੇ ਅਤੇ ਸਥਾਨਕ ਨਿਰਮਾਣ ਦੁਆਰਾ ਇਲੈਕਟ੍ਰਿਕ ਵਾਹਨਾਂ ਦੀਆਂ ਕੀਮਤਾਂ ਨੂੰ ਘੱਟ ਕਰਦੇ ਹੋਏ ਰੁਜਗਾਰ ਸਿਰਜਣ ਨੂੰ ਹੁਲਾਰਾ ਦੇਣ ਲਈ ਸਥਾਨਕ ਨਿਰਮਾਣ ਦੀਆਂ ਯੋਜਨਾਵਾਂ ਵਿੱਚ ਤੇਜੀ ਲਿਆਉਣ। ਸਰਕਾਰ ਬੈਂਕ ਗਾਰੰਟੀ ਦੇ ਆਧਾਰ 'ਤੇ ਦਰਾਮਦ ਡਿਊਟੀ ਨੂੰ ਅਸਥਾਈ ਤੌਰ 'ਤੇ ਘਟਾਉਣ 'ਤੇ ਵਿਚਾਰ ਕਰ ਰਹੀ ਹੈ। ਬੈਂਕ ਗਾਰੰਟੀ ਦੀ ਮਾਤਰਾ ਅਜੇ ਨਿਰਧਾਰਤ ਨਹੀਂ ਕੀਤੀ ਗਈ ਹੈ, ਪਰ ਵਿਚਾਰ ਇਹ ਹੈ ਕਿ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਕੰਪਨੀਆਂ ਸਮੇਂ ਸਿਰ ਨਿਵੇਸ ਕਰਨ ਅਤੇ ਸਥਾਨਕ ਫੈਕਟਰੀਆਂ ਸਥਾਪਤ ਕਰਨ। ਉਦਯੋਗ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ ਹਾਲਾਂਕਿ ਉਦਯੋਗ ਨੇ ਅਜੇ ਤੱਕ ਰਸਮੀ ਤੌਰ 'ਤੇ ਸਰਕਾਰ ਨੂੰ ਕੋਈ ਇਤਰਾਜ ਨਹੀਂ ਜਤਾਇਆ ਪਰ ਬਹੁਤ ਸਾਰੇ ਕਾਰ ਨਿਰਮਾਤਾ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਆਯਾਤ ਡਿਊਟੀ ਵਿਚ ਕਿਸੇ ਵੀ ਤਰ੍ਹਾਂ ਦੀ ਕਟੌਤੀ ਨਾਲ ਅਮਰੀਕੀ ਕਾਰ ਨਿਰਮਾਤਾਵਾਂ ਨੂੰ ਨਾਜਾਇਜ ਫਾਇਦਾ ਹੋਵੇਗਾ। ਪਿਛਲੇ ਮਹੀਨੇ ਮਹਿੰਦਰਾ ਐਂਡ ਮਹਿੰਦਰਾ (×) ਦੇ ਮੈਨੇਜਿੰਗ ਡਾਇਰੈਕਟਰ ਅਨੀਸ ਸਾਹ ਨੇ ਕਿਹਾ ਸੀ ਕਿ ਉਨ੍ਹਾਂ ਦੀ ਕੰਪਨੀ ਨੇ ਸਰਕਾਰੀ ਅਧਿਕਾਰੀਆਂ ਨੂੰ ਨੁਮਾਇੰਦਗੀ ਦਿੱਤੀ ਹੈ ਅਤੇ ਕਿਹਾ ਹੈ ਕਿ ਗਲੋਬਲ ਈਵੀ ਨਿਰਮਾਤਾਵਾਂ ਨੂੰ ਭਾਰਤ ਵਿੱਚ ਨਿਵੇਸ ਕਰਨ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

## ਤੇਜ ਰਫਤਾਰ ਟਿੱਪਰ ਨੇ ਕਾਰ ਚਾਲਕ ਨੂੰ ਮਾਰੀ ਟੱਕਰ

ਲੁਧਿਆਣਾ 16 ਫਰਵਰੀ। ਹੰਬੜਾਂ ਰੋਡ 'ਤੇ ਤੇਜ ਰਫਤਾਰ ਟਿੱਪਰ ਨੇ ਇਕ ਕਾਰ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਜ਼ਖਮੀ ਹੋਏ ਕਾਰ ਚਾਲਕ ਦੀ ਮੌਤ ਹੋ ਗਈ। ਮ੍ਰਿਤਕ ਅਤੁਲ ਥਾਪਰ (30) ਹੈ, ਜੋ ਬਾੜੇਵਾਲ ਰੋਡ ਦਾ ਰਹਿਣ ਵਾਲਾ ਹੈ। ਹਾਦਸੇ ਤੋਂ ਬਾਅਦ ਟਿੱਪਰ ਛੱਡ ਕੇ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਸੂਚਨਾ ਤੋਂ ਬਾਅਦ ਪੁੱਜੀ ਥਾਣਾ ਪੀ. ਏ. ਯੂ. ਦੀ ਪੁਲਸ ਨੇ ਲਾਸ਼ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਪਹੁੰਚਾਈ। ਇਸ ਮਾਮਲੇ 'ਚ ਥਾਣਾ ਪੀ. ਏ. ਯੂ. ਦੀ ਪੁਲਸ ਨੇ ਟਿੱਪਰ ਕਬਜ਼ੇ 'ਚ ਲੈ ਕੇ ਅਣਪਛਾਤੇ ਡਰਾਈਵਰ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਸ਼ਿਕਾਇਤ 'ਚ ਮੁਨੀਸ਼ ਥਾਪਰ ਨੇ ਦੱਸਿਆ ਕਿ ਅਤੁਲ ਥਾਪਰ ਉਸ ਦਾ ਭਤੀਜਾ ਹੈ, ਜੋ ਆਪਣੀ ਕਾਰ ਲੈ ਕੇ ਬਾਈਪਾਸ ਦੱਖਣੀ ਜਾ ਰਿਹਾ ਸੀ। ਜਦੋਂ ਉਹ ਹੰਬੜਾਂ ਰੋਡ ਤੋਂ ਜਾ ਰਿਹਾ ਸੀ ਤਾਂ ਅਚਾਨਕ ਪਿੱਛੋਂ ਆਏ ਤੇਜ ਰਫਤਾਰ ਟਿੱਪਰ ਨੇ ਉਸ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਉਸ ਦੇ ਭਤੀਜੇ ਨੂੰ ਕਾਫੀ ਸੱਟਾਂ ਲੱਗੀਆਂ, ਜਿਸ ਤੋਂ ਬਾਅਦ ਰਾਹਗੀਰਾਂ ਦੀ ਮਦਦ ਨਾਲ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮਰਿਆ ਹੋਇਆ ਐਲਾਨ ਦਿੱਤਾ। ਉੱਧਰ, ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।

## ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ ਵਿਚ ਇਕ ਨਾਮਜ਼ਦ

ਫਿਰੋਜ਼ਪੁਰ 16 ਫਰਵਰੀ। ਨਾਬਾਲਿਗ ਕੁੜੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ ਵਿਚ ਥਾਣਾ ਕੁੱਲਗੜ੍ਹੀ ਪੁਲਸ ਨੇ ਇਕ ਵਿਅਕਤੀ ਖਿ਼ਲਾਫ 363, 366-ਏ ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਾਬਾਲਿਗ ਲੜਕੀ ਦੀ ਨਾਨੀ ਨੇ ਦੱਸਿਆ ਕਿ ਉਸ ਦੀ ਨਾਬਾਲਿਗ ਦੋਹਤੀ (14-15 ਸਾਲ) ਉਨ੍ਹਾਂ ਕੋਲ ਛੋਟੇ ਹੁੰਦੇ ਤੋਂ ਰਹਿ ਰਹੀ ਹੈ ਅਤੇ ਜਿਸ ਦਾ ਪਾਲਣ ਪੋਸ਼ਣ ਉਸ ਨੇ ਹੀ ਕੀਤਾ ਹੈ। ਉਕਤ ਨੇ ਦੱਸਿਆ ਕਿ ਮਿਤੀ 10 ਫਰਵਰੀ 2024 ਨੂੰ ਉਹ ਆਪਣੇ ਪਰਿਵਾਰ ਨਾਲ ਮਿਹਨਤ ਮਜ਼ਦੂਰੀ ਕਰਨ ਲਈ ਘਰੋਂ ਬਾਹਰ ਗਏ ਹੋਏ ਸੀ ਤਾਂ ਦਿਨ ਸਮੇਂ ਕਰੀਬ 2 ਵਜੇ ਦੁਪਹਿਰ ਉਸ ਦੇ ਘਰ ਦੇ ਸਾਹਮਣੇ ਰਹਿੰਦਾ ਨਿਸ਼ਾਨ ਸਿੰਘ ਪੁੱਤਰ ਕਾਕਾ ਜੋ ਉਸ ਦੀ ਦੋਹਤੀ ਨੂੰ ਵਿਆਹ ਕਾ ਝਾਂਸਾ ਦੇ ਕੇ ਵਰਗਲਾ ਕੇ ਭਜਾ ਕੇ ਲੈ ਗਿਆ।

# ਚੀਨ ਅਤੇ ਹਾਂਗਕਾਂਗ ਦੇ ਨਿਵੇਸ਼ਕਾਂ ਨੂੰ ਝਟਕਾ, ਜਨਵਰੀ 'ਚ 124 ਲੱਖ ਕਰੋੜ ਰੁਪਏ ਡੁੱਬੇ

ਬੀਜਿੰਗ 16 ਫਰਵਰੀ। ਇਸ ਸਾਲ ਚੀਨ ਦੇ ਸੇਅਰ ਬਾਜਾਰ 'ਚ ਪੈਸਾ ਲਗਾਉਣ ਵਾਲੇ ਨਿਵੇਸਕਾਂ ਨੂੰ ਭਾਰੀ ਝਟਕੇ ਲੱਗ ਰਹੇ ਹਨ। ਜਿੱਥੇ ਅਮਰੀਕਾ ਦਾ × 500 ਸੂਚਕਾਂਕ ਰਿਕਾਰਡ ਉਚਾਈ 'ਤੇ ਹੈ, ਉੱਥੇ ਚੀਨ ਅਤੇ ਹਾਂਗਕਾਂਗ ਦੇ ਸੇਅਰ ਬਾਜਾਰਾਂ 'ਚ ਜਨਵਰੀ ਮਹੀਨੇ 'ਚ ਹੀ 124.50 ਲੱਖ ਕਰੋੜ ਰੁਪਏ ਦੀ ਗਿਰਾਵਟ ਦਰਜ ਕੀਤੀ ਗਈ ਹੈ। ਪ੍ਰਚੂਨ ਨਿਵੇਸਕਾਂ ਨੇ ਚੀਨੀ ਸੋਸਲ ਮੀਡੀਆ 'ਤੇ ਆਪਣੀ ਨਿਰਾਸਾ ਜਾਹਰ ਕੀਤੀ ਹੈ। ਰਾਸਟਰਪਤੀ ਸੀ ਜਿਨ ਪਿੰਗ ਨੂੰ 6 ਫਰਵਰੀ ਨੂੰ ਬਾਜਾਰ ਦੀ ਸਥਿਤੀ ਬਾਰੇ ਸੂਚਿਤ ਕੀਤਾ ਗਿਆ ਸੀ। ਅਗਲੇ ਦਿਨ, ਸਟਾਕ ਮਾਰਕੀਟ ਰੈਗੂਲੇਟਰ ਨੂੰ ਹਟਾ ਦਿੱਤਾ ਗਿਆ ਸੀ। ਸਰਕਾਰੀ ਕੰਪਨੀਆਂ ਦੇ ਸੇਅਰਾਂ ਦੀ ਖਰੀਦਦਾਰੀ ਨਾਲ ਬਾਜਾਰ ਨੂੰ ਕੁਝ ਸਮਰਥਨ ਮਿਲਿਆ ਹੈ। ਦੂਜੇ ਪਾਸੇ ਪ੍ਰਾਪਰਟੀ ਦੇ ਮੁੱਲਾਂ ਵਿੱਚ ਗਿਰਾਵਟ ਕਾਰਨ ਪ੍ਰਾਪਰਟੀ ਮਾਰਕੀਟ ਵਿੱਚ ਸੰਕਟ ਵਧ ਗਿਆ ਹੈ। ਅਸਲ 'ਚ ਚੀਨ ਦੀ ਅਰਥਵਿਵਸਥਾ 'ਚ ਗਿਰਾਵਟ ਦਾ ਅਸਰ ਸੇਅਰ ਬਾਜਾਰ 'ਚ ਨਜਰ ਆ ਰਿਹਾ ਹੈ। ਚੀਨ ਅਤੇ ਹਾਂਗਕਾਂਗ ਦੇ ਸੇਅਰ ਬਾਜਾਰਾਂ ਦੀ ਕੀਮਤ 2021 ਦੇ ਸਿਖਰ ਤੋਂ ਲਗਭਗ 581 ਲੱਖ ਕਰੋੜ ਰੁਪਏ ਘੱਟ ਗਈ ਹੈ। ਅਮਰੀਕਾ ਦੇ ਸੇਅਰ ਬਾਜਾਰ 'ਚ 14 ਫੀਸਦੀ ਅਤੇ ਭਾਰਤ 'ਚ 60 ਫੀਸਦੀ ਵਾਧੇ ਦੇ ਵਿਚਕਾਰ ਚੀਨ ਅਤੇ ਹਾਂਗਕਾਂਗ 'ਚ 35 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਉਤਰਾਅ-ਚੜ੍ਹਾਅ ਦੀ ਇਹ ਸਥਿਤੀ ਇੱਕ ਬੁਨਿਆਦੀ ਸਮੱਸਿਆ ਦੀ ਨਿਸਾਨੀ ਹੈ। ਇੱਕ ਸਮੇਂ, ਵਿਦੇਸੀ ਅਤੇ ਘਰੇਲੂ ਨਿਵੇਸਕ ਚੀਨੀ ਸਰਕਾਰ ਨੂੰ ਆਰਥਿਕਤਾ ਦਾ ਇੱਕ ਭਰੋਸੇਯੋਗ ਸੰਚਾਲਕ ਮੰਨਦੇ ਸਨ। ਹੁਣ ਇਹ ਭਰੋਸਾ ਟੁੱਟ ਗਿਆ ਹੈ। ਸੀ ਦੀਆਂ ਨੀਤੀਆਂ ਨੇ ਆਰਥਿਕਤਾ ਨੂੰ ਪਟੜੀ ਤੋਂ ਉਤਾਰ ਦਿੱਤਾ ਹੈ। 2020 ਵਿੱਚ ਟੈਕਨਾਲੋਜੀ ਕੰਪਨੀਆਂ 'ਤੇ ਕਾਰਵਾਈ ਨੇ ਨਿਵੇਸਕਾਂ ਦੇ ਵਿਸਵਾਸ ਨੂੰ ਹਿਲਾ ਦਿੱਤਾ ਹੈ। ਜੀਰੋ ਕੋਵਿਡ ਨੀਤੀ ਘਾਤਕ ਸਾਬਤ ਹੋਈ ਹੈ। ਪ੍ਰਾਪਰਟੀ ਬਜਾਰ ਦੇ ਸੰਕਟ ਨੇ ਲੋਕਾਂ ਦੀ ਬੱਚਤ ਨੂੰ ਪ੍ਰਭਾਵਿਤ ਕੀਤਾ ਹੈ। ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਤਿੱਖੀ ਗਿਰਾਵਟ ਕਾਰਨ ਅਰਥਵਿਵਸਥਾ ਮਹਿੰਗਾਈ ਦੇ ਚੱਕਰ ਵਿੱਚ ਫਸ ਗਈ ਹੈ। ਜਨਵਰੀ ਵਿੱਚ ਜਾਇਦਾਦ ਦੀਆਂ ਕੀਮਤਾਂ ਵਿੱਚ ਤੇਜੀ ਨਾਲ ਗਿਰਾਵਟ ਆਈ ਹੈ। ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਆਰਥਿਕ ਪੈਕੇਜ ਦੇਣ ਦੀ ਬਜਾਏ, ਸਰਕਾਰ ਤਕਨਾਲੋਜੀ ਵਰਗੇ ਉੱਚ ਗੁਣਵੱਤਾ ਵਾਲੇ ਖੇਤਰਾਂ ਵਿੱਚ ਵਿਕਾਸ 'ਤੇ ਧਿਆਨ ਦੇ ਰਹੀ ਹੈ। ਵਧਦੇ ਸੰਕਟ ਵਿਚਕਾਰ, ਸਰਕਾਰ ਨੇ ਸਾਰਟ ਸੇਲਿੰਗ 'ਤੇ ਰੋਕ ਲਗਾ ਦਿੱਤੀ ਹੈ। ਸਰਕਾਰੀ ਕੰਪਨੀਆਂ ਨੂੰ ਸੇਅਰ ਖਰੀਦਣ ਦੇ ਆਦੇਸ ਦਿੱਤੇ ਗਏ ਹਨ ਪਰ ਇਸ ਤਰ੍ਹਾਂ ਦੀ ਦਖਲਅੰਦਾਜੀ ਚੀਨੀ ਬਾਜਾਰ 'ਚ ਅਵਿਸਵਾਸ ਨੂੰ ਹੋਰ ਵਧਾਏਗੀ। ਵੱਡੀਆਂ ਤਬਦੀਲੀਆਂ ਲਿਆਉਣ ਦੀ ਬਜਾਏ, ਸੀ ਜਿਨਪਿੰਗ ਚੀਜਾਂ ਨੂੰ ਹੋਰ ਖਰਾਬ ਕਰ ਰਹੇ ਹਨ। ਪਿਛਲੇ ਕਈ ਮਹੀਨਿਆਂ ਤੋਂ ਵਿਦੇਸੀ ਨਿਵੇਸਕ ਚੀਨੀ ਬਾਜਾਰਾਂ ਤੋਂ ਪੈਸਾ ਕੱਢ ਰਹੇ ਹਨ। ਹੁਣ ਨਿਵੇਸਕਾਂ ਦੀ ਨਜਰ ਭਾਰਤ ਅਤੇ ਜਾਪਾਨ 'ਤੇ ਹੈ। ਹਾਂਗਕਾਂਗ ਦੀ ਮਾਰਕੀਟ ਵੀ ਬੁਰੀ ਹਾਲਤ ਵਿੱਚ ਹੈ। ਚੀਨੀ ਕੰਪਨੀਆਂ ਇਸ ਦੇ ਬਾਜਾਰ ਮੁੱਲ ਦਾ ਤਿੰਨ-ਚੌਥਾਈ ਹਿੱਸਾ ਬਣਦੀਆਂ ਹਨ। ਭਾਰਤੀ ਸਟਾਕ ਮਾਰਕੀਟ ਹਾਂਗਕਾਂਗ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਬਾਜਾਰ ਬਣ ਗਿਆ ਹੈ। ਹੁਣ ਨਿਵੇਸਕਾਂ ਦਾ ਭਰੋਸਾ ਚੀਨ 'ਤੇ ਵੀ ਡਿੱਗ ਰਿਹਾ ਹੈ।

### ਕਿਸਾਨ ਅੰਦੋਲਨ ਨੂੰ ਲੈ ਕੇ ਹਰਿਆਣਾ ਸਰਕਾਰ ਦਾ ਵੱਡਾ ਐਲਾਨ, 17 ਫਰਵਰੀ ਤੱਕ ਇੰਟਰਨੈੱਟ ਸੇਵਾ ਕੀਤੀ ਬੰਦ

ਨੈਸ਼ਨਲ ਡੈਸਕ 16 ਫਰਵਰੀ। ਕਿਸਾਨਾਂ ਦੇ ਦਿੱਲੂ ਕੂਚ ਦੇ ਮੱਦੇਨਜਰ ਹਰਿਆਣਾ ਸਰਕਾਰ ਨੇ ਵੱਡਾ ਐਲਾਨ ਕੀਤਾ ਹੈ। ਹਰਿਆਣਾ ਦੇ 7 ਜਿ਼ਲ੍ਹਿਆਂ 'ਚ ਇੰਟਰਨੈੱਟ ਸੇਵਾ ਪਹਿਲਾਂ 13 ਫਰਵਰੀ ਤੱਕ ਬੰਦ ਕਰ ਦਿੱਤੀ ਗਈ ਸੀ, ਜਿਸ ਨੂੰ ਵਧਾ ਕੇ 16 ਫਰਵਰੀ ਤੱਕ ਕਰ ਦਿੱਤਾ ਗਿਆ ਸੀ। ਹੁਣ ਹਰਿਆਣਾ ਸਰਕਾਰ ਨੇ ਇਕ ਵਾਰ ਫਿਰ ਤੋਂ ਇਸ ਪਾਬੰਦੀ 'ਚ ਵਾਧਾ ਕਰਦਿਆਂ ਇੰਟਰਨੈੱਟ ਸੇਵਾ ਨੂੰ 17 ਫਰਵਰੀ ਤੱਕ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਸਰਕਾਰ ਨੇ ਅੰਬਾਲਾ, ਕੁਰੂਕਸ਼ੇਤਰ, ਕੈਥਲ, ਜੀਂਦ, ਹਿਸਾਰ, ਫਤਿਹਾਬਾਦ ਤੇ ਸਿਰਸਾ ਜਿ਼ਲ੍ਹਿਆਂ 'ਚ ਇੰਟਰਨੈੱਟ 17 ਫਰਵਰੀ ਰਾਤ 12 ਵਜੇ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਹੈ। ਜਿ਼ਕਰਯੋਗ ਹੈ ਕਿ ਕਿਸਾਨ ਫਸਲਾਂ 'ਤੇ ਐੱਮ.ਐੱਸ.ਪੀ. ਦੀ ਗਾਰੰਟੀ ਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਸਾਲ 2021 ਦੇ ਵਾਅਦੇ ਨੂੰ ਨਾ ਨਿਭਾਉਣ ਕਾਰਨ ਦਿੱਲੀ ਪ੍ਰਦਰਸ਼ਨ ਕਰਨ ਜਾ ਰਹੇ ਹਨ, ਜਿਨ੍ਹਾਂ ਨੂੰ ਹਰਿਆਣਾ ਸਰਕਾਰ ਵੱਲੋਂ ਸ਼ੰਭੂ ਬਾਰਡਰ 'ਤੇ ਰੋਕਿਆ ਗਿਆ ਹੈ। ਇਸ ਦੌਰਾਨ ਹਰਿਆਣਾ ਪੁਲਸ ਵੱਲੋਂ ਕੀਤੇ ਜਾ ਰਹੇ ਅੱਥਰੂ ਗੈਸ ਦੇ ਹਮਲਿਆਂ 'ਚ ਕਈ ਕਿਸਾਨ ਜਖਮੀ ਵੀ ਹੋਏ ਹਨ। ਇਸ ਮਾਮਲੇ 'ਚ ਅੱਜ ਕਿਸਾਨਾਂ ਅਤੇ ਕੇਂਦਰੀ ਮੰਤਰੀਆਂ ਵਿਚਾਲੇ ਚੰਡੀਗੜ੍ਹ ਵਿਖੇ ਮੀਟਿੰਗ ਵੀ ਸੱਦੀ ਗਈ ਹੈ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ 'ਚ ਸਰਕਾਰੀ ਬੱਸਾਂ ਨੂੰ ਲੈ ਕੇ ਆਈ ਜਰੂਰੀ ਖਬਰ ! ਘਰੋਂ ਨਿਕਲਣ ਤੋਂ ਪਹਿਲਾਂ ਸੋਚ-ਸਮਝ ਲਓ

ਲੁਧਿਆਣਾ 16 ਫਰਵਰੀ। ਪੰਜਾਬ 'ਚ 'ਭਾਰਤ ਬੰਦ' ਕਾਰਨ ਭਲਕੇ ਸਰਕਾਰੀ ਬੱਸਾਂ ਬੰਦ ਰਹਿਣ ਦੀ ਗੱਲ ਕਹੀ ਜਾ ਰਹੀ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸਾਨ ਅੰਦੋਲਨ ਦੇ ਚੱਲਦਿਆਂ 'ਭਾਰਤ ਬੰਦ' ਦੇ ਸੱਦੇ ਕਾਰਨ ਦਿੱਲੀ 'ਚ ਬੱਸਾਂ ਦੇ ਦਾਖਲੇ 'ਤੇ ਪਹਿਲਾਂ ਹੀ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਕਾਰਨ ਪੰਜਾਬ ਰੋਡਵੇਜ ਅਤੇ ਪੀ. ਆਰ. ਟੀ. ਸੀ. ਦੀਆਂ ਬੱਸਾਂ ਦੀ ਆਨਲਾਈਨ ਬੁਕਿੰਗ ਵੀ ਬੰਦ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਦਿੱਲੀ ਦੀਆਂ ਸਰਹੱਦਾਂ ਨੂੰ ਹਰ ਤਰ੍ਹਾਂ ਦੇ ਵਾਹਨਾਂ ਲਈ ਸੀਲ ਕਰ ਦਿੱਤਾ ਗਿਆ ਹੈ। ਇਸ ਅੰਦੋਲਨ ਕਾਰਨ ਬੱਸਾਂ ਬੰਦ ਹੋ ਗਈਆਂ ਹਨ ਅਤੇ ਸਵਾਰੀਆਂ ਨੂੰ ਵੀ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਵਾਰੀਆਂ ਦਾ ਆਪਣੀ ਮੰਜ਼ਿਲ 'ਤੇ ਪੁੱਜਣਾ ਮੁਸਕਲ ਹੋ ਗਿਆ ਹੈ।ਪਨਬੱਸ/ਪੀ. ਆਰ. ਟੀ. ਸੀ. ਯੂਨੀਅਨ ਵੀ ਕਿਸਾਨਾਂ ਦੇ ਹੱਕ ਵਿੱਚ ਮੋਰਚਾ ਖੋਲ੍ਹਣ ਜਾ ਰਹੀ ਹੈ। ਇਸ ਕਾਰਨ ਬੱਸਾਂ ਦੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੋਣ ਦੇ ਆਸਾਰ ਹਨ ਪਰ ਕਿਸੇ ਵੀ ਵਿਭਾਗੀ ਅਧਿਕਾਰੀ ਨੇ ਬੱਸਾਂ ਦੇ ਮੁਕੰਮਲ ਬੰਦ ਹੋਣ ਬਾਰੇ ਕੋਈ ਪੁਸਟੀ ਨਹੀਂ ਕੀਤੀ। ਯੂਨੀਅਨ ਕਿਸਾਨਾਂ ਦੇ ਅੰਦੋਲਨ ਦਾ ਪੂਰਾ ਸਮਰਥਨ ਕਰਨ ਜਾ ਰਹੀ ਹੈ। ਇਸ ਕਾਰਨ ਭਾਰਤ ਬੰਦ ਦੇ ਸਫਲ ਹੋਣ ਦਾ ਅੰਦਾਜਾ ਲਗਾਇਆ ਜਾ ਰਿਹਾ ਹੈ। ਕਿਸਾਨਾਂ ਦੇ ਅੰਦੋਲਨ ਕਾਰਨ ਬੱਸ ਸਟੈਂਡ 'ਤੇ ਸਰਕਾਰੀ ਬੱਸਾਂ ਦੀ ਆਵਾਜਾਈ ਘੱਟ ਗਈ ਹੈ। ਇਸ ਕਾਰਨ ਪੰਜਾਬ ਤੋਂ ਇਲਾਵਾ ਕਈ ਲੰਬੇ ਰੂਟ ਬੰਦ ਹੋ ਗਏ ਹਨ ਪਰ ਕਿਸੇ ਖਤਰੇ ਤੋਂ ਬਚਣ ਲਈ ਨਿੱਜੀ ਬੱਸ ਚਾਲਕ ਵੀ ਆਪਣੀਆਂ ਬੱਸਾਂ ਨੂੰ ਥੋੜ੍ਹੇ ਸਮੇਂ ਲਈ ਹੀ ਚਲਾ ਰਹੇ ਹਨ। ਇਹ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕਿਸਾਨ ਆਪਣਾ ਧਰਨਾ ਵਾਪਸ ਨਹੀਂ ਲੈਂਦੇ। ਇਸ ਕਾਰਨ ਬੱਸ ਸਟੈਂਡ ਵਿਖੇ ਲੰਬੇ ਰੂਟਾਂ ਦੇ ਕਾਊਂਟਰ ਖਾਲੀ ਰਹੇ ਅਤੇ ਯਾਤਰੀਆਂ ਦੀ ਭਾਰੀ ਭੀੜ ਰਹੀ।

# ਚੰਗੇ ਭਵਿੱਖ ਦੀ ਚਾਹਤ ਰੱਖ ਨੌਜਵਾਨ ਵਿਦੇਸ਼ਾਂ ਨੂੰ ਕਰ ਰਹੇ ਕੂਚ, ਪੰਜਾਬ 'ਚ ਅਨੇਕਾਂ ਘਰਾਂ ਤੇ ਕੋਠੀਆਂ ਨੂੰ ਲੱਗੇ ਜ਼ਿੰਦਰੇ

ਗੁਰਦਾਸਪੁਰ 16 ਫਰਵਰੀ। ਪੰਜਾਬ 'ਚ ਕੁਝ ਨਾ ਬਣਦਾ ਵੇਖ ਨੌਜਵਾਨਾਂ ਨੇ ਆਪਣੇ ਚੰਗੇ ਭਵਿੱਖ ਦੀ ਕਾਮਨਾ ਨੂੰ ਲੈ ਕੇ ਵਿਦੇਸ਼ਾਂ ਵੱਲ ਰੁਖ ਕੀਤਾ ਹੋਇਆ ਹੈ। ਅੱਜ ਅਨਪੜ੍ਹ ਅਤੇ ਪੜ੍ਹਿਆਂ ਲਿਖਿਆ ਨੌਜਵਾਨ ਵਰਗ ਆਪਣੇ ਦੇਸ਼ ਨੂੰ ਛੱਡ ਕੇ ਵਿਦੇਸ਼ ਜਾਣ ਨੂੰ ਆਪਣਾ ਸੁਪਨਾ ਬਣਾ ਚੁੱਕਾ ਹੈ। ਕੈਨੇਡਾ, ਅਮਰੀਕਾ, ਆਸਟ੍ਰੇਲੀਆਂ, ਨਿਊਜੀਲੈਂਡ, ਕੁਵੈਤ, ਦੁਬਈ, ਲੋਹਾ ਕਤਰ ਸਮੇਤ ਯੂਰਪ ਵਰਗੇ ਦੇਸ਼ਾਂ ਵਿਚ ਜਾਣ ਵਾਲੇ ਇਹ ਨੌਜਵਾਨ ਆਪਣੇ ਦੇਸ਼ ਅਤੇ ਪੰਜਾਬ ਤੋਂ ਨਿਰਾਸ਼ਾ ਹੋ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ ਪਰ ਜਿਸ ਤਰ੍ਹਾਂ ਨਾਲ ਇਹ ਨੌਜਵਾਨ ਵਰਗ ਆਪਣੇ ਦੇਸ਼ 'ਚ ਬੇਰੋਜ਼ਗਾਰੀ ਤੋਂ ਤੰਗ ਹੋ ਕੇ ਦੇਸ਼ ਛੱਡ ਰਹੇ ਹਨ, ਉਹ ਸਮਾਂ ਦੂਰ ਨਹੀਂ ਜਦੋਂ ਇਹ ਦੇਸ਼ ਅਤੇ ਪੰਜਾਬ ਬੁੱਢਿਆਂ ਦਾ ਦੇਸ਼ ਕਿਹਾ ਜਾਵੇਗਾ, ਕਿਉਂਕਿ ਅੱਜ ਵੀ ਪੰਜਾਬ ਸਮੇਤ ਬਹੁਤ ਸਾਰੇ ਸੂਬੇ ਹਨ, ਜਿੱਥੇ ਕਈ ਕਈ ਪਿੰਡਾਂ ਦੇ ਪੂਰੇ ਪਰਿਵਾਰ ਵਿਦੇਸ਼ਾਂ 'ਚ ਜਾ ਕੇ ਪੱਕੇ ਹੋ ਚੁੱਕੇ ਹਨ। ਜੇਕਰ ਜ਼ਿਲ੍ਹਾ ਗੁਰਦਾਸਪੁਰ ਦੀ ਗੱਲ ਕਰੀਏ ਤਾਂ ਜ਼ਿਲ੍ਹੇ ਦੇ ਕਈ ਅਜਿਹੇ ਪਿੰਡ ਹਨ, ਜਿੱਥੋਂ ਹਰ ਪਰਿਵਾਰ ਦੇ 3-4 ਪਰਿਵਾਰਕ ਮੈਂਬਰ ਜਾਂ ਪੂਰਾ ਪਰਿਵਾਰ ਵਿਦੇਸ਼ਾਂ 'ਚ ਜਾ ਕੇ ਪੱਕੇ ਹੋ ਚੁੱਕੇ ਹਨ, ਜਿਸ ਕਾਰਨ ਕਈ ਘਰਾਂ ਦੀਆਂ ਕੋਠੀਆਂ ਨੂੰ ਜ਼ਿੰਦਰੇ ਤੱਕ ਲੱਗ ਚੁੱਕੇ ਹਨ। ਵਿਦੇਸ਼ ਦੀ ਚਾਹਤ ਨੇ ਤਾਂ ਕਈਆਂ ਨੂੰ ਮਾਲੋਮਾਲ ਕਰ ਦਿੱਤਾ ਹੈ ਅਤੇ ਕਈਆਂ ਨੂੰ ਕਰਜਾਈ ਕਰ ਦਿੱਤਾ। ਇਸ ਤਰ੍ਹਾਂ ਨਾਲ ਰੋਜ਼ਾਨਾਂ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਭੇਜ ਰਹੇ ਹਨ, ਉਸ ਨਾਲ ਇੰਝ ਲੱਗਦਾ ਹੈ ਕਿ ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਬੁੱਢਿਆਂ ਦਾ ਸੂਬਾ ਵੱਜਣ ਲੱਗ ਪਵੇਗਾ। ਹਰੇਕ ਨੌਜਵਾਨ ਮੁੰਡਾ-ਕੁੜੀ ਹੁਣ ਬਾਰ੍ਹਵੀਂ ਤੋਂ ਬਾਅਦ ਆਈਲੈਟਸ ਕਰਨੀ ਸ਼ੁਰੂ ਕਰ ਦਿੰਦਾ ਹੈ ਤੇ ਪੰਜਾਬ ਨੂੰ ਅਲਵਿਦਾ ਆਖ ਵਿਦੇਸ਼ ਉਡਾਰੀ ਮਾਰ ਜਾਂਦਾ ਹੈ। ਹਰ ਸਾਲ ਲੱਖਾਂ ਨੌਜਵਾਨ ਪੜ੍ਹਨ ਲਿਖਣ ਤੋਂ ਬਾਅਦ ਰੋਜ਼ਗਾਰ ਪ੍ਰਾਪਤ ਕਰਨ 'ਚ ਲੱਗ ਜਾਂਦੇ ਹਨ। ਦੇਸ਼ ਅੰਦਰ ਬੇਰੋਜ਼ਗਾਰਾਂ ਦੀ ਗਿਣਤੀ ਵਿਚ ਹਰ ਸਾਲ ਵੱਡਾ ਵਾਧਾ ਹੋ ਰਿਹਾ ਹੈ। ਉਨ੍ਹਾਂ ਵਿਚ ਅਨੁਸ਼ਾਸਨਹੀਣਤਾਂ ਅਤੇ ਸਹਿਣਸ਼ੀਲਤਾਂ ਦੀ ਕਮੀ ਆਮ ਵੇਖਣ ਨੂੰ ਮਿਲਦੀ ਹੈ। ਦੇਸ਼ ਵਿਚ ਕੁਝ ਨਾ ਬਣਦਾ ਵੇਖ ਕੇ ਨੌਜਵਾਨ ਵਿਦੇਸ਼ਾਂ ਵੱਲ ਰੁਖ ਕਰ ਜਾਂਦੇ ਹਨ। ਚੰਗੀ ਪੜ੍ਹਾਈ ਕਰਨ ਤੋਂ ਬਾਅਦ ਨੌਕਰੀਆਂ ਲਈ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿਚ ਦਰ ਦਰ ਦੀਆਂ ਠੋਕਰਾਂ ਖਾਣ ਉਪਰੰਤ ਚੰਗੀ ਤਨਖ਼ਾਹ ਨਾ ਮਿਲਣ ਦੇ ਕਾਰਨ ਨੌਜਵਾਨਾਂ ਨੂੰ ਮਜਬੂਰ ਹੋ ਕੇ ਵਿਦੇਸ਼ਾਂ ਵੱਲ ਰੁਖ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਨੌਜਵਾਨਾਂ ਦਾ ਬਾਹਰਲੇ ਦੇਸ਼ਾਂ ਵੱਲ ਕੂਚ ਕਰਨ ਦਾ ਵੱਡਾ ਕਾਰਨ ਇਹ ਹੈ ਕਿ ਬਾਹਰਲੇ ਦੇਸ਼ਾਂ 'ਚ ਕੰਮ ਕਰਨ ਵਾਲਿਆਂ ਦੀ ਪੂਰੀ ਕਦਰ ਹੈ ਅਤੇ ਉਨ੍ਹਾਂ ਦੀ ਮਿਹਨਤ ਦਾ ਸਹੀਂ ਮੁੱਲ ਉਨ੍ਹਾਂ ਨੂੰ ਮਿਲਦਾ ਹੈ, ਜਿਸ ਕਾਰਨ ਅੱਜ ਨੌਜਵਾਨ ਵਰਗ ਵਿਦੇਸ਼ਾਂ ਵੱਲ ਰੁਖ ਕਰ ਰਿਹਾ ਹੈ। ਪੰਜਾਬ ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਾਖੋਰੀ, ਕਿਸਾਨਲੱਗ ਪਵੇਗਾ। ਹਰੇਕ ਨੌਜਵਾਨ ਮੁੰਡਾ-ਕੁੜੀ ਹੁਣ ਬਾਰ੍ਹਵੀਂ ਤੋਂ ਬਾਅਦ ਆਈਲੈਟਸ ਕਰਨੀ ਸ਼ੁਰੂ ਕਰ ਦਿੰਦਾ ਹੈ ਤੇ ਪੰਜਾਬ ਨੂੰ ਅਲਵਿਦਾ ਆਖ ਵਿਦੇਸ਼ ਉਡਾਰੀ ਮਾਰ ਜਾਂਦਾ ਹੈ। ਹਰ ਸਾਲ ਲੱਖਾਂ ਨੌਜਵਾਨ ਪੜ੍ਹਨ ਲਿਖਣ ਤੋਂ ਬਾਅਦ ਰੋਜ਼ਗਾਰ ਪ੍ਰਾਪਤ ਕਰਨ 'ਚ ਲੱਗ ਜਾਂਦੇ ਹਨ। ਦੇਸ਼ ਅੰਦਰ ਬੇਰੋਜ਼ਗਾਰਾਂ ਦੀ ਗਿਣਤੀ ਵਿਚ ਹਰ ਸਾਲ ਵੱਡਾ ਵਾਧਾ ਹੋ ਰਿਹਾ ਹੈ। ਉਨ੍ਹਾਂ ਵਿਚ ਅਨੁਸ਼ਾਸਨਹੀਣਤਾਂ ਅਤੇ ਸਹਿਣਸ਼ੀਲਤਾਂ ਦੀ ਕਮੀ ਆਮ ਵੇਖਣ ਨੂੰ ਮਿਲਦੀ ਹੈ। ਦੇਸ਼ ਵਿਚ ਕੁਝ ਨਾ ਬਣਦਾ ਵੇਖ ਕੇ ਖੁਦਕੁਸ਼ੀਆਂ ਅਤੇ ਵਿੱਤੀ ਸੰਕਟ ਦੀ ਮਾਰ ਚੱਲ ਰਿਹਾ ਹੈ। ਸਰਕਾਰਾਂ ਬਦਲ ਜਾਂਦੀਆਂ ਹਨ ਪਰ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ ਹੀ ਰਹਿੰਦੇ ਹਨ। ਸੂਬੇ ਭਰ ਵਿਚ ਨਸ਼ੇ ਨੇ ਬੁਰੀ ਤਰ੍ਹਾਂ ਪੈਰ ਪਸਾਰੇ ਹੋਏ ਹਨ। ਅੱਜ ਮਾਂ-ਬਾਪ ਬੱਚਿਆਂ ਨੂੰ ਨਸ਼ਿਆਂ, ਲੜਾਈ-ਝਗੜੇ, ਗੈਂਗਵਾਰ ਤੋਂ ਬਚਾਉਣ ਲਈ ਲੱਖਾਂ ਰੁਪਏ ਖਰਚ ਕੇ ਆਪਣੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ 'ਚ ਭੇਜ ਰਹੇ ਹਨ ਪਰ ਜਦੋਂ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਫਿਰ ਆਪਣਿਆਂ ਦੇ ਮੂੰਹ ਵੇਖਣ ਨੂੰ ਵੀ ਤਰਸਦੇ ਹਨ। ਬੈਂਕਾਂ ਤੋਂ ਮਹਿੰਗੇ ਲੋਨ ਲੈ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਉਨ੍ਹਾਂ ਨੂੰ ਵਿਦੇਸ਼ ਭੇਜਣ ਵਾਲੇ ਕਈ ਮਾਪਿਆਂ ਦੇ ਬੱਚਿਆਂ ਨੂੰ ਚੰਗਾ ਕੰਮ ਨਾ ਮਿਲਣ ਦੇ ਕਾਰਨ ਉਹ ਮਾਪੇ ਵੀ ਕਰਜ਼ਾਈ ਹੋ ਕੇ ਰਹਿ ਗਏ ਹਨ। ਬੈਂਕਾਂ ਤੋਂ 50-60 ਲੱਖ ਰੁਪਏ ਲੋਨ ਲੈ ਕੇ ਕਈ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਭੇਜਦੇ ਹਨ ਪਰ ਅੱਗੇ ਕੋਈ ਵੀ ਸਹੀਂ ਢੰਗ ਨਾਲ ਕੰਮ ਨਾ ਮਿਲਣ ਕਾਰਨ ਕਈ ਨੌਜਵਾਨ ਵਾਪਸ ਆਪਣੇ ਘਰਾਂ ਨੂੰ ਪਰਤ ਆਉਂਦੇ ਹਨ ਜਾਂ ਫਿਰ ਕਈ ਉੱਥੇ ਹੀ ਸੜਕ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਕਾਰਨ ਜਿਹੜਾ ਕਰਜ਼ ਉਨ੍ਹਾਂ ਬੈਂਕ ਤੋਂ ਲਿਆ ਹੁੰਦਾ ਹੈ, ਉਹ ਨਾ ਮੁੜਨ ਦੇ ਕਾਰਨ ਉਨ੍ਹਾਂ ਨੂੰ ਆਤਮ ਹੱਤਿਆ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਸਬੰਧੀ ਕੁਝ ਸੂਝਵਾਨ ਲੋਕਾਂ ਦਾ ਕਹਿਣਾ ਸੀ ਕਿ ਮਾਪੇ ਲੱਖਾਂ ਰੁਪਏ ਖਰਚ ਕਰ ਕੇ ਆਪਣੇ ਬੱਚਿਆ ਨੂੰ ਪੜ੍ਹਾਈ ਕਰਵਾਉਂਦੇ ਹਨ ਪਰ ਇੱਥੇ ਰੋਜ਼ਗਾਰ ਨਾ ਮਿਲਣ ਕਾਰਨ ਬੱਚੇ ਗਲਤ ਸੰਗਤ ਵਿਚ ਪੈ ਜਾਂਦੇ ਹਨ, ਜੇਕਰ ਸਰਕਾਰਾਂ ਚੰਗੇ ਰੋਜ਼ਗਾਰ ਦੀ ਗਾਰੰਟੀ ਦੇਣ ਤਾਂ ਕੋਈ ਵੀ ਮਾਪੇ ਆਪਣੇ ਬੱਚਿਆਂ ਨੂੰ ਆਪਣੀਆਂ ਅੱਖਾਂ ਤੋਂ ਉਹਲੇ ਨਾ ਕਰਨ। ਨੌਜਵਾਨਾਂ ਵਾਸਤੇ ਸਰਕਾਰਾਂ ਨੂੰ ਰੋਜ਼ਗਾਰ ਦੇ ਵਿਸ਼ੇਸ਼ ਮੌਕੇ ਉਜਾਗਰ ਕਰਨ ਦੀ ਲੋੜ ਹੈ ਤਾਂ ਕਿ ਉਹ ਬਿਗਾਨੇ ਮੁਲਕਾਂ ਵੱਲ ਮੂੰਹ ਨਾ ਕਰਨ।

# ਜਲੰਧਰ ਪੁਲਸ ਵੱਲੋਂ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼, 12 ਕਿੱਲੋ ਗਾਂਜੇ ਸਮੇਤ ਦੋ ਵਿਅਕਤੀ ਗ੍ਰਿਫਤਾਰ

ਜਲੰਧਰ 16 ਫਰਵਰੀ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਇਕ ਵੱਡੀ ਸਫਲਤਾ ਹਾਸਲ ਕਰਦਿਆਂ ਦੋ ਵਿਅਕਤੀਆਂ ਨੂੰ 12 ਕਿਲੋ ਗਾਂਜੇ ਸਮੇਤ ਕਾਬੂ ਕਰਕੇ ਅੰਤਰਰਾਜੀ ਡਰੱਗ ਰੈਕੇਟ ਦਾ ਪਰਦਾਫਾਸ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਸਹਿਰ ਵਿੱਚ ਗਾਂਜੇ ਦੀ ਤਸਕਰੀ ਕਰਨ ਵਾਲਾ ਇਕ ਅੰਤਰਰਾਜੀ ਗਿਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਸੰਤ ਨਗਰ ਰੇਲਵੇ ਕਰਾਸਿੰਗ, ਰੇਲਵੇ ਕਲੋਨੀ ਨੇੜੇ ਜਾਲ ਵਿਛਾਇਆ। ਸਵਪਨ ਸਰਮਾ ਨੇ ਦੱਸਿਆ ਕਿ ਟੀਮ ਨੇ ਸੱਕ ਦੇ ਆਧਾਰ 'ਤੇ ਦੋ ਨੌਜਵਾਨਾਂ ਨੂੰ ਰੋਕਿਆ, ਜਿਨ੍ਹਾਂ ਦੀ ਪਛਾਣ ਮੁਹੰਮਦ ਅਸਲਮ ਵਾਸੀ ਪਿੰਡ ਹੰਵਾੜਾ, ਗੋਂਡਾ, ਉੱਤਰ ਪ੍ਰਦੇਸ ਅਤੇ ਮੁਹੰਮਦ ਦਾਨਿਸ ਪੁੱਤਰ ਇਮਰਾਨ ਵਾਸੀ ਪਿੰਡ ਹੰਵਾੜਾ, ਗੋਂਡਾ, ਉੱਤਰ ਪ੍ਰਦੇਸ ਵਜੋਂ ਹੋਈ। ਪੁਲਸ ਕਮਿਸਨਰ ਨੇ ਦੱਸਿਆ ਕਿ ਟੀਮ ਨੇ ਚੈਕਿੰਗ ਦੌਰਾਨ ਉਨ੍ਹਾਂ ਦੇ ਕਬਜੇ 'ਚੋਂ 12 ਕਿੱਲੋ ਗਾਂਜਾ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਪਾਰਟੀ ਨੇ ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਖ਼ਿਲਾਫ ਥਾਣਾ ਨਿਊ ਬਾਰਾਦਰੀ ਜਲੰਧਰ ਵਿਖੇ 20-61-85 ਐੱਨ. ਡੀ. ਪੀ. ਐੱਸ. ਐਕਟ ਅਧੀਨ 08-02-2024 ਮੁਕੱਦਮਾ ਦਰਜ ਕਰ ਲਿਆ ਗਿਆ ਹੈ . ਸਵਪਨ ਸਰਮਾ ਨੇ ਦੱਸਿਆ ਕਿ



ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਗਰੋਹ ਉੜੀਸਾ ਤੋਂ ਗਾਂਜਾ ਲਿਆਉਂਦਾ ਸੀ ਅਤੇ ਰੇਲ ਅਤੇ ਬੱਸ ਆਵਾਜਾਈ ਦੇ ਸੁਮੇਲ ਦੀ ਵਰਤੋਂ ਕਰਕੇ ਸੂਬੇ ਵਿੱਚ ਲਿਜਾਇਆ ਜਾਂਦਾ ਸੀ। ਪੁਲਸ ਕਮਿਸਨਰ ਨੇ ਦੱਸਿਆ ਕਿ ਗੈਂਗ ਵੱਲੋਂ ਇਹ ਖੇਪ ਜਲੰਧਰ ਵਿੱਚ ਪਹੁੰਚਾਈ ਜਾਣੀ ਸੀ ਪਰ ਪੁਲਸ ਨੇ ਗਿਰੋਹ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਫੜੇ ਗਏ ਦੋਵੇਂ ਮੁਲਜਮਾਂ ਦਾ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਪਿੰਡਾਂ 'ਚ ਬੀਮਾ ਕਵਰੇਜ ਵਧਾਉਣ ਦੀ ਤਿਆਰੀ ਸ਼ੁਰੂ, ਪਹਿਲੇ ਸਾਲ 25,000 ਗ੍ਰਾਮ ਪੰਚਾਇਤਾਂ ਹੋਣਗੀਆਂ ਸ਼ਾਮਲ

ਬਿਜਨੈੱਸ ਡੈਸਕ 16 ਫਰਵਰੀ। ਭਾਰਤੀ ਜੀਵਨ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ () ਨੇ 'ਪੇਂਡੂ, ਸਮਾਜਿਕ ਖੇਤਰ ਅਤੇ ਵਾਹਨ ਤੀਜੀ ਧਿਰ ਦੀ ਦੇਣਦਾਰੀ' ਲਈ ਲਾਜਮੀ ਕਵਰੇਜ ਵਧਾਉਣ ਦਾ ਪ੍ਰਸਤਾਵ ਕੀਤਾ ਹੈ। ਦਾ ਉਦੇਸ 'ਸਭ ਲਈ ਬੀਮਾ' ਹੈ। ਇਸ ਵਿਚ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਵਾਂ ਦਿੱਤੀਆਂ ਜਾਂਦੀਆਂ ਹਨ, ਜਿਸ ਨਾਲ ਲੋਕਾਂ ਦੀ ਮਦਦ ਕਰਨ ਵਿਚ ਆਸਾਨੀ ਹੁੰਦੀ ਹੈ। ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਘੱਟ ਕਰਨਾ ਪੈਂਦਾ ਹੈ। ਦੱਸ ਦੇਈਏ ਕਿ ਦੇ ਡਰਾਫਟ (ਪੇਂਡੂ, ਸਮਾਜਿਕ ਅਤੇ ਵਾਹਨ ਤੀਜੀ ਧਿਰ ਦੇਣਦਾਰੀ) ਨਿਯਮ 2024 ਦੇ ਅਨੁਸਾਰ, ਦੇਸ ਵਿੱਚ ਬੀਮਾ ਖੇਤਰ ਦੇ ਦਾਇਰੇ ਨੂੰ ਵਧਾਉਣ ਲਈ ਇੱਕ ਨਵੀਂ ਰਣਨੀਤੀ ਅਤੇ ਨਵੀਂ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ। ਅਜਿਹਾ ਹੋਣ 'ਤੇ ਸਾਰੇ ਜੀਵਨ ਬੀਮਾ ਰੈਗੂਲੇਟਰ ਘੱਟੋ-ਘੱਟ ਲੋਕਾਂ ਨੂੰ ਆਪਣੇ ਦਾਇਰੇ ਵਿੱਚ ਜਰੂਰ ਲਿਆਉਣ। ਇਸ ਤੋਂ ਇਲਾਵਾ ਸਾਰੀਆਂ ਜੀਵਨ ਬੀਮਾ ਕੰਪਨੀਆਂ ਨੂੰ ਹਰ ਗ੍ਰਾਮ ਪੰਚਾਇਤ ਵਿੱਚ ਘੱਟੋ-ਘੱਟ 30 ਫੀਸਦੀ ਲੋਕਾਂ ਨੂੰ ਜੀਵਨ ਬੀਮਾ ਕਵਰ ਮੁਹੱਈਆ ਕਰਵਾਉਣਾ ਹੋਵੇਗਾ ਅਤੇ ਪਹਿਲੇ ਸਾਲ ਵਿੱਚ ਘੱਟੋ-ਘੱਟ 25,000 ਗ੍ਰਾਮ ਪੰਚਾਇਤਾਂ ਵਿੱਚ ਇਹ ਟੀਚਾ ਹਾਸਲ




ਕਰਨਾ ਹੋਵੇਗਾ। ਇਸ ਦੇ ਨਾਲ ਹੀ ਇਸ ਨੂੰ ਅਗਲੇ ਦੋ ਅਤੇ ਤਿੰਨ ਸਾਲਾਂ ਵਿੱਚ ਕ੍ਰਮਵਾਰ 40 ਫੀਸਦੀ ਲੋਕਾਂ ਅਤੇ ਘੱਟੋ-ਘੱਟ 50,000 ਗ੍ਰਾਮ ਪੰਚਾਇਤਾਂ ਅਤੇ 50 ਫੀਸਦੀ ਲੋਕਾਂ ਅਤੇ ਘੱਟੋ-ਘੱਟ 75,000 ਗ੍ਰਾਮ ਪੰਚਾਇਤਾਂ ਤੱਕ ਵਧਾਉਣਾ ਹੋਵੇਗਾ। ਇਸ ਕ੍ਰਮਵਾਰ ਵਿੱਚ ਸਾਰੀਆਂ ਆਮ ਬੀਮਾ ਕੰਪਨੀਆਂ ਪਹਿਲੇ ਸਾਲ ਵਿੱਚ ਹਰੇਕ ਗ੍ਰਾਮ ਪੰਚਾਇਤ ਵਿੱਚ 30 ਫੀਸਦੀ ਘਰਾਂ ਅਤੇ ਵਾਹਨਾਂ ਅਤੇ ਘੱਟੋ-ਘੱਟ 25,000 ਗ੍ਰਾਮ ਪੰਚਾਇਤਾਂ ਨੂੰ ਕਵਰ ਕਰਨਗੀਆਂ। ਦੂਜੇ ਪਾਸੇ ਇਸ ਸਿਲਸਿਲੇ 'ਚ ਦੂਜੇ ਸਾਲ 'ਚ ਘੱਟੋ-ਘੱਟ 40 ਫੀਸਦੀ ਘਰਾਂ ਅਤੇ ਵਾਹਨਾਂ ਅਤੇ ਘੱਟੋ-ਘੱਟ 50,000 ਗ੍ਰਾਮ ਪੰਚਾਇਤਾਂ ਨੂੰ ਬੀਮਾ ਮੁਹੱਈਆ ਕਰਵਾਉਣਾ ਹੋਵੇਗਾ। ਤੀਜੇ ਸਾਲ ਹਰ ਗ੍ਰਾਮ ਪੰਚਾਇਤ ਦੇ 50 ਫੀਸਦੀ ਘਰਾਂ ਅਤੇ ਵਾਹਨਾਂ ਅਤੇ ਘੱਟੋ-ਘੱਟ 75,000 ਗ੍ਰਾਮ ਪੰਚਾਇਤਾਂ ਨੂੰ ਇਹ ਸਹੂਲਤ ਦਿੱਤੀ ਜਾਵੇਗੀ। ਸਾਰੇ ਪ੍ਰਮੁੱਖ ਅਤੇ ਸਾਹੀ ਬੀਮਾ ਰੈਗੂਲੇਟਰਾਂ ਨੂੰ ਘੱਟੋ-ਘੱਟ 30 ਫੀਸਦੀ ਆਬਾਦੀ ਨੂੰ ਸਿਹਤ ਅਤੇ ਨਿੱਜੀ ਦੁਰਘਟਨਾ ਬੀਮਾ ਪ੍ਰਦਾਨ ਕਰਨਾ ਹੁੰਦਾ ਹੈ। ਇਸ ਸਿਲਸਿਲੇ ਵਿੱਚ, ਨਾਮੀ ਬੀਮਾ ਕੰਪਨੀਆਂ ਨੂੰ ਪਹਿਲੇ ਸਾਲ ਵਿੱਚ ਘੱਟੋ-ਘੱਟ 25,000 ਗ੍ਰਾਮ ਪੰਚਾਇਤਾਂ ਵਿੱਚ ਇਹ ਸਹੂਲਤ ਪ੍ਰਦਾਨ ਕਰਨੀ ਪੈਂਦੀ ਹੈ।

## ਤਰਨਤਾਰਨ ਪੁਲਸ ਨੂੰ ਮਿਲੀ ਸਫਲਤਾ, ਪੁਲਸ ਨੇ ਹਥਿਆਰਾਂ ਸਣੇ 3 ਮੁਲਜਮਾਂ ਨੂੰ ਕੀਤਾ ਗ੍ਰਿਫਤਾਰ

ਤਰਨਤਾਰਨ 16 ਫਰਵਰੀ। ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੀ ਪੁਲਸ ਨੇ ਤਿੰਨ ਮੁਲਜ਼ਮਾਂ ਨੂੰ 2 ਪਿਸਤੌਲ, 5 ਕਾਰਤੂਸ, 481 ਗ੍ਰਾਮ ਨਸ਼ੀਲੀ ਆਈਸ ਅਤੇ ਇਕ ਮੋਟਰਸਾਈਕਲ ਸਣੇ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਦੋਵਾਂ ਮਾਮਲਿਆਂ 'ਚ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਦੇ ਹੋਏ ਰਿਮਾਂਡ ਦੌਰਾਨ ਅਗਲੇਰੀ ਪੁੱਛਗਿੱਛ ਸ਼ੁਰੂ




ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਡੀ. ਅਰੁਣ ਸ਼ਰਮਾ ਨੇ ਦੱਸਿਆ ਕਿ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ 481 ਗ੍ਰਾਮ 50 ਮਿਲੀ ਗ੍ਰਾਮ ਨਸ਼ੀਲੀ ਆਈਸ ਅਤੇ ਇਕ ਮੋਟਰਸਾਈਕਲ ਸਮੇਤ ਪਲਵਿੰਦਰ ਸਿੰਘ ਉਰਫ ਵਿੱਕੀ ਪੁੱਤਰ ਨਰਿੰਦਰ ਸਿੰਘ ਵਾਸੀ ਨੇਸ਼ਟਾ ਅਤੇ ਜਸਬੀਰ ਸਿੰਘ ਉਰਫ ਖੇਲਾ ਪੁੱਤਰ ਜਗੀਰ ਸਿੰਘ ਵਾਸੀ ਨਵੀਂ ਆਬਾਦੀ ਅਟਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਝਬਾਲ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਅੰਮ੍ਰਿਤਪਾਲ ਸਿੰਘ ਉਰਫ ਪੀਟਰ ਪੁੱਤਰ ਸਾਹਿਬ ਸਿੰਘ ਵਾਸੀ ਮੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਇਕ ਪਿਸਤੌਲ 32 ਬੋਰ, ਇਕ ਦੇਸੀ ਪਿਸਤੌਲ ਅਤੇ 5 ਜਿੰਦਾ ਰੌਂਦ ਸਮੇਤ ਗ੍ਰਿਫਤਾਰ ਕਰਨ ਦੀ ਸਫਲਤਾ ਹਾਸਿਲ ਕੀਤੀ ਹੈ।

## ਅੰਮ੍ਰਿਤਸਰ 'ਚ ਹੋਈ ਵੱਡੀ ਵਾਰਦਾਤ, ਪਤੰਗਬਾਜੀ ਦੌਰਾਨ ਹੋਏ ਵਿਵਾਦ ਕਾਰਨ 2 ਧਿਰਾਂ 'ਚ ਚੱਲੀ ਗੋਲੀ

ਅੰਮ੍ਰਿਤਸਰ 16 ਫਰਵਰੀ। ਅੰਮ੍ਰਿਤਸਰ ਤੋਂ ਇਕ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਸੁਲਤਾਨ ਵਿੰਡ ਇਲਾਕੇ 'ਚ ਪਤੰਗਬਾਜੀ ਕਾਰਨ ਹੋਏ ਵਿਵਾਦ ਨੇ ਖੂਨੀ ਰੂਪ ਧਾਰਨ ਕਰ ਲਿਆ। ਜਾਣਕਾਰੀ ਮੁਤਾਬਕ



ਪਤੰਗਬਾਜੀ ਦੌਰਾਨ ਹੋਏ ਵਿਵਾਦ ਕਾਰਨ ਦੋ ਧੜਿਆਂ 'ਚ ਗੋਲੀਬਾਰੀ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਸੂਤਰਾਂ ਮੁਤਾਬਕ ਇਸ ਗੋਲੀਬਾਰੀ ਦੌਰਾਨ ਇਕ ਨੌਜਵਾਨ ਦੀ ਪਿੱਠ 'ਚ ਗੋਲੀ ਲੱਗਣ ਦੀ ਵੀ ਜਾਣਕਾਰੀ ਪ੍ਰਾਪਤ ਹੋਈ ਹੈ, ਜਿਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਦੌਰਾਨ ਇਕ ਗੋਲੀ ਪੁਲਸ ਦੀ ਗੱਡੀ 'ਤੇ ਵੀ ਲੱਗਣ ਦੀ ਜਾਣਕਾਰੀ ਮਿਲੀ ਹੈ, ਜਿਸ 'ਚ ਇਕ ਮੁਲਾਜਮ ਬੜੀ ਮੁਸ਼ਕਲ ਨਾਲ ਬਚਿਆ। ਇਸ ਮੌਕੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਭਗੰਦਰ ਦੇ ਪੁਖਤਾ ਇਲਾਜ ਲਈ ਸੁਣੋ ਫਾਇਦੇਮੰਦ ਨੁਸਖੇ

ਜਲੰਧਰ 16 ਫਰਵਰੀ। ਭਗੰਦਰ ਇਕ ਬੀਮਾਰੀ ਹੈ, ਜਿਸ 'ਚ ਟਾਇਲੇਟ ਵਾਲੀ ਜਗ੍ਹਾ 'ਚ ਗਲੈਂਡ 'ਚ ਇਨਫੈਕਸ਼ਨ ਹੋ ਕੇ ਬਾਹਰ ਵਾਲੀ ਜਗ੍ਹਾ 'ਤੇ ਇਕ ਫੋੜਾ ਬਣ ਜਾਂਦਾ ਹੈ। ਇਸ ਫੋੜੇ ਦੇ 2 ਮੂੰਹ ਹੁੰਦੇ ਹਨ। ਇਕ ਟਾਇਲੇਟ ਵਾਲੀ ਜਗ੍ਹਾ ਦੇ ਅੰਦਰ ਹੁੰਦਾ ਹੈ ਤੇ ਇਕ ਬਾਹਰ ਹੁੰਦਾ ਹੈ। ਬਾਹਰ ਵਾਲੇ ਮੂੰਹ 'ਚੋਂ ਪੱਸ ਆਉਣੀ ਸ਼ੁਰੂ ਹੋ ਜਾਂਦੀ ਹੈ। ਮਰੀਜ ਇਹ ਸ਼ਿਕਾਇਤ ਕਰਦਾ ਹੈ ਕਿ ਉਸ ਦੇ ਕੱਪੜੇ ਖਰਾਬ ਹੋ ਜਾਂਦੇ ਹਨ। ਕਦੇ ਮਰੀਜ ਨੂੰ ਦਰਦ ਹੋਣ ਲੱਗ ਜਾਂਦੀ ਹੈ ਤੇ ਕਦੇ ਠੀਕ ਹੋ ਜਾਂਦੀ ਹੈ। ਭਾਵ ਜਦੋਂ ਇਨਫੈਕਸ਼ਨ ਭਰ ਜਾਂਦੀ ਹੈ ਤਾਂ ਦਰਦ ਸ਼ੁਰੂ ਹੋ ਜਾਂਦਾ ਹੈ ਤੇ ਜਦੋਂ ਇਨਫੈਕਸ਼ਨ ਨਿਕਲ ਜਾਂਦੀ ਹੈ ਤਾਂ ਉਸ ਨੂੰ ਆਰਾਮ ਆ ਜਾਂਦਾ ਹੈ। ਭਗੰਦਰ 2 ਤਰ੍ਹਾਂ ਦੀ ਹੁੰਦੀ ਹੈ ਸਿੰਪਲ ਤੇ ਕੰਪਲੈਕਸ। ਸਿੰਪਲ ਭਗੰਦਰ ਦਾ ਇਲਾਜ ਤੁਸੀਂ ਘਰ ਬੈਠੇ ਪੱਸ ਕੱਢ ਕੇ ਕਰ ਸਕਦੇ ਹੋ ਪਰ ਜੇਕਰ ਤੁਹਾਨੂੰ ਕੰਪਲੈਕਸ ਭਗੰਦਰ ਹੈ, ਜਿਸ 'ਚ ਮੂੰਹ ਦਾ ਪਤਾ ਨਹੀਂ ਹੈ ਤਾਂ ਉਸ 'ਚ ਦੇਰ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਅੰਦਰੋਂ-ਅੰਦਰ ਫੈਲ ਕੇ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ।

# ਪੰਜਾਬ ਦੇ ਸਰਕਾਰੀ ਸਕੂਲਾਂ ਦੀ ਬਦਲੇਗੀ ਨੁਹਾਰ, ਮਿਲਣਗੇ ਹਾਈਟੈੱਕ ਸਮਾਰਟ ਕਲਾਸਰੂਮ

ਚੰਡੀਗੜ੍ਹ 16 ਫਰਵਰੀ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵਿੱਦਿਅਕ ਕ੍ਰਾਂਤੀ ਦਾ ਨਵਾਂ ਅਧਿਆਏ ਸੁਰੂ ਹੋਣ ਵਾਲਾ ਹੈ। ਸੂਬੇ ਦੇ ਸਰਕਾਰੀ ਸਕੂਲਾਂ ਨੂੰ ਹਾਈਟੈੱਕ ਸਮਾਰਟ ਕਲਾਸਰੂਮ ਮਿਲਣਗੇ। ਸਿੱਖਿਆ ਨੂੰ ਡਿਜੀਟਲ ਕਰਨ ਦੇ ਮਕਸਦ ਨਾਲ ਸੂਬੇ ਦੇ ਸਰਕਾਰੀ ਹਾਈ ਸਕੂਲਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ ਬਣਾਏ ਜਾਣਗੇ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸੂਬੇ ਦੇ 3,821 ਸਕੂਲਾਂ ਦੇ 7,642 ਕਮਰਿਆਂ ਨੂੰ ਸਮਾਰਟ ਬਣਾਉਣ ਲਈ ਤਿਆਰੀਆਂ ਸੁਰੂ ਕਰ ਦਿੱਤੀਆਂ ਹਨ। ਕਲਾਸਰੂਮਾਂ ਵਿੱਚ ਫਲੈਟ ਪੈਨਲ ਟਚ ਐੱਲ. ਈ. ਡੀ. ਸਕ੍ਰੀਨਾਂ ਅਤੇ ਪ੍ਰੋਜੈਕਟਰ ਲਗਾਏ ਜਾਣਗੇ। ਮੌਜੂਦਾ ਸਮੇਂ ਵਿੱਚ 3,821 ਸਕੂਲਾਂ ਵਿੱਚ ਸਮਾਰਟ ਕਲਾਸਰੂਮਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ, ਜਦਕਿ ਆਉਣ ਵਾਲੇ ਸਮੇਂ ਵਿੱਚ ਸੂਬੇ ਦੇ ਸਾਰੇ ਜ਼ਿਲਿਆਂ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਹਾਈਟੈੱਕ ਸਮਾਰਟ ਕਲਾਸਰੂਮ ਬਣਾਏ ਜਾਣਗੇ। ਪੰਜਾਬ ਵਿੱਚ ਸਾਲ 2018 ਤੋਂ ਸਰਕਾਰੀ ਸਕੂਲਾਂ ਵਿੱਚ ਡਿਜੀਟਲ ਸਿੱਖਿਆ ਸੁਰੂ ਕਰਨ ਦਾ ਕੰਮ ਸੁਰੂ ਕੀਤਾ ਗਿਆ ਸੀ। ਪਾਇਲਟ ਪ੍ਰੋਜੈਕਟ ਵਜੋਂ ਸੁਰੂ ਵਿੱਚ 30 ਸਕੂਲਾਂ ਨੂੰ ਸਮਾਰਟ ਕਲਾਸਰੂਮ ਦਿੱਤੇ ਗਏ ਸਨ। ਬੱਚਿਆਂ ਨੂੰ ਐਨੀਮੇਟਿਡ ਪਾਠਕ੍ਰਮ




ਰਾਹੀਂ ਪੜ੍ਹਾਈ ਕਰਵਾਈ ਗਈ ਅਤੇ ਇਹ ਪਾਇਆ ਗਿਆ ਕਿ ਉਹ ਪ੍ਰੋਜੈਕਟਰ ਅਤੇ ਸਕ੍ਰੀਨ ਦੀ ਮਦਦ ਨਾਲ ਜੋ ਵੀ ਪੜ੍ਹਦੇ ਹਨ, ਉਸ ਦਾ ਉਨ੍ਹਾਂ ਦੇ ਮਨ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ। ਇਸ ਤੋਂ ਬਾਅਦ ਸੂਬੇ ਦੇ 19,120 ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਹਰੇਕ ਕਲਾਸ ਰੂਮ ਵਿੱਚ 1-1 ਐੱਲ. ਈ. ਡੀ. ਸਕ੍ਰੀਨ ਅਤੇ ਪ੍ਰੋਜੈਕਟਰ, ਹਾਈ ਸਕੂਲ ਵਿੱਚ 3 ਕਮਰਿਆਂ ਵਿੱਚ ਅਤੇ ਸੀਨੀਅਰ ਸੈਕੰਡਰੀ ਸਕੂਲ ਵਿੱਚ 5 ਕਮਰਿਆਂ ਵਿੱਚ ਵ੍ਹਾਈਟ ਬੋਰਡ ਸਕ੍ਰੀਨ ਪ੍ਰੋਜੈਕਟਰ ਲਗਾਏ ਗਏ। ਪੁਰਾਣੇ ਪ੍ਰੋਜੈਕਟਰ ਨਾਲ ਜੁੜੀ ਵ੍ਹਾਈਟ ਬੋਰਡ ਸਕ੍ਰੀਨ ਛੂਹਣ ਨਾਲ ਨਹੀਂ ਹਿੱਲਦੀ ਸੀ ਪਰ ਹਾਈਟੈੱਕ ਟਚ ਸਕ੍ਰੀਨ ਛੂਹਣ 'ਤੇ ਮੋਬਾਈਲ ਸਕ੍ਰੀਨ ਦੀ ਤਰ੍ਹਾਂ ਕੰਮ ਕਰੇਗੀ। ਸਮਾਰਟ ਕਲਾਸਰੂਮਜ ਵਿੱਚ ਟਚ ਸਕ੍ਰੀਨ ਵ੍ਹਾਈਟ ਬੋਰਡ 'ਤੇ ਰਿਕਾਰਡ ਕੀਤੇ ਲੈਕਚਰ ਵੀ ਚਲਾਏ ਜਾ ਸਕਦੇ ਹਨ ਅਤੇ ਸਕ੍ਰੀਨ 'ਤੇ ਟੀ. ਵੀ. ਵਾਂਗ ਯੂ-ਟਿਊਬ 'ਤੇ ਉਪਲਬਧ ਐੱਨ. ਸੀ. ਈ. ਆਰ. ਟੀ. ਦੀ ਪੜ੍ਹਨਯੋਗ ਸਮੱਗਰੀ ਵੀ ਦਿਖਾਈ ਜਾ ਸਕਦੀ ਹੈ। ਮੋਬਾਈਲ 'ਚ ਮੌਜੂਦ ਡਾਟਾ ਨੂੰ ਇੰਟਰਨੈੱਟ ਦੀ ਮਦਦ ਨਾਲ ਸਕ੍ਰੀਨ 'ਤੇ ਵੀ ਦਿਖਾਇਆ ਜਾ ਸਕਦਾ ਹੈ। ਸਕੂਲਾਂ ਵਿੱਚ ਸਮਾਰਟ ਕਲਾਸਰੂਮ ਸੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਵਿੱਚ ਵਾਈ-ਫਾਈ ਦੀ ਸਹੂਲਤ ਵੀ ਸੁਰੂ ਕੀਤੀ ਜਾਵੇਗੀ, ਤਾਂ ਜੋ ਸਮਾਰਟ ਕਲਾਸਰੂਮ ਬੱਚਿਆਂ ਨੂੰ ਅਸਲ 'ਚ ਸਿੱਖਿਆ ਪ੍ਰਦਾਨ ਕਰ ਸਕਣ।


### ਦਿੱਲੀ ਵਿਧੁਤ ਵਿਨਿਯਾਮਕ ਆਯੋਗ

ਵਿਨਿਯਾਮਕ ਭਵਨ, ਸੀ-ਬਲਾੱਕ, ਸ਼ਿਵਾਲਿਕ, ਮਾਲਵੀਯ ਨਗਰ, ਨਵੀਂ ਦਿੱਲੀ-1100017
ਵੇਬਸਾਈਟ: www.derc.gov.in
ਟੇਲੀਫੈਕਸ :+91-11-26673608, +91-11-41080417

**ਜਨਤੱਕ ਸੂਚਨਾ**

ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਨਵੀਨੀਕਰਨ ਊਰਜਾ ਦੇ ਲਈ ਗਰੁੱਪ ਨੇਟ ਮੀਟਰਿੰਗ ਅਤੇ ਵਰਚੁਅਲ ਨੇਟ ਮੀਟਰਿੰਗ) (ਪੰਜਵਾਂ ਸੰਸ਼ੋਧਨ) ਦਿਸ਼ਾਨਿਰਦੇਸ਼, 2024

ਇਸ ਵਲੋਂ ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਡੀਈਆਰਸੀ) ਨੇ ਵਿਧੁਤ ਅਧਿਨਿਯਮ, 2003 (2003 ਦਾ ਅਧਿਨਿਯਮ 36) ਦੇ ਵਿਨਿਯਮ ਦੀ ਧਾਰਾ 61 (ਐਚ) ਅਤੇ ਧਾਰਾ 86 (1) (ਈ) ਦੇ ਨਾਲ ਪਠਿਤ ਧਾਰਾ 181, ਡੀਈਆਰਸੀ (ਨਵੀਕਰਣੀਯ ਊਰਜਾ ਦੇ ਲਈ ਨੇਟ ਮੀਟਰਿੰਗ) ਵਿਨਿਯਮ, 2014 ਦਾ ਵਿਨਿਯਮ 14, ਡੀਈਆਰਸੀ (ਨਵੀਕਰਣੀਯ ਊਰਜਾ ਦੇ ਲਈ ਸਮੂਹ ਨੇਟ ਮੀਟਰਿੰਗ ਅਤੇ ਵਰਚੁਅਲ ਨੇਟ ਮੀਟਰਿੰਗ) ਦਿਸ਼ਾਨਿਰਦੇਸ਼, 2019 ਦੇ ਦਿਸ਼ਾਨਿਰਦੇਸ਼ 17 ਦੇ ਅੰਤਰਗਤ ਪ੍ਰਦਤ ਸ਼ਕਤੀ ਅਤੇ ਇਸ ਸੰਬੰਧ 'ਚ ਹੋਰ ਸਾਰੇ ਸਕਸ਼ਮ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਡੀਈਆਰਸੀ ਨੇ ਡ੍ਰਾਫਟ ਨੇ ਡ੍ਰਾਫਟ ਡੀਈਆਰਸੀ (ਗਰੁੱਪ ਨੇਟ ਮੀਟਰਿੰਗ ਅਤੇ ਵਰਚੁਅਲ ਨੇਟ ਮੀਟਰਿੰਗ (ਪੰਜਵਾਂ ਸੰਸ਼ੋਧਨ) ਦਿਸ਼ਾਨਿਰਦੇਸ਼, 2024 ਤਿਆਰ ਕੀਤਾ ਹੈ।

2. ਉਕਤ ਡ੍ਰਾਫਟ ਦਿਸ਼ਾਨਿਰਦੇਸ਼ ਆਯੋਗ ਦੀ ਵੇਬਸਾਈਟ www.derc.gov.in 'ਤੇ ਉਪਲਬਧ ਹੈ।

3. ਹਿਤਧਾਰਕਾਂ ਤੋਂ ਅਨੁਰੋਧ ਹੈ ਕਿ ਉਕਤ ਡ੍ਰਾਫਟ ਦਿਸ਼ਾਨਿਰਦੇਸ਼ਾਂ ਅਤੇ ਆਪਣੇ ਸੁਝਾਵ/ਟਿਪਣੀਆਂ ਨੂੰ ਮਿਤੀ 01/03/2024 ਨੂੰ ਸ਼ਾਮ 05:00 ਵਜੇ ਤਕ ਅਗ੍ਰੇਸ਼ਿਤ ਕਰੋ। ਸੁਝਾਵ ਅਤੇ ਟਿਪਣੀਆਂ ਨੂੰ ਸਚਿਵ, ਡੀਈਆਰਸੀ ਨੂੰ ਡਾਕ ਜਾਂ ਈਮੇਲ secyderc@nic.in ਵਲੋਂ ਪ੍ਰੇਸ਼ਿਤ ਕੀਤਾ ਜਾ ਸਕਦਾ ਹੈ।

**ਰਾਜੇਸ਼ ਦਾਂਗੀ, ਸਚਿਵ**

ਮਿਤੀ : 15/02/2024

DIP/Shabdarth/Classified/0347/23-24

**NAME CHANGE**
I, ROZINA BEGUM W/O ZAKIR GAZI residing at 464 INDRA GANDHI CAMP -2 TAIMOOR NAGAR SRINIWASPURI DELHI-110065 have changed my minor son name from ZIYAN to ZIYAN GAZI for all future purpose.

**NAME CHANGE**
I, Neeraj S/o Rakesh Sharma R/o WZ-498 A, Palam Colony, Raj Nagar-1 Palam Village, South West Delhi, Delhi-110045, I Have Changed My Name To Neeraj Sharma For All Purpose.

**NAME CHANGE**
I, Jagjit Singh Sethi S/o Satnam Singh R/o V-34/8, DLF Phase-3, Gurgaon, Haryana,have changed my name to Jagjit Singh for all Future Purposes

**NAME CHANGE**
I,Jaivir Singh s/o Dharm Singh r/o H.No.199, sector- 7, faridabad haryana, have change my name to Jaiveer Singh for all purposes.

**NAME CHANGE**
I, No. 15325126W Rank- HAV Name-O SELVAN Son of OVARASU residing at VILL-KEELAKANGIYANUR, PO-SUNDAKKUDI, DISTT-ARIYALUR, TAMILNADU-621701 have changed my minor daughter's name from SARUKA to S SARUKA for all future purposes vide affidavit dated 15/02/2024 before Notary Public Delhi.

**NAME CHANGE**
I, JOGENDRA KUMAR S/O CHET RAM residing at 17-E 624 KONARK ENCLAVE VASUNDHRA GHAZIABAD UP-201012 have changed my name to JOGINDER KUMAR for all future purpose.

**NOTICE**
General Public is hereby informed that Sh. Satish Solanki and Sh. Bharat Solanki are owners of Flat No.2B, First Floor and Flat No.2D First Floor Plot No.54, each area measuring 96.9 sq. mts, Out of Khasra No.23/21/ 1, Situated at Village-Pochanpur in Unauthorized Colony Mjor Bhola Ram Enclave Sec-23, Dwarka , Pochanpur extn Delhi vide Authorization Slip dated 24/09/2021Executed by DDA (PM UDAY) in favour of Sh. Satish Solanki (Doc No.9407, Book NO.1, Vol No.11006, Page No.53-56, SR-IX Delhi) and Authorization Slip dated 24/09/2021)Executed by DDA (PM UDAY) in favour of Sh. Bharat Solanki S/o Sh.Satish Solanki (Doc No.9411, Book NO.1, Vol No.11006, Page No.78-81, SR-IX Delhi) who intends to mortgage said property for his bonafide requirements with Fedbank Financial Services Ltd. Whosoever is having any objection to the said mortgage or acquisition or anyone has claim or right or interest in the property shall contact the undersigned with the objection within 07 days failing which it shall be presumed that there stands no objections.
NEW DELHI
DATE: 15/2/2024
PRAGYA BHUSHAN ADVOCATE
Enrl. No. D/721/02
Office: L-27,GF, Kailash Colony, New Delhi-48
Mob.: 9968006418

**NAME CHANGE**
I, Kishor S/o Nawal Singh R/o H.No-83, Near Om Chowk, Sector-10, Gurgaon, Haryana-122001, I Have Changed My Name To Kishor Kumar For All Purpose.

**NAME CHANGE**
I Abhishek Verma s/o Brij mohan verma , H.No 255-256, om vihar, phase 1 A, uttam nagaer, New Delhi - 110059 West Delhi have changed my name Abhishek To Abhishek verma for all future purposes

**NAME CHANGE**
I, Mohammed Arif Son of Sh Mohammed Iqbal R/O House Number V-723, G/F, Kh No-702/23, Gali No-22-B, Vijay Park, Maujpur, Delhi-110053, have changed my name Aaref Rajput for all future purpose

**PUBLIC NOTICE**
Information is given to general public at large that my client Mr. Amit Kumar Arora is intending to purchase the Western Side Portion of Built-up Property No. 315, Known as II/315, area measuring 374 Sq. Ft., out of land area measuring 83 Sq. Yards, i.e. 69.40 Sq. Meters, Situated at Abadi Teliwara Shahadara in the area of Village Chandrawali Alias Shahdara Illaqa Shahdara Delhi-110032 from Mr. Ashok Vohra owner vide Partition Deed dated 29.12.2023 vide (Doc No. 28) and same property to be financed by Hero Housing Finance Ltd. Branch Address:-3rd Floor, Plot 2320, Old Delhi Road, Rajeev Nagar, Gurugram, Haryana-122001. If any person(s) have objection to sale the subject property, then kindly may contact the undersigned along with original property document, within 07 days from date of this notice on below mentioned address, failing which, the claim as per aforesaid shall be treated as null and void in respect of the subject property.
[ASHWANI KUMAR] Advocate
Chamber No. 122,
Tehsil Compound, Ghaziabad, U.P.

**NAME CHANGE**
I Prashant Kumar Jaiswal S/o Jugdamba Prasad Jaiswal R/o H.No 1231, 3rd Floor, D-Block, Sector-21, Faridabad Haryana-121001, I Have Changed My Name To Prashant Jaiswal For All Purpose.

**PUBLIC NOTICE**
My Client Mr. Sanjay Kumar is Owner of the Residential Apartment bearing no. 209, 2nd floor , Block- Vidhi , Type - MIG-1, in Mahagun Puram , at NH-24, Mehrauli, Ghaziabad, U.P., I have lost Original GPA executed by Mr. Ashish Bhatnagar in favour of Mr. Sudhir Kumar Bhatnagar which is involved in endorsement of allotment of said property , for which complaint lodged to the police. That any person(s)/Appropriate authority etc. if finds the misplaced GPA aforesaid owners may come forward and inform the undersigned within 15 days from the date of Publication.
RAHUL KUMAR GUPTA
(ADVOCATE)
Office Address: 43B, Third Floor, Patparganj Village, Mayur Vihar, Phase-I, Delhi-1,
M-NO- 7252922875

**PUBLIC NOTICE**
Information is given to general public at large that my client Mr. Gurvinder Singh willing to purchase the property in the name of Mrs. Ramanpreet Kaur. Whereas, Late Mrs. Bimla Malhotra W/o Late Mr. M.L. Malhotra, was the owner of the Entire Ground Floor without roof rights of Property No. 92, Block-FC, situated at Tagore Garden, New Delhi, Whereas, Mrs. Bimla Malhotra died on 26.01.2018, leaving behind Mr. Bhagwati Parkash Malhotra, Mrs. Manju Malhotra and Mr. Desh Raj Malhotra, Mrs. Kanika Chopra, Mr. Aman Malhotra and Mrs. Punita Goel as her only legal heirs. Whereas, by virtue of two Relinquishment Deeds dated 06.06.2019, the above mentioned legal heirs release their rights and title in the aforesaid property to Mr. Bhagwati Parkash Malhotra. Whereas, Mr. Bhagwati Parkash Malhotra intends to Sell the aforesaid property to Mrs. Ramanpreet Kaur and same property to be financed by RBL Bank Ltd, Unit No.306-311, 3rd Floor, Sohna Road, Sector-48, JMD Megapolis, Gurgaon Haryana. If any person(s) objection/litigation & regarding the sale of subject property, then kindly may submit his/her objection within 10 days from the date of the Notice in writing. The said objection may be kindly sent to the undersigned by way of the Registered Post on the address given below and by E-mail. failing which, the claim as per aforesaid shall be treated as null and void in respect of the subject property.
[ASHWANI KUMAR] Advocate
Chamber No. 122,
Tehsil Compound, Ghaziabad, U.P.

**NAME CHANGE**
I, SHAKTI DEVI Mother of No-15431100M Rank-SEP, Name-ANEEKET presently residing at VILL-ASABA NAGR, PO-BARAIGARH, TEHSIL-GHATAMPUR, DISTT-KANPUR NAGAR, U.P-209401, have changed my name from SHAKTI DEVI to SAVITRI DEVI for all future purposes and in my son's service records my date of birth wrongly mentioned as 15/07/1958 instead of my correct date of birth as 01/01/1958 Vide Affidavit dated 15/02/2024 before Notary Public Delhi.

**PUBLIC NOTICE**
It is for general information that I JITENDER KUMAR S/O BHORI LAL R/O K-198,SHAKUR PUR, DELHI-110034 declare that name of mine has been wrongly written as JITENDRA in my minor daughter namely BHAVYA aged 13 years in her school record. The actual name of mine is JITENDER KUMAR which may be amended accordingly.

**PUBLIC NOTICE**
It is for general information that I, Pankaj Raj S/o Shri Shyam Sunder R/O 98 GALI NO.01, Dakshin Puri PHASE-I, DELHI-110062, declare that name of mine and my father name have been wrongly written as PANKAJ SHYAM SUNDER and SHYAM SUNDER KALURAM in my PAN CARD NO.DVZPS1703R. The actual name of mine and my father are PANKAJ RAJ and SHYAM SUNDER respectively, which may be amended accordingly.

**NAME CHANGE**
I, AHMAD MANSURI S/O MOHAMMAD SULYMAN residing at J-III BLO VTC JJ COLONY WAZIR DELHI-110052 have changed my name to MOHAMMAD AHMAD for all future purposes.

**NAME CHANGE**
I, NO-16026563A Rank-NK CLK Name-RAVINDRA SINGH SHEKHAWAT S/O SHRAWAN SINGH SHEKHAWAT residing at VPO-KUMAS JAGIR, VIA-NECHHWA, TEH-LAXMANGARH, DIST-SIKAR RAJASTHAN-332026 have changed my minor son's name from TEJENDRA SHEKHAWAT to YASHVARDHAN SHEKHAWAT for all future purposes vide Affidavit dated 15/02/2024 before Notary Public Delhi.

**NAME CHANGE**
I, MOHAMMAD SAYEED KHAN S/O JAIS MOHAMMAD residing at R-79/2, JOGA BAI EXTN, NEAR ANOOR MASJID, BATLA HOUSE, DELHI-110025 have changed my name to MOHAMMAD SAYEED for all future purposes.

**NAME CHANGE**
I LALITHA VENKATARAMANI W/O MR. B. VENKATARAMANI, R/O SECTOR- C , PKT. 8,FLAT NO. 8509,VASANT KUNJ, NEW DELHI-110070, DECLARE THAT IN SOME DOCUMENTS MY NAME IS WRITTEN V. LALITHA, THAT MY REAL NAME IS LALITHA VENKATARAMANI, Both these names refer to the same person.

# ਪਟਿਆਲਾ ਵਾਸੀਆਂ ਲਈ ਉੱਤਰੀ ਬਾਈਪਾਸ ਦੇ ਨਿਰਮਾਣ ਦਾ ਰਸਤਾ ਸਾਫ, ਜਾਰੀ ਹੋਇਆ ਟੈਂਡਰ : ਪ੍ਰਨੀਤ ਕੌਰ

## ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਰਹਿੰਦਿਆਂ ਪਟਿਆਲਾ ਵਿਧਾਨ ਸਭਾ-110 'ਚ ਦੋ ਵੱਡੀਆਂ ਯੂਨੀਵਰਸਿਟੀਆਂ, 500 ਕਰੋੜ ਰੁਪਏ ਦਾ ਨਹਿਰੀ ਪਾਣੀ ਪ੍ਰਾਜੈਕਟ ਅਤੇ ਨਵਾਂ ਬੱਸ ਸਟੈਂਡ ਕੀਤਾ ਸਥਾਪਿਤ - ਐਮ.ਪੀ. ਪਟਿਆਲਾ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਵਿਦੇਸ਼ ਰਾਜ ਮੰਤਰੀ ਅਤੇ ਪਟਿਆਲਾ ਤੋਂ ਸਾਂਸਦ ਪ੍ਰਨੀਤ ਕੌਰ ਮੰਗਲਵਾਰ ਨੂੰ ਸਰਹਿੰਦ ਰੋਡ 'ਤੇ ਸਥਿਤ ਸਿਲਵਰ ਓਕ ਪੈਲੇਸ ਵਿਖੇ ਕਰਵਾਏ ਗਏ ਭਾਜਪਾ ਦੇ ਦੂਜੇ ਬੂਥ ਮਹਾਂਸੰਮੇਲਨ ਦਾ ਹਿੱਸਾ ਬਣੇ।

ਇਸ ਮੌਕੇ ਵਰਕਰਾਂ ਦੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪਟਿਆਲਾ ਵਿਧਾਨ ਸਭਾ ਹਲਕਾ-110 ਦੇ ਲੋਕਾਂ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦੇ ਯਤਨਾਂ ਅਤੇ ਇਲਾਕਾ ਵਾਸੀਆਂ ਦੇ ਭਰੋਸੇ ਸਦਕਾ ਕੇਂਦਰੀ ਸੜਕ ਨਿਰਮਾਣ ਮੰਤਰੀ ਨਿਤਿਨ ਗਡਕਰੀ ਵੱਲੋਂ ਪਟਿਆਲਾ ਦੇ ਉੱਤਰੀ ਬਾਈਪਾਸ ਦੀ ਫਾਈਲ ਪਾਸ ਕਰ ਦਿੱਤੀ ਗਈ ਹੈ ਅਤੇ ਨਿਰਮਾਣ ਲਈ ਟੈਂਡਰ ਜਾਰੀ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਉੱਤਰੀ ਬਾਈਪਾਸ ਦੀ ਉਸਾਰੀ ਦਾ ਕੰਮ ਅਗਲੇ ਦਿਨਾਂ ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਪਟਿਆਲਾ ਦਿਹਾਤੀ ਵਿਧਾਨ ਸਭਾ ਵਿੱਚ ਦੋ ਵੱਡੀਆਂ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਹਨ। ਇਸ ਦੇ ਨਾਲ ਹੀ ਪਟਿਆਲਾ-110 ਵਿੱਚ 500 ਕਰੋੜ ਰੁਪਏ ਦਾ ਨਹਿਰੀ ਪਾਣੀ ਦਾ ਪ੍ਰਾਜੈਕਟ ਅਤੇ ਅਤਿ-ਆਧੁਨਿਕ ਬੱਸ ਸਟੈਂਡ ਬਣਾਇਆ ਜੋ ਲੋਕਾਂ ਨੂੰ ਬਹੁਤ ਲਾਭ ਪਹੁੰਚਾ ਰਿਹਾ ਹੈ। ਉਨ੍ਹਾਂ ਹਾਕਮ ਧਿਰ ਨੂੰ ਕਰਾਰਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਵਿਕਾਸ ਮਹਿਜ਼ ਇਸ਼ਤਿਹਾਰਾਂ ਤੱਕ ਸੀਮਤ ਹੈ, ਪਰ ਜ਼ਮੀਨੀ ਹਕੀਕਤ ਤੋਂ ਹਰ ਵਰਗ ਪ੍ਰੇਸ਼ਾਨ ਹੈ। ਦੂਜੇ ਪਾਸੇ ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਅਨਿਲ ਸਰੀਨ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਬੂਥ ਪੱਧਰ ਨੂੰ ਮਜ਼ਬੂਤ ਕਰਨ ਅਤੇ ਹਰੇਕ ਵਿਅਕਤੀ ਨੂੰ ਆਪਣੀ ਪਛਾਣ ਦੇ ਘੱਟੋ-ਘੱਟ ਦਸ ਵਿਅਕਤੀਆਂ ਦੀਆਂ ਵੋਟਾਂ ਕਮਲ ਦੇ ਫੁੱਲ ਲਈ ਹਾਸਲ ਕਰਨ ਲਈ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਇਸੇ ਤਰ੍ਹਾਂ ਪੰਜਾਬ ਭਾਜਪਾ ਦੇ ਰਾਸ਼ਟਰੀ ਕਾਰਜਕਾਰਣੀ ਦੇ ਮੈਂਬਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਵਾਰ 400 ਦੇ ਪਾਰ ਕਰਨ ਦੇ ਨਾਅਰੇ ਨੂੰ ਸੱਚ ਕਰਨ ਲਈ ਹਰ ਭਾਜਪਾ ਵਰਕਰ ਨੂੰ ਸਖ਼ਤ ਮਿਹਨਤ ਕਰਨੀ ਪਵੇਗੀ। ਬੂਥ ਮਹਾਂਸੰਮੇਲਨ ਵਿੱਚ ਹੋਏ ਇਕੱਠ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਨੇ ਪੰਜਾਬ ਵਿੱਚ ਲੋਕ ਸਭਾ ਲਈ ਅਜੇ ਤੱਕ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ, ਪਰ ਉਨ੍ਹਾਂ ਨੂੰ ਪਤਾ ਹੈ ਕਿ ਮਹਾਰਾਣੀ ਪ੍ਰਨੀਤ ਕੌਰ ਪਟਿਆਲਾ ਲੋਕ ਸਭਾ ਸੀਟ ਤੋਂ ਭਾਜਪਾ ਦੀ ਉਮੀਦਵਾਰ ਹੋਣਗੇ ਅਤੇ ਉਨ੍ਹਾਂ ਨੂੰ ਜਿਤਾਉਣ ਆਪਾਂ ਸਾਰਿਆਂ ਦੀ ਜ਼ਿੰਮੇਵਾਰੀ ਹੈ। ਭਾਜਪਾ ਦੇ ਪਟਿਆਲਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸੰਜੀਵ ਸ਼ਰਮਾ ਬਿੱਟੂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਪਟਿਆਲਾ-110 ਵਿੱਚ ਬੀਤੇ ਸਾਲਾਂ ਦੇ ਵਿਕਾਸ ਬਾਰੇ ਤਾਂ ਸਾਰੇ ਲੋਕ ਜਾਣਦੇ ਹਨ, ਪਰ ਅੱਜ ਦੀ ਨਵੀਂ ਪੀੜੀ ਨੂੰ ਪਤਾ ਹੋਣਾ ਚਾਹਿਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਜਾਂ ਉਹਨਾਂ ਦੇ ਪਰਿਵਾਰ ਵਲੋਂ ਬਹਾਦਰਗੜ੍ਹ ਫੈਕਟਰੀ ਅਤੇ ਡੀ.ਐਮ.ਡਬਲਿਊ ਵਰਗੀਆਂ ਵੱਡੀਆਂ ਸਨਅਤਾਂ ਵੀ ਉਨ੍ਹਾਂ ਦੀ ਮਿਹਨਤ ਸਦਕਾ ਹੀ ਸਥਾਪਿਤ ਹੋਈਆਂ ਹਨ ਅਤੇ ਅੱਜ ਅਨੇਕਾਂ ਲੋਕਾਂ ਨੂੰ ਰੋਜਗਾਰ ਮਿਲ ਸਕਿਆ ਹੈ। ਉਨ੍ਹਾਂ ਕਿਹਾ ਕਿ ਮਹਾਰਾਣੀ ਪ੍ਰਨੀਤ ਕੌਰ ਨੂੰ ਪਟਿਆਲਾ ਲੋਕ ਸਭਾ ਸੀਟ ਤੋਂ ਚੁਣਨਾ ਸਮੁੱਚੇ ਇਲਾਕੇ ਦੀ ਜ਼ਿੰਮੇਵਾਰੀ ਹੈ ਅਤੇ ਇਸ ਤੋਂ ਬਾਅਦ ਇਲਾਕੇ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਜ਼ਿੰਮੇਵਾਰੀ ਮਹਾਰਾਣੀ ਪ੍ਰਨੀਤ ਕੌਰ ਅਤੇ ਮੋਦੀ ਸਰਕਾਰ ਦੀ ਹੋਵੇਗੀ।

ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਪ੍ਰਵੀਨ ਬਾਂਸਲ, ਭਾਜਪਾ ਮਹਿਲਾ ਮੋਰਚਾ ਪੰਜਾਬ ਦੀ ਪ੍ਰਧਾਨ ਬੀਬਾ ਜੈਇੰਦਰ ਕੌਰ, ਸੁਖਵਿੰਦਰ ਕੌਰ ਨੌਲੱਖਾ, ਲੋਕ ਸਭਾ ਹਲਕਾ ਪ੍ਰਚਾਰਕ ਬਲਵੰਤ ਰਾਏ, ਕੇ.ਕੇ ਮਲਹੋਤਰਾ, ਸਾਰੇ ਛੇ ਮੰਡਲਾਂ ਦੇ ਪ੍ਰਧਾਨ ਅਤੇ 258 ਬੂਥ ਇੰਚਾਰਜਾਂ ਅਤੇ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਸ਼ਾਮਲ ਹੋਏ।

## 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਵਿਸ਼ੇਸ਼ ਕੈਂਪਾਂ 'ਚ ਹੁਣ ਤੱਕ 5327 ਸੇਵਾਵਾਂ ਪ੍ਰਦਾਨ

# ਕੈਂਪਾਂ 'ਚ ਰੋਜ਼ਾਨਾ 2800 ਤੱਕ ਲੋਕ ਕਰ ਰਹੇ ਹਨ ਸ਼ਿਰਕਤ : ਡਿਪਟੀ ਕਮਿਸ਼ਨਰ

**ਪਟਿਆਲਾ, 16 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ 6 ਫਰਵਰੀ ਤੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਤਾਰ ਲੱਗ ਰਹੇ ਰੋਜ਼ਾਨਾ 24 ਵਿਸ਼ੇਸ਼ ਕੈਂਪਾਂ ਦੌਰਾਨ ਹੁਣ ਤੱਕ 5327 ਸੇਵਾਵਾਂ ਨਾਗਰਿਕਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ। ਜਦਕਿ ਪਹਿਲੇ ਦਿਨ ਤੋਂ ਹੀ ਇਨ੍ਹਾਂ ਕੈਂਪਾਂ ਵਿੱਚ ਰੋਜ਼ਾਨਾ 2500 ਤੋਂ 2800 ਤੱਕ ਲੋਕ ਸ਼ਿਰਕਤ ਕਰ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਦਿੰਦਿਆਂ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜੇ ਲੱਗਣ ਵਾਲੇ ਇਨ੍ਹਾਂ ਕੈਂਪਾਂ ਦਾ ਲਾਭ ਜ਼ਰੂਰ ਉਠਾਉਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਪ੍ਰਦਾਨ ਕਰਨ ਲਈ ਇਹ ਕੈਂਪ ਲੋਕਾਂ ਲਈ ਲਾਭਕਾਰੀ ਸਿੱਧ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਦਾ ਵੀ ਨਿਵਾਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੀ ਨਿਗਰਾਨੀ ਖ਼ੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਰ ਰਹੇ ਹਨ।



ਪਟਿਆਲਾ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਵਿਸ਼ੇਸ਼ ਕੈਂਪਾਂ ਦੀ ਤਸਵੀਰ।

ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਅੱਜ ਇੱਕ ਦਿਨ ਵਿੱਚ 29 ਕੈਂਪਾਂ ਵਿੱਚ 2718 ਲੋਕਾਂ ਨੇ ਸ਼ਿਰਕਤ ਕੀਤੀ ਤੇ 1659 ਸੇਵਾਵਾਂ ਦਾ ਲਾਭ ਲਿਆ, ਇਨ੍ਹਾਂ ਵਿੱਚੋਂ 1133 ਸੇਵਾਵਾਂ ਮੌਕੇ 'ਤੇ ਹੀ ਪ੍ਰਦਾਨ ਕੀਤੀਆਂ ਗਈਆਂ। ਇਸ ਤੋਂ ਬਿਨ੍ਹਾਂ ਹੁਣ ਤੱਕ ਇਨ੍ਹਾਂ ਕੈਂਪਾਂ ਦੌਰਾਨ 7691 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਲਈ 5327 ਨਾਗਰਿਕ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ ਅਤੇ ਬਾਕੀ ਉਪਰ ਕਾਰਵਾਈ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਕੈਂਪਾਂ ਵਿੱਚ ਹੁਣ ਤੱਕ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਕੁਲ 552 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 171 ਦਾ ਨਿਪਟਾਰਾ ਮੌਕੇ 'ਤੇ ਹੀ ਕਰ ਦਿੱਤਾ ਗਿਆ ਅਤੇ ਬਾਕੀ 381 ਉਪਰ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਤੇ ਪਟਿਆਲਾ ਪੁਲਿਸ ਦੇ ਸਾਂਝ ਕੇਂਦਰਾਂ ਦੀਆਂ ਟੀਮਾਂ ਲਗਾਤਾਰ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਪ੍ਰਦਾਨ ਕੀਤਾ ਜਾ ਰਿਹਾ ਹੈ।

## ਪ੍ਰਸ਼ਾਸਨ ਨੇ ਮੁੱਖ ਮੰਤਰੀ ਦੇ 18 ਫਰਵਰੀ ਦੇ ਦੌਰੇ ਲਈ ਤਿਆਰੀਆਂ ਵਿੱਢੀਆਂ




ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਪ੍ਰਬੰਧਾਂ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

**ਜਲੰਧਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ 18 ਫਰਵਰੀ ਨੂੰ ਨਕੋਦਰ ਵਿਖੇ ਵਿਕਾਸ ਕੰਮਾਂ ਦੇ ਲੋਕ ਅਰਪਣ ਸਬੰਧੀ ਸਮਾਗਮ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ।

ਇਸ ਸਬੰਧੀ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵੱਖ-ਵੱਖ ਅਧਿਕਾਰੀਆਂ ਨੂੰ ਮੁੱਖ ਮੰਤਰੀ ਦੇ ਦੌਰੇ ਸਬੰਧੀ ਲੋੜੀਂਦੀਆਂ ਤਿਆਰੀਆਂ ਅਤੇ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਡਿਊਟੀਆਂ ਨਿਰਧਾਰਿਤ ਕਰਦਿਆਂ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ। ਉਨ੍ਹਾਂ ਕਿਹਾ ਕਿ ਪ੍ਰਬੰਧਾਂ ਪੱਖੋਂ ਕੋਈ ਕਮੀ ਨਹੀਂ ਰਹਿਣੀ ਚਾਹੀਦੀ ਅਤੇ ਸਾਰੇ ਇੰਤਜ਼ਾਮ ਸਮੇਂ ਸਿਰ ਮੁਕੰਮਲ ਕੀਤੇ ਜਾਣੇ ਚਾਹੀਦੇ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਵੱਖ-ਵੱਖ ਕਮੇਟੀਆਂ ਜਿਵੇਂ ਕਿ ਵੈਨਿਊ ਕਮੇਟੀ , ਸੁਰੱਖਿਆ ਕਮੇਟੀ , ਵਿੱਤ ਕਮੇਟੀ ਆਦਿ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ ।

ਪੁਲਿਸ ਵਿਭਾਗ ਨੂੰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੰਦਿਆਂ ਸ੍ਰੀ ਸਾਰੰਗਲ ਨੇ ਕਿਹਾ ਕਿ ਮੁੱਖ ਮੰਤਰੀ ਦੀ ਆਮਦ ਨੂੰ ਲੈ ਕੇ ਲੋੜੀਂਦੀ ਪੁਲਿਸ ਫੋਰਸ ਦੀ ਤਾਇਨਾਤੀ, ਟ੍ਰੈਫਿਕ ਵਿਵਸਥਾ, ਢੁਕਵੀਂ ਪਾਰਕਿੰਗ ਲਈ ਸਾਰੇ ਜ਼ਰੂਰੀ ਇੰਤਜ਼ਾਮ ਸਮੇਂ ਸਿਰ ਕੀਤੇ ਜਾਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿਚ ਲੋਕਾਂ ਦੇ ਭਾਗ ਲੈਣ ਦੀ ਸੰਭਾਵਨਾ ਹੈ , ਜਿਸ ਲਈ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ ।

ਉਨ੍ਹਾਂ ਕਿਹਾ ਕਿ ਸਮਾਗਮ ਵਾਲੇ ਸਥਾਨ ਅਤੇ ਆਲੇ-ਦੁਆਲੇ ਦੀ ਸਫਾਈ, ਲੋਕਾਂ ਦੇ ਬੈਠਣ ਲਈ ਇੰਤਜ਼ਾਮ, ਪੀਣ ਵਾਲੇ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਫਾਇਰ ਬ੍ਰਿਗੇਡ, ਮੈਡੀਕਲ ਟੀਮਾਂ ਦੀ ਤਾਇਨਾਤੀ ਆਦਿ ਸਮੇਤ ਸਮੁੱਚੇ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਮੁੱਚੇ ਇੰਤਜ਼ਾਮ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕਰਨ ਦੇ ਵੀ ਨਿਰਦੇਸ਼ ਦਿੱਤੇ।

ਇਸ ਮੌਕੇ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ , ਵਧੀਕ ਡਿਪਟੀ ਕਮਿਸ਼ਨਰ ਡਾ. ਅਮਿਤ ਮਹਾਜਨ , ਵਧੀਕ ਡਿਪਟੀ ਕਮਿਸ਼ਨਰ ਵਿਕਾਸ ਜਸਬੀਰ ਸਿੰਘ , ਵਧੀਕ ਕਮਿਸ਼ਨਰ ਨਗਰ ਨਿਗਮ ਅਮਰਜੀਤ ਸਿੰਘ ਤੇ ਸਮੂਹ ਵਿਭਾਗਾਂ ਦੇ ਉੱਚ ਅਧਿਕਾਰੀ ਹਾਜ਼ਰ ਸਨ ।

# ਬਲਬੀਰ ਸਿੱਧੂ ਵੱਲੋਂ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਥਾਂ ਤਸ਼ੱਦਦ ਕਰਨ ਦੀ ਪੁਰਜ਼ੋਰ ਨਿੰਦਾ

## ਸਰਕਾਰ ਗੋਲੀਆਂ ਤੇ ਲਾਠੀਆਂ ਦਾ ਰਾਹ ਛੱਡ ਕੇ ਮੰਨੀਆਂ ਮੰਗਾਂ ਉਤੇ ਅਮਲ ਕਰੇ

**ਮੁਹਾਲੀ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਅੱਜ ਇਥੇ ਕਿਹਾ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਕਿਸਾਨੀ ਮੰਗਾਂ ਮੰਨਣ ਦੀ ਥਾਂ ਤਸ਼ੱਦਦ ਦਾ ਰਾਹ ਅਪਨਾਉਣ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਹੈ ਕਿ ਦੇਸ਼ ਦੇ ਅੰਨਦਾਤਾ ਨੂੰ ਸੜਕਾਂ ਤੇ ਰੋਲਣਾ ਪੂਰੇ ਮੁਲਕ ਲਈ ਬਹੁਤ ਹੀ ਸ਼ਰਮਨਾਕ ਵਰਤਾਰਾ ਹੈ।

ਸ਼੍ਰੀ ਸਿੱਧੂ ਨੇ ਕਿਹਾ ਕਿ ਹਰਿਆਣਾ ਸਰਕਾਰ ਵਲੋਂ ਬਹੁਤ ਹੀ ਗੈਰਜ਼ਿੰਮੇਵਾਰੀ ਅਤੇ ਬੇਕਿਰਕੀ ਨਾਲ ਕਿਸਾਨਾਂ ਉਤੇ ਲਾਠੀਚਾਰਜ ਅਤੇ ਗੋਲਾਬਾਰੀ ਕਰ ਕੇ ਸੈਂਕੜੇ ਕਿਸਾਨਾਂ ਨੂੰ ਜ਼ਖ਼ਮੀ ਕਰ ਦਿਤਾ ਹੈ ਜਿਨ੍ਹਾਂ ਵਿਚੋਂ ਬਹੁਤਿਆਂ ਦੀ ਹਾਲਤ ਨਾਜ਼ੁਕ ਹੈ। ਉਹਨਾਂ ਕਿਹਾ ਕਿ ਆਪਣੀਆਂ ਮੰਗੀਆਂ ਗਈਆਂ ਮੰਗਾਂ ਨੂੰ ਲਾਗੂ ਕਰਾਉਣ ਲਈ ਪੁਰਅਮਨ ਢੰਗ ਨਾਲ ਸੰਘਰਸ਼ ਕਰ ਰਹੇ ਕਿਸਾਨਾਂ ਉਤੇ ਹੰਝੂ ਗੈਸ ਦੇ ਗੋਲੇ ਵਰਾਉਣਾ, ਲਾਠੀਚਾਰਜ ਕਰਨਾ ਅਤੇ ਰਬੜ ਦੀਆਂ ਗੋਲੀਆਂ ਚਲਾਉਣਾ ਲੋਕਤੰਤਰ ਦਾ ਘਾਣ ਹੈ। ਸਾਬਕਾ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਆਪਣੇ ਸੂਬੇ ਦੇ ਕਿਸਾਨਾਂ ਦੀ ਰਾਖੀ ਕਰਨ ਵਿਚ ਬੁਰੀ ਤਰਾਂ ਫੇਲ੍ਹ ਹੋ ਰਹੀ ਹੈ ਕਿਉਂਕਿ ਹਰਿਆਣਾ ਪੁਲੀਸ ਸਾਰਾ ਦਿਨ ਪੰਜਾਬ ਦੀ ਹੱਦ ਵਿਚ ਬੈਠੇ ਕਿਸਾਨਾਂ ਉਤੇ ਡਰੋਨਾਂ ਰਾਹੀਂ ਗੋਲੇ ਦਾਗਦੀ ਰਹੀ। ਉਹਨਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਜ਼ਖ਼ਮੀ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦੇਵੇ ਅਤੇ ਉਹਨਾਂ ਦਾ ਇਲਾਜ ਸਰਕਾਰੀ ਖ਼ਰਚੇ ਉਤੇ ਕਰਵਾਇਆ ਜਾਵੇ।



ਸ਼੍ਰੀ ਸਿੱਧੂ ਨੇ ਹਰਿਆਣਾ ਸਰਕਾਰ ਵਲੋਂ ਕਿਸਾਨਾਂ ਉਤੇ ਤਸ਼ੱਦਦ ਕਰਨ ਦੀ ਨਿੰਦਾ ਕਰਦਿਆ ਕਿਹਾ ਕਿ ਹਰਿਆਣਾ ਸਰਕਾਰ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਦਿੱਲੀ ਜਾ ਰਹੇ ਕਿਸਾਨਾਂ ਦੇ ਰਾਹ ਵਿਚ ਰੋੜੇ ਅਟਕਾਵੇ ਕਿਉਂਕਿ ਕਿਸਾਨਾਂ ਨੇ ਤਾਂ ਹਰਿਆਣਾ ਵਿਚ ਰੁਕਣਾ ਹੀ ਨਹੀਂ ਹੈ। ਉਹਨਾਂ ਹਰਿਆਣਾ ਸਰਕਾਰ ਨੂੰ ਕਿਹਾ ਕਿ ਉਹ ਦਿੱਲੀ ਸਰਕਾਰ ਤੇ ਕਿਸਾਨਾਂ ਦਰਮਿਆਨ ਨਾ ਆਵੇ ਨਹੀਂ ਤਾਂ ਹਾਲਾਤ ਗੰਭੀਰ ਹੋ ਸਕਦੇ ਹਨ।

ਸਾਬਕਾ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਮੁੜ ਸੰਘਰਸ ਦਾ ਰਾਹ ਇਸ ਲਈ ਅਖ਼ਤਿਆਰ ਕਰਨਾ ਪਿਆ ਹੈ ਕਿਉਂਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਮੁੱਕਰ ਗਈ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਬੀਤੇ ਤੋਂ ਸਬਕ ਸਿਖਦਿਆਂ ਕਿਸਾਨਾਂ ਦੀਆਂ ਮੰਨੀਆਂ ਗਈਆਂ ਮੰਗਾਂ ਉਤੇ ਤੁਰੰਤ ਅਮਲ ਕਰੇ।

# ਸਰਕਾਰੀ ਸਕੂਲਾਂ 'ਚ ਦਾਖ਼ਲਿਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਦਾਖ਼ਲਾ ਵੈਨ ਰਵਾਨਾ



ਦਾਖ਼ਲਾ ਵੈਨ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਸੈਕੰਡਰੀ) ਸੁਰੇਸ਼ ਕੁਮਾਰ, ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐਲੀਮੈਂਟਰੀ) ਹਰਜਿੰਦਰ ਕੌਰ ਅਤੇ ਹੋਰ ਅਧਿਕਾਰੀ।

**ਜਲੰਧਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ 'ਚ ਨਰਸਰੀ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖ਼ਲਿਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਵਿੱਢੀ ਮੁਹਿੰਮ ਤਹਿਤ ਅੱਜ ਇੱਕ ਵਿਸ਼ੇਸ਼ ਦਾਖ਼ਲਾ ਵੈਨ ਨੂੰ ਦਫ਼ਤਰ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐਲੀਮੈਂਟਰੀ) ਲਾਡੋਵਾਲੀ ਰੋਡ ਤੋਂ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਸੈਕੰਡਰੀ ਸਿੱਖਿਆ) ਸੁਰੇਸ਼ ਕੁਮਾਰ, ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐਲੀਮੈਂਟਰੀ ਸਿੱਖਿਆ) ਹਰਜਿੰਦਰ ਕੌਰ, ਉੱਪ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਸੈਕੰਡਰੀ) ਰਾਜੀਵ ਜੋਸ਼ੀ ਅਤੇ ਉਪ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐਲੀਮੈਂਟਰੀ) ਮਨੀਸ਼ ਕੁਮਾਰ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐ) ਹਰਜਿੰਦਰ ਕੌਰ ਅਤੇ ਸੁਰੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਸੈਕੰਡਰੀ) ਨੇ ਕਿਹਾ ਕਿ ਇਹ ਦਾਖ਼ਲਾ ਵੈਨ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਜ਼ਿਲ੍ਹਾ ਵਾਸੀਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਾਉਣ ਲਈ ਪ੍ਰੇਰਿਤ ਕਰੇਗੀ ਤਾਂ ਜੋ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ।

ਉੱਪ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਐਲੀਮੈਂਟਰੀ) ਮਨੀਸ਼ ਕੁਮਾਰ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਦੀ ਅਪੀਲ ਕੀਤੀ।

ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅ.ਫ਼ਸਰ (ਸੈਕੰਡਰੀ) ਰਾਜੀਵ ਜੋਸ਼ੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਉੱਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਉਪਲਬਧ ਹੈ ਜਿੱਥੇ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਲੋਕਾਂ ਨੂੰ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ।

'ਪੜ੍ਹੋ ਪੰਜਾਬ' ਜ਼ਿਲ੍ਹਾ ਕੋਆਰਡੀਨੇਟਰ ਵਰਿੰਦਰਵੀਰ ਸਿੰਘ ਨੇ ਕਿਹਾ ਕਿ ਇਸ ਅਭਿਆਨ ਦੌਰਾਨ ਅਧਿਆਪਕ ਲੋਕਾਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਲੇ ਬਾਰੇ ਜਾਣਕਾਰੀ ਦੇਣਗੇ। ਉਨ੍ਹਾਂ ਨੇ ਕਿਹਾ ਕਿ ਅਗਲੀ ਕਲਾਸ ਵਿਚ ਹੋਣ ਵਾਲੇ ਵਿਦਿਆਰਥੀਆਂ ਦੇ ਮੁੜ ਸਰਕਾਰੀ ਸਕੂਲਾਂ ਵਿਚ ਦਾਖ਼ਲੇ ਦੇ ਨਾਲ-ਨਾਲ ਸਕੂਲਾਂ ਤੋਂ ਵਾਂਝੇ ਵਿੱਦਿਆਰਥੀਆਂ ਨੂੰ ਵੀ ਸਕੂਲਾਂ ਵਿਚ ਦਾਖ਼ਲ ਕੀਤਾ ਜਾਵੇਗਾ।

ਇਸ ਮੌਕੇ ਪ੍ਰਿੰ. ਮਨਿੰਦਰ ਕੌਰ, ਪ੍ਰਦੀਪ ਪ੍ਰਿਤਪਾਲ ਸਿੰਘ, ਬੀਪੀਈਓ ਬਾਲਕ੍ਰਿਸ਼ਨ, ਰਾਜ ਕੁਮਾਰ, ਗੁਰਦੀਪ ਸਿੰਘ, ਪੰਕਜ ਕੁਮਾਰ, ਸੰਦੀਪ ਸਿੱਧੂ, ਜ਼ਿਲ੍ਹਾ ਸਮਾਰਟ ਸਕੂਲ ਕੋਆਰਡੀਨੇਟਰ ਅਮਨਦੀਪ ਅਤੇ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਹਰਜੀਤ ਸਿੰਘ ਆਦਿ ਵੀ ਮੌਜੂਦ ਸਨ।

# ਹੌਗ ਡੀਅਰ' ਨੂੰ ਕਥਲੌਰ-ਕੌਸ਼ਲਿਆ ਵਾਈਲਡਲਾਈਫ ਸੈਂਚੂਰੀ ਦੀ ਪ੍ਰਤੀਕਚਿੰਨ ਪ੍ਰਜਾਤੀ ਐਲਾਨਿਆ ਜਾਵੇਗਾ: ਲਾਲ ਚੰਦ ਕਟਾਰੂਚੱਕ

## ਪੰਜਾਬ ਰਾਜ ਜੰਗਲੀ ਜੀਵ ਬੋਰਡ ਦੀ ਸਥਾਈ ਕਮੇਟੀ ਨੇ ਦਿੱਤੀ ਪ੍ਰਵਾਨਗੀ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਭਰ ਵਿੱਚ ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਨੂੰ ਮੁੱਖ ਰੱਖਦਿਆਂ ਪੰਜਾਬ ਰਾਜ ਜੰਗਲੀ ਜੀਵ ਬੋਰਡ ਨੇ ਅੱਜ ਹੌਗ ਡੀਅਰ (ਐਕਸਿਸ ਪੋਰਸੀਨਸ) ਨੂੰ ਕਥਲੌਰ-ਕੌਸ਼ੱਲਿਆ ਵਾਈਲਡ ਲਾਈਫ ਸੈਂਚੁਰੀ ਦੀ ਮਾਸਕੌਟ ਸਪੀਸੀਜ਼ (ਪ੍ਰਤੀਕਚਿੰਨ ਪ੍ਰਜਾਤੀ) ਐਲਾਨ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਪਰੋਕਤ ਫੈਸਲਾ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਪ੍ਰਧਾਨਗੀ ਹੇਠ ਸੈਕਟਰ-68 ਸਥਿਤ ਜੰਗਲਾਤ ਕੰਪਲੈਕਸ ਵਿਖੇ ਹੋਈ ਬੋਰਡ ਦੀ ਸਥਾਈ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ ਕਿਉਂਕਿ ਹੌਗ ਡੀਅਰ ਅਸਲ ਵਿੱਚ ਕਥਲੌਰ-ਕੌਸ਼ਲਿਆ ਵਾਈਲਡਲਾਈਫ ਸੈਂਚੁਰੀ ਦੇ ਕੁਦਰਤੀ ਨਿਵਾਸ ਸਥਾਨਾਂ ਦੀ ਨੁਮਾਇੰਦਗੀ ਕਰਦਾ ਹੈ ਕਿਉਂਕਿ ਇਹ ਜੀਵ ਇੱਥੇ ਵੱਡੀ ਗਿਣਤੀ ਵਿੱਚ ਪਾਏ ਜਾਂਦੇ ਹਨ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਹੌਗ ਡੀਅਰ ਨੂੰ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ਼ ਨੇਚਰ (ਆਈ.ਯੂ.ਸੀ.ਐਨ.) ਵੱਲੋਂ ਲੁਪਤ ਹੋ ਰਹੀ ਪ੍ਰਜਾਤੀ ਦੀ ਸ਼੍ਰੇਣੀ ਵਿੱਚ ਦਰਜ ਕੀਤਾ ਗਿਆ ਹੈ ਅਤੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਸੋਧ ਐਕਟ, 2022 ਦੇ ਸ਼ਡਿਊਲ-1 ਵਿੱਚ ਦਰਸਾਇਆ ਗਿਆ ਹੈ। ਹੋਰ ਮੁੱਦਿਆਂ ਦੇ ਨਾਲ-ਨਾਲ ਕਮੇਟੀ ਵੱਲੋਂ ਅਰਨੌਲੀ ਡਿਸਟ੍ਰੀਬਿਊਟਰੀ ਦੇ ਆਰ.ਡੀ. 71000 'ਤੇ ਐਕਵਾ ਡਕਟ ਬਣਾਉਣ ਦਾ ਪ੍ਰਸਤਾਵ ਨੈਸ਼ਨਲ ਬੋਰਡ ਫਾਰ ਵਾਈਲਡ ਲਾਈਫ ਦੀ ਸਥਾਈ ਕਮੇਟੀ ਨੂੰ ਭੇਜਣ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਪ੍ਰਾਜੈਕਟ ਪਟਿਆਲਾ ਦੇ ਬੀੜ ਭੁਨਰਹੇੜੀ ਜੰਗਲੀਜੀਵ ਰੱਖ ਅਤੇ ਇਸ ਦੇ ਨਾਲ ਲੱਗਦੀ ਈਕੋ-ਸੈਂਸਟਿਵ ਜ਼ੋਨ ਵਿੱਚ ਲਾਗੂ ਕੀਤਾ ਜਾਵੇਗਾ। f

# ਚਾਈਨਾ ਡੋਰ ਦੀ ਵਰਤੋਂ ਕਰਨ ਵਾਲੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ : ਐੱਸ.ਐੱਚ.ਓ.

**ਮਾਛੀਵਾੜਾ ਸਾਹਿਬ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਬਸੰਤ ਪੰਚਮੀ ਨੂੰ ਲੈ ਕੇ ਮਾਛੀਵਾੜਾ ਪੁਲਿਸ ਵੱਲੋਂ ਸ਼ਹਿਰ ਦੇ ਪਤੰਗ ਅਤੇ ਡੋਰਾਂ ਵੇਚਣ ਵਾਲੇ ਦੁਕਾਨਦਾਰਾਂ ਤੇ ਛਾਪੇਮਾਰੀ ਕੀਤੀ ਗਈ ਤਾਂ ਜੋ ਚਾਈਨਾ ਡੋਰ ਦੀ ਵਰਤੋਂ ਨੂੰ ਰੋਕਿਆ ਜਾ ਸਕੇ। ਪਤੰਗ ਅਤੇ ਡੋਰਾਂ ਵੇਚਣ ਵਾਲੇ ਦੁਕਾਨਦਾਰਾਂ ਤੇ ਛਾਪੇਮਾਰੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਐਚ.ਓ. ਮਾਛੀਵਾੜਾ ਭਿੰਦਰ ਸਿੰਘ ਖੰਗੂੜਾ ਨੇ ਕਿਹਾ ਕਿ ਚਾਈਨਾ ਡੋਰ ਦੀ ਵਰਤੋਂ ਕਿਸੇ ਕਿਸਮ ਤੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਬਸੰਤ ਪੰਚਮੀ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨਾਂ ਵੱਲੋਂ ਪਤੰਗ ਉਡਾਏ ਜਾਂਦੇ ਹਨ ਤੇ ਇਸੇ ਦੌਰਾਨ ਚਾਈਨਾ ਡੋਰ ਦੀ ਵਰਤੋਂ ਵੀ ਧੜੱਲੇ ਕੀਤੀ ਜਾਂਦੀ ਹੈ ਜੋ ਕਿ ਪੰਜਾਬ ਸਰਕਾਰ ਵੱਲੋਂ ਪਾਬੰਦੀਸ਼ੁਦਾ ਘੋਸ਼ਿਤ ਕੀਤੀ ਗਈ ਹੈ ਤੇ ਇਹ ਜਾਨਲੇਵਾ ਸਾਬਤ ਹੋ ਰਹੀ ਹੈ। ਪਿਛਲੇ ਸਾਲਾਂ ਦੇ ਦੌਰਾਨ ਇਸ ਚਾਈਨਾ ਡੋਰ ਦੇ ਕਾਰਨ ਹਜ਼ਾਰਾਂ ਲੋਕ ਜ਼ਖ਼ਮੀ ਹੋਏ ਹਨ ਕਈਆਂ ਨੂੰ ਆਪਣੀ ਜਾਨ ਤੋਂ ਹੱਥ ਤੱਕ ਧੋਣੇ ਪਏ ਇਸ ਲਈ ਪੰਜਾਬ ਸਰਕਾਰ ਨੇ ਚਾਈਨਾ ਡੋਰ ਵੇਚਣ ਵਾਲਿਆਂ ਤੇ ਪਹਿਲਾਂ ਹੀ ਸਖਤੀ ਕੀਤੀ ਹੋਈ ਹੈ। ਅੱਜ ਬਸੰਤ ਪੰਚਮੀ ਦੇ ਮੌਕੇ ਪੂਰੇ ਪੰਜਾਬ ਭਰ ਵਿੱਚ ਵੱਡੀ ਗਿਣਤੀ ਵਿੱਚ ਪਤੰਗ ਉਡਾਏ ਜਾਂਦੇ ਹਨ ਤੇ ਉਦੋਂ ਹੀ ਕੁਝ ਸ਼ਰਾਰਤੀ ਕਿਸਮ ਦੇ ਅਨਸਰ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦਿਆਂ ਚਾਈਨਾ ਡੋਰ ਦੇ ਨਾਲ ਪਤੰਗ ਉਡਾਉਂਦੇ ਹਨ ,ਜੋ ਆਸਮਾਨ ਵਿੱਚ ਉਡਦੇ ਪੰਛੀਆਂ ਦੇ ਲਈ ਤਾਂ ਜਾਨਲੇਵਾ ਸਾਬਤ ਹੁੰਦੀ ਹੀ ਹੈ, ਸੜਕਾਂ ਰਸਤਿਆਂ ਤੇ ਜਾਂਦਿਆਂ ਦੋਪਹੀਆ ਵਾਹਨਾਂ ਤੇ ਸਵਾਰ ਵਿਅਕਤੀਆਂ ਲਈ ਵੀ ਘਾਤਕ ਸਿੱਧ ਹੁੰਦੀ ਹੈ। ਉਹਨਾਂ ਦੁਕਾਨਦਾਰਾਂ ਨੂੰ ਵੀ ਸਖਤ ਸ਼ਬਦਾਂ ਵਿੱਚ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਕਿਸੇ ਦੁਕਾਨਦਾਰ ਕੋਲੋਂ ਚਾਈਨਾ ਡੋਰ ਬਰਾਮਦ ਹੋਈ ਜਾ ਕਿਸੇ ਨੂੰ ਵੇਚੀ ਤਾਂ ਉਹਨਾਂ ਤੇ ਕਾਨੂੰਨ ਅਨੁਸਾਰ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।



# ਏ.ਟੀ.ਐਮ ਕਾਰਡਾਂ ਦੀ ਧੋਖੇ ਨਾਲ ਅਦਲਾ-ਬਦਲੀ ਕਰਕੇ ਲੋਕਾਂ ਨਾਲ ਧੋਖਾਧੜੀ ਕਰਨ ਵਾਲੇ ਨੂੰ ਪੁਲਿਸ ਨੇ ਕੀਤਾ ਕਾਬੂ

## ਮੁਲਜ਼ਮਾਂ ਕੋਲੋਂ ਵੱਖ-ਵੱਖ ਬੈਂਕਾਂ ਦੇ 22 ਏਟੀਐਮ ਕਾਰਡ ਬਰਾਮਦ

**ਜਲੰਧਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਪੁਲਿਸ ਕਮਿਸ਼ਨਰੇਟ ਨੇ ਧੋਖੇ ਨਾਲ ਏ.ਟੀ.ਐਮ ਕਾਰਡਾਂ ਦੀ ਅਦਲਾ-ਬਦਲੀ ਕਰਨ ਵਾਲੇ ਇੱਕ ਵਿਅਕਤੀ ਨੂੰ ਵੱਖ-ਵੱਖ ਬੈਂਕਾਂ ਦੇ 22 ਏ.ਟੀ.ਐਮ ਕਾਰਡਾਂ ਸਮੇਤ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੂੰ ਸੂਹ ਮਿਲੀ ਸੀ ਕਿ ਇੱਕ ਵਿਅਕਤੀ ਧੋਖੇ ਨਾਲ ਏ.ਟੀ.ਐਮ ਕਾਰਡ ਬਦਲ ਕੇ ਲੋਕਾਂ ਨਾਲ ਕਈ ਤਰ੍ਹਾਂ ਦੀ ਧੋਖਾਧੜੀ ਕਰ ਰਿਹਾ ਹੈ। ਇਸ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਦੋਸ਼ੀ ਨੂੰ ਸ਼ਹਿਰ ਦੇ ਪਠਾਨਕੋਟ ਚੌਕ ਨੇੜਿਓਂ ਗ੍ਰਿਫਤਾਰ ਕਰ ਲਿਆ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਦੀ ਪਛਾਣ ਦੀਪਕ ਕੁਮਾਰ ਉਰਫ ਸੋਨੂੰ ਪੁੱਤਰ ਕਮਲੇਸ਼ਵਰ ਪਾਂਡੇ ਵਾਸੀ ਬੀਐਕਸ 1241/4 ਨੇੜੇ ਰਵਿਦਾਸ ਮੰਦਰ ਲੰਮਾ ਪਿੰਡ ਜਲੰਧਰ ਵਜੋਂ ਹੋਈ ਹੈ।



ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੀਪਕ ਕੁਮਾਰ ਕਥਿਤ ਤੌਰ 'ਤੇ ਕਈ ਧੋਖਾਧੜੀ ਵਿੱਚ ਸ਼ਾਮਲ ਸੀ, ਜਿਸ ਵਿੱਚ ਉਸਨੇ ਧੋਖੇ ਨਾਲ ਏਟੀਐਮ ਕਾਰਡ ਬਦਲੇ ਅਤੇ ਪੈਸੇ ਕਢਵਾ ਲਏ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 22 ਏਟੀਐਮ ਬਰਾਮਦ ਕੀਤੇ ਹਨ ਜਿਨ੍ਹਾਂ ਵਿੱਚ ਐਸਬੀਆਈ ਬੈਂਕ ਅਤੇ ਐਚਡੀਐਫਸੀ ਬੈਂਕ ਦੇ ਚਾਰ-ਚਾਰ, ਸੈਂਟਰਲ ਬੈਂਕ ਆਫ ਇੰਡੀਆ ਦੇ ਤਿੰਨ, ਬੈਂਕ ਆਫ ਬੜੌਦਾ ਅਤੇ ਐਕਸਿਸ ਬੈਂਕ ਦੇ ਦੋ-ਦੋ, ਯੂਨੀਅਨ ਬੈਂਕ ਦਾ ਇੱਕ-ਇੱਕ, ਪੀ.ਐਨ.ਬੀ. ਬੈਂਕ, ਕੇਨਰਾ ਬੈਂਕ, ਆਈਐਫਐਫਸੀ ਬੈਂਕ, ਆਈਸੀਆਈ ਸੀਆਈ ਬੈਂਕ, ਕੋਟਕ ਮਹਿੰਦਰਾ ਬੈਂਕ ਅਤੇ ਆਈਬੀਡੀਆਈ ਬੈਂਕ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਥਾਣਾ ਡਿਵੀਜ਼ਨ 8 ਜਲੰਧਰ ਵਿਖੇ ਮੁਕੱਦਮਾ ਨੰਬਰ 27 ਮਿਤੀ 12-02-2024 ਅਧੀਨ 379/420/411 ਆਈ.ਪੀ.ਸੀ. ਪੁਲਿਸ ਕਮਿਸ਼ਨਰ ਨੇ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਚੋਰੀ, ਧੋਖਾਧੜੀ ਅਤੇ ਹੋਰਾਂ ਦੀਆਂ ਗੰਭੀਰ ਧਾਰਾਵਾਂ ਨਾਲ ਸਬੰਧਤ ਤਿੰਨ ਐਫਆਈਆਰਜ਼ ਦੇ ਨਾਲ-ਨਾਲ ਇੱਕ ਡੀਡੀਆਰ ਪਹਿਲਾਂ ਹੀ ਪੈਂਡਿੰਗ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

# ਵਿੱਤੀ ਵਰ੍ਹੇ 2023-24 ਦੌਰਾਨ 2121 ਕਿਲੋਮੀਟਰ ਲੰਬੀਆਂ ਸੜਕਾਂ ਦੇ ਕੰਮ ਹੋਏ ਮੁਕੰਮਲ: ਹਰਭਜਨ ਸਿੰਘ ਈ.ਟੀ.ਓ

## ਪਾਰਦਰਸ਼ੀ ਆਨਲਾਈਨ ਬੋਲੀ ਪ੍ਰਕ੍ਰਿਆ ਕਾਰਨ ਹੋਈ 21 ਫੀਸਦੀ ਬਚਤ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਅੱਜ ਇਥੇ ਦੱਸਿਆ ਕਿ ਵਿੱਤੀ ਵਰ੍ਹੇ 2023-24 ਦੌਰਾਨ ਹੁਣ ਤੱਕ 2121 ਕਿਲੋਮੀਟਰ ਲੰਬੀਆਂ ਸੜਕਾਂ ਦੇ ਨਿਰਮਾਣ ਕਾਰਜ਼ ਮੁਕੰਮਲ ਕਰ ਲਏ ਗਏ ਹਨ ਅਤੇ ਇਨ੍ਹਾਂ ਕਾਰਜਾਂ ਦੌਰਾਨ ਅਪਣਾਈ ਗਈ ਪਾਰਦਰਸ਼ੀ ਬੋਲੀ ਪ੍ਰਕ੍ਰਿਆ ਕਾਰਨ ਕੁੱਲ 21 ਫੀਸਦੀ ਦੀ ਬਚਤ ਹੋਈ ਹੈ।




ਠੰਡ ਅਤੇ ਧੁੰਦ ਦੇ ਮੌਸਮ ਕਾਰਨ ਬੰਦ ਕੀਤੇ ਗਏ ਸੜਕ ਨਿਰਮਾਣ ਦੇ ਕਾਰਜਾਂ ਨੂੰ ਸ਼ੁਰੂ ਕਰਨ ਦੇ ਮੱਦੇਨਜ਼ਰ ਇਥੇ ਪੰਜਾਬ ਸਿਵਲ ਸਕੱਤਰੇਤ-2 ਵਿਖੇ ਲੋਕ ਨਿਰਮਾਣ ਵਿਭਾਗ ਦੀ ਸਮੀਖਿਆ ਮੀਟਿੰਗ ਦੌਰਾਨ ਸ. ਹਰਭਜਨ ਸਿੰਘ ਈ.ਟੀ.ਓ ਨੇ ਵਿਭਾਗ ਦੇ ਅਧਿਕਾਰੀਆਂ ਦੀ ਹੁਣ ਤੱਕ ਦੀ ਕਾਰਗੁਜਾਰੀ ਦੀ ਪ੍ਰਸੰਸਾ ਕੀਤੀ। ਇਸ ਵਿੱਤੀ ਵਰ੍ਹੇ ਦੇ ਬਾਕੀ ਰਹਿੰਦੇ 1954 ਕਿਲੋਮੀਟਰ ਸੜਕਾਂ ਦੇ ਕਾਰਜਾਂ ਨੂੰ ਮੁਕੰਮਲ ਕਰਨ ਲਈ ਵਿਭਾਗ ਵੱਲੋਂ ਅਪਣਾਈ ਜਾ ਰਹੀ ਰਣਨੀਤੀ ਦੀ ਸਮੀਖਿਆ ਉਪਰੰਤ ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ 31 ਮਾਰਚ ਤੱਕ ਸੜਕਾਂ ਦੇ ਬਾਕੀ ਸਾਰੇ ਕਾਰਜ਼ ਵੀ ਟੀਚੇ ਮੁਤਾਬਕ ਮੁਕੰਮਲ ਕਰ ਲਏ ਜਾਣਗੇ।

ਮੀਟਿੰਗ ਦੌਰਾਨ ਵਿੱਤੀ ਵਰ੍ਹੇ 2023-24 ਲਈ ਮਿਥੇ ਟੀਚਿਆਂ ਅਨੁਸਾਰ ਵਿਭਾਗ ਦੀ ਹੁਣ ਤੱਕ ਦੀ ਕਾਰਵਾਈ ਬਾਰੇ ਲੋਕ ਨਿਰਮਾਣ ਮੰਤਰੀ ਨੂੰ ਵਿਸਥਾਰ ਵਿੱਚ ਜਾਣੂੰ ਕਰਵਾਉਂਦਿਆਂ ਵਿਭਾਗ ਦੇ ਸਕੱਤਰ ਸ੍ਰੀ ਪ੍ਰਿਆਂਕ ਭਾਰਤੀ ਨੇ ਕਿਹਾ ਕਿ ਮੌਜੂਦਾ ਵਿੱਤੀ ਵਰ੍ਹੇ ਦੌਰਾਨ ਹੁਣ ਤੱਕ 1089 ਕਰੋੜ ਰੁਪਏ ਦੀ ਲਾਗਤ ਨਾਲ 2121 ਕਿਲੋਮੀਟਰ ਸੜਕਾਂ ਬਣਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਦੌਰਾਨ ਅਪਣਾਈ ਗਈ ਪਾਰਦਰਸ਼ੀ ਬੋਲੀ ਪ੍ਰਕ੍ਰਿਆ ਸਦਕਾ 263 ਕਰੋੜ ਰੁਪਏ ਦੀ ਬਚਤ ਹੋਈ ਜੋ ਕਿ 21 ਫੀਸਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੀਆਂ 1954 ਕਿਲੋਮੀਟਰ ਦੀਆਂ ਸੜਕਾਂ 'ਤੇ 1066 ਕਰੋੜ ਰੁਪਏ ਇਸ ਵਿੱਤੀ ਸਾਲ ਵਿੱਚ ਖਰਚ ਕਰ ਲਏ ਜਾਣਗੇ।

ਲੋਕ ਨਿਰਮਾਣ ਵਿਭਾਗ ਨੂੰ ਸਫਲਤਾ ਲਈ ਵਧਾਈ ਦਿੰਦਿਆਂ ਸ. ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਵਿੱਤੀ ਸਾਲ 2022-23 ਵਿੱਚ 1432 ਕਰੋੜ ਰੁਪਏ ਦੀ ਲਾਗਤ ਨਾਲ 4292 ਕਿਲੋਮੀਟਰ ਸੜਕਾਂ ਬਣਾਇਆਂ ਗਈਆਂ ਸਨ ਅਤੇ ਵਿੱਤੀ ਸਾਲ 2023-24 ਵਿੱਚ 2155 ਕਰੋੜ ਰੁਪਏ ਦੀ ਲਾਗਤ ਨਾਲ 4075 ਕਿਲੋਮੀਟਰ ਸੜਕਾਂ ਦਾ ਟੀਚਾ ਮਿਥਿਆ ਗਿਆ, ਜੋ ਵਿਭਾਗ ਵੱਲੋਂ ਪੂਰਾ ਕਰ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਵਿਭਾਗ ਦੀਆਂ ਇੰਨ੍ਹਾਂ ਪ੍ਰਾਪਤੀਆਂ ਨੂੰ ਦੇਖਦਿਆਂ ਹੀ ਵਿੱਤੀ ਵਰ੍ਹੇ 2024-25 ਲਈ 2089 ਕਰੋੜ ਰੁਪਏ ਦੀ ਲਾਗਤ ਨਾਲ 2270 ਕਿਲੋਮੀਟਰ ਦੀਆਂ ਸੜਕਾਂ ਦਾ ਟੀਚਾ ਮਿਥਿਆ ਜਾ ਰਿਹਾ ਹੈ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਾ ਸਿਰਫ ਸੂਬੇ ਵਿੱਚ ਬੇਹਤਰੀਨ ਮੁਢਲੇ ਢਾਂਚੇ ਦੇ ਵਿਕਾਸ ਲਈ ਵਚਨਬੱਧ ਹੈ ਬਲਕਿ ਲੋਕਾਂ ਦੇ ਪੈਸੇ ਨੂੰ ਪੂਰੀ ਪਾਰਦਰਸ਼ੀ ਪ੍ਰਕ੍ਰਿਆ ਰਾਹੀਂ ਪੂਰੀ ਇਮਾਨਦਾਰੀ ਨਾਲ ਖਰਚਿਆ ਜਾ ਰਿਹਾ ਹੈ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਹਾਲ ਹੀ ਵਿੱਚ ਤਰੱਕੀ ਪਾਉਣ ਵਾਲੇ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਿੱਥੇ ਵਿਭਾਗ ਵਿੱਚ ਸਮੇਂ ਸਿਰ ਤਰੱਕੀ ਨੂੰ ਸੁਨਿਸ਼ਚਿਤ ਕੀਤਾ ਜਾ ਰਿਹਾ ਹੈ ਉਥੇ ਹੀ ਕਿਸੇ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਕੰਮ ਵਿੱਚ ਲਾਪਰਵਾਹੀ ਜਾਂ ਬੇਇਮਾਨੀ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ।

# ਰਿਸ਼ਤਿਆਂ ਦੀ ਭਾਲ ਅਤੇ ਪਰਦੇਸੀ ਲਾੜੇ



ਕੋਈ ਸਮਾਂ ਸੀ ਜਦੋਂ ਮੁੰਡੇ-ਕੁੜੀ ਦਾ ਰਿਸ਼ਤਾ ਘਰ, ਘਰਾਣਾ ਜਾਂ ਖ਼ਾਨਦਾਨ ਦੇਖ ਕੇ ਕੀਤਾ ਜਾਂਦਾ ਸੀ। ਲਾਗੀ ਲੋਕ ਮੁੰਡੇ ਵਾਲਿਆਂ ਦੇ ਘਰ ਜਾ ਕੇ ਗੁੜ ਦੀ ਰੋੜੀ ਅਤੇ ਇੱਕ ਰੁਪਿਆ ਸ਼ਗਨ ਦਾ ਦੇ ਆਉਂਦੇ ਸਨ ਅਤੇ ਰਿਸ਼ਤਾ ਪੱਕਾ ਸਮਝਿਆ ਜਾਂਦਾ ਸੀ। ਕੋਈ ਦੇਖ-ਦਿਖਾਵਾ ਨਹੀਂ ਸੀ ਹੁੰਦਾ। ਜ਼ਬਾਨ 'ਤੇ ਵਿਸ਼ਵਾਸ ਕੀਤਾ ਜਾਂਦਾ ਸੀ। ਸਾਹੇ ਚਿੱਠੀ ਵੀ ਲਾਗੀ ਹੀ ਲੈ ਕੇ ਜਾਂਦੇ ਸਨ। ਫੋਨ ਤਾਂ ਹੁੰਦੇ ਹੀ ਨਹੀਂ ਸਨ। ਆਪਸੀ ਪੱਤਰ-ਵਿਹਾਰ, ਮੁੰਦਰੀਆਂ ਦੀ ਵਟਾਂਦਰਾ ਰਸਮ, ਚੂੜੀਆਂ ਜਾਂ ਚੁੰਨੀ ਚੜ੍ਹਾਉਣ ਆਦਿ ਵਰਗੇ ਖ਼ਰਚੀਲੇ ਅਤੇ ਫਾਲਤੂ ਰਿਵਾਜ ਵੀ ਨਹੀਂ ਸਨ ਹੁੰਦੇ। ਮੁੰਡਾ-ਕੁੜੀ ਵਿਆਹ ਤੋਂ ਬਾਅਦ ਹੀ ਇੱਕ-ਦੂਜੇ ਨੂੰ ਦੇਖਦੇ ਸਨ। ਦੋਵਾਂ ਦਿਲਾਂ ਵਿੱਚ ਇੱਕ-ਦੂਜੇ ਲਈ ਕਿੰਨਾ ਚਾਅ, ਪਿਆਰ ਅਤੇ ਤਾਂਘ ਹੁੰਦੀ ਸੀ। ਜਵਾਨ ਦਿਲ ਇੱਕ-ਦੂਜੇ ਨੂੰ ਦੇਖਣ ਤੋਂ ਪਹਿਲਾਂ ਕਿੰਨੇ ਹੁਸੀਨ ਸੁਫ਼ਨੇ ਸਜਾ ਕੇ ਰੱਖਦੇ ਹੋਣਗੇ। ਉਤਾਵਲੇਪਣ ਦੇ ਬਾਵਜੂਦ ਕਿੰਨਾ ਸਬਰ ਹੁੰਦਾ ਸੀ ਪਰ ਸਭ ਕੁਝ ਕੁਦਰਤੀ ਹੁੰਦਾ ਸੀ। ਮਾਪਿਆਂ ਵੱਲੋਂ ਕੀਤਾ ਗਿਆ ਰਿਸ਼ਤਾ ਸਿਰ-ਮੱਥੇ ਕਬੂਲ ਕੀਤਾ ਜਾਂਦਾ ਸੀ ਅਤੇ ਅਜਿਹੇ ਰਿਸ਼ਤੇ ਉਮਰ ਭਰ ਨਿਭਾਏ ਜਾਂਦੇ ਸਨ।

ਸਮੇਂ ਦੇ ਨਾਲ ਸਭ ਕੁਝ ਬਦਲ ਗਿਆ ਹੈ, ਖ਼ਾਸ ਤੌਰ 'ਤੇ ਕੁੜੀਆਂ ਲਈ ਢੁਕਵਾਂ ਵਰ ਲੱਭਣਾ ਬਹੁਤ ਵੱਡੀ ਸਮੱਸਿਆ ਬਣ ਗਈ ਹੈ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਜ਼ਿਆਦਾ ਪੜ੍ਹ ਗਈਆਂ ਹਨ। ਉੱਚ ਡਿਗਰੀਆਂ ਪ੍ਰਾਪਤ ਕਰਨ ਦੇ ਨਾਲ-ਨਾਲ ਉਹ ਉਮਰ ਵਿੱਚ ਵੀ ਵੱਡੀਆਂ ਹੋ ਰਹੀਆਂ ਹਨ। ਪੜ੍ਹਾਈ ਮੁੱਕਣ 'ਚ ਹੀ ਨਹੀਂ ਆਉਂਦੀ। ਗਰੈਜੂਏਸ਼ਨ ਦੇ ਨਾਲ ਮਾਸਟਰ ਡਿਗਰੀ ਪ੍ਰਾਪਤ ਕਰਨ ਵਿੱਚ ਹੀ ਬਿਹਤਰੀ ਸਮਝੀ ਜਾਂਦੀ ਹੈ ਤਾਂ ਜੋ ਨੌਕਰੀ ਮਿਲਣ ਵਿੱਚ ਕੋਈ ਰੁਕਾਵਟ ਨਾ ਆਵੇ। ਹਰ ਮਾਂ-ਬਾਪ ਸੋਚਦੇ ਹਨ ਜੇ ਧੀ ਚੰਗੀ ਪੜ੍ਹੀ-ਲਿਖੀ ਹੋਵੇਗੀ ਤਾਂ ਵਰ-ਘਰ ਵੀ ਚੰਗਾ ਮਿਲ ਜਾਵੇਗਾ ਪਰ ਅਫ਼ਸੋਸ ਕਿ ਰਿਸ਼ਤਿਆਂ ਦੀ ਮੰਡੀ ਵਿੱਚ ਪਾਰਖੂ ਅੱਖਾਂ ਦੀ ਘਾਟ ਹੈ। ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀਂ। ਅੱਜ-ਕੱਲ੍ਹ ਬਾਹਰੀ ਖ਼ੂਬਸੂਰਤੀ ਵੇਖੀ ਜਾਂਦੀ ਹੈ। ਅੰਦਰਲੇ ਗੁਣਾਂ ਦੀ ਕੋਈ ਕਦਰ ਨਹੀਂ। ਫੈਸ਼ਨ ਦੇ ਯੁੱਗ ਵਿੱਚ ਸਭ ਕੁਝ ਫ਼ਿਲਮੀ ਹੁੰਦਾ ਜਾ ਰਿਹਾ ਹੈ। ਬਾਹਰਲਾ ਸੁਹੱਪਣ ਦੇਖਣ-ਪਰਖਣ ਦਾ ਜ਼ਮਾਨਾ ਹੈ। ਜਿਵੇਂ ਕੁੜੀ ਨਹੀਂ, ਕੋਈ ਸ਼ੋਅ ਪੀਸ ਖਰੀਦ ਕੇ ਘਰ ਸਜਾਵਟ ਲਈ ਰੱਖਣਾ ਹੋਵੇ। ਗੁਣਾਂ ਨੂੰ ਅਣਗੌਲਿਆ ਕਰਕੇ ਸ਼ਕਲ ਦੇਖੀ ਜਾਂਦੀ ਹੈ। ਅਨੇਕਾਂ ਵਾਰ ਕੁੜੀ ਨੂੰ ਇਹ ਕਹਿ ਕੇ ਅਪ੍ਰਵਾਨ ਕਰ ਦਿੱਤਾ ਜਾਂਦਾ ਹੈ: "ਸਭ ਕੁਝ ਠੀਕ ਠਾਕ ਹੈ ਪਰ ਕੁੜੀ ਹਾਈ ਫਾਈ ਨਹੀਂ ਲੱਗਦੀ।" ਭਲੇ ਹੀ ਲੜਕੀ ਗੁਣਵਾਨ ਅਤੇ ਵਧੀਆ ਸੰਸਕਾਰਾਂ ਦੀ ਧਾਰਨੀ ਹੋਵੇ। ਦੂਜੇ ਦੀ ਧੀ-ਭੈਣ ਨੂੰ ਨੁਮਾਇਸ਼ ਲਈ ਪਈ ਚੀਜ਼ ਵਾਂਗ ਦੇਖਿਆ ਤੇ ਪਰਖਿਆ ਜਾਂਦਾ ਹੈ।

ਅੱਜ ਬਹੁਤੀ ਸਿਆਣਪ ਸਮਾਜਿਕ ਸਮੱਸਿਆਵਾਂ ਪੈਦਾ ਕਰ ਰਹੀ ਹੈ। ਗੜਬੜ ਉਦੋਂ ਜ਼ਿਆਦਾ ਹੁੰਦੀ ਹੈ ਜਦੋਂ ਕਿਸੇ ਦਾ ਮੁੰਡਾ ਬਾਹਰਲੇ ਮੁਲਕ ਤੋਂ ਆਇਆ ਹੋਵੇ। ਕਿਸੇ ਤੋਂ ਇਹ ਗੱਲ ਗੁੱਝੀ ਨਹੀਂ ਕਿ ਬਾਹਰ, ਬਹੁਤੀ ਵਾਰ ਮਜ਼ਦੂਰੀ ਹੀ ਕਰਨੀ ਪੈਂਦੀ ਹੈ ਜਿਸ ਨੂੰ ਸਾਡੇ ਦੇਸ਼ ਵਿੱਚ ਘਟੀਆ ਸਮਝਿਆ ਜਾਂਦਾ ਹੈ। ਵਿਦੇਸ਼ਾਂ ਵਿੱਚ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ। ਡਾਲਰ ਇਕੱਠੇ ਕਰਨ ਲਈ ਖੇਤਾਂ ਵਿੱਚ ਬੇਰੀਆਂ ਤੇ ਕਿੰਨੂ ਤੋੜਨੇ ਪੈਂਦੇ ਹਨ ਅਤੇ ਬਹੁਤੀ ਵਾਰ ਟੈਕਸੀ ਚਲਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ। ਖ਼ੈਰ! ਕੰਮ ਕੋਈ ਵੀ ਮਾੜਾ ਨਹੀਂ। ਇਸ ਸੋਚ ਤੋਂ ਉੱਪਰ ਉੱਠਣ ਦੀ ਲੋੜ ਹੈ। ਅਜਿਹੇ ਲੜਕੇ ਡਾਲਰ ਕਮਾ ਕੇ ਜਦੋਂ ਰਿਸ਼ਤਾ ਲੱਭਣ ਆਪਣੇ ਦੇਸ਼ ਪਰਤਦੇ ਹਨ ਤਾਂ ਉਨ੍ਹਾਂ ਦੀ ਖ਼ਾਸ ਤੌਰ 'ਤੇ ਉਨ੍ਹਾਂ ਦੇ ਮਾਪੇ ਅਤੇ ਭੈਣਾਂ-ਭਰਾਵਾਂ ਦੀ ਆਕੜ ਸੱਤ ਅਸਮਾਨੀ ਚੜ੍ਹ ਜਾਂਦੀ ਹੈ। ਉਹ ਆਪਣੇ ਪੁੱਤ ਨੂੰ ਕਿਸੇ ਰਾਜੇ-ਮਹਾਰਾਜੇ ਤੋਂ ਘੱਟ ਨਹੀਂ ਸਮਝਦੇ। ਕੁਝ ਦਿਨਾਂ ਵਿੱਚ ਹੀ ਕਿਰਾਏ ਦੀਆਂ ਕਾਰਾਂ ਲੈ ਕੇ ਕੁੜੀ ਦੇਖਣ ਲਈ ਰਵਾਨਾ ਹੋ ਜਾਂਦੇ ਹਨ। ਉਹ ਕੁੜੀ ਨਹੀਂ, ਕੁੜੀਆਂ ਦੇਖਦੇ ਹਨ ਜਿਨ੍ਹਾਂ ਨੂੰ ਪਹਿਲਾਂ ਹੀ ਲਾਰੇ ਲਾਏ ਹੋਏ ਹੁੰਦੇ ਹਨ। ਪੂਰਾ ਟੱਬਰ ਅੱਜ ਕਿਤੇ ਤੇ ਕੱਲ੍ਹ ਕਿਤੇ, ਕੁੜੀ ਦੇਖਣ ਤੁਰੇ ਰਹਿੰਦੇ ਹਨ। ਅਜਿਹੀਆਂ ਧਾੜਾਂ, ਆਮ ਦੇਖਣ ਨੂੰ ਮਿਲਦੀਆਂ ਹਨ ਪਰ ਉਨ੍ਹਾਂ ਨੂੰ ਕੋਈ ਕੁੜੀ ਪਸੰਦ ਆਉਂਦੀ ਨਹੀਂ। ਉਹ ਵੱਖ-ਵੱਖ ਕੁੜੀਆਂ ਦਾ ਤੁਲਨਾਤਮਕ ਅਧਿਐਨ ਕਰਦੇ ਹਨ। ਘਰ ਵਾਲੇ ਮੁੰਡੇ ਨੂੰ ਲੈ ਕੇ ਇਵੇਂ ਤੁਰੇ ਫਿਰਦੇ ਹਨ ਜਿਵੇਂ ਮਾਲ ਮੰਡੀ ਵਿੱਚੋਂ ਕਿਸੇ ਡੰਗਰ ਨੂੰ ਪਸੰਦ ਕਰਨਾ ਹੋਵੇ। ਕੁੜੀ ਵਾਲੇ ਵਿਚਾਰੇ ਵਿੱਤੋਂ ਬਾਹਰਾ ਖ਼ਰਚ ਕਰ ਕੇ ਬਾਹਰੋਂ ਆਏ ਸ਼ਹਿਜ਼ਾਦੇ ਦੀ ਆਓ-ਭਗਤ ਵਿੱਚ ਜੁਟ ਜਾਂਦੇ ਹਨ। ਕੁੜੀ ਨਿਮਾਣੀ ਜਿਹੀ ਹੋ ਕੇ ਬੈਠ ਜਾਂਦੀ ਹੈ। ਕੁੜੀ ਦੀ ਇੰਟਰਵਿਊ ਲਈ ਜਾਂਦੀ ਹੈ। ਸਾਰੇ ਜੀਅ ਵਾਰੋ-ਵਾਰੀ ਉਸ 'ਤੇ ਵੰਨ-ਸੁਵੰਨੇ ਸੁਆਲਾਂ ਦੀ ਬੁਛਾੜ ਕਰਦੇ ਹਨ। ਸੁਆਲ ਵੀ ਅਜਿਹੇ ਕੀਤੇ ਜਾਂਦੇ ਹਨ ਜਿਵੇਂ ਉਹ ਰਿਸ਼ਤਾ ਲੈਣ ਨਹੀਂ ਬਲਕਿ ਨੌਕਰੀ ਦੇਣ ਲਈ ਆਏ ਹੋਣ। ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਧੀ-ਭੈਣ ਨੂੰ ਵੀ ਕਿਸੇ ਨੇ ਪਸੰਦ ਕਰਨਾ ਹੈ। ਮੁੰਡੇ ਵਾਲਿਆਂ ਦੇ ਜਾਣ ਮਗਰੋਂ ਕੁੜੀ ਵੀ ਸੋਚਦੀ ਹੈ ਕਿ ਸੁਆਲਾਂ ਦੇ ਜੁਆਬ ਠੀਕ ਹੀ ਦਿੱਤੇ ਗਏ ਹਨ, ਗੱਲ ਬਣ ਹੀ ਜਾਵੇਗੀ। ਮਾਪੇ ਵੀ ਖ਼ੁਸ਼ੀ ਵਿੱਚ ਆਸਵੰਦ ਹੋ ਜਾਂਦੇ ਹਨ ਪਰ ਕਈ ਦਿਨਾਂ ਦੀ ਉਡੀਕ ਪਿੱਛੋਂ ਜਦੋਂ ਇਨਕਾਰ ਦਾ ਪੈਗ਼ਾਮ ਆਉਂਦਾ ਹੈ ਤਾਂ ਰੱਬ ਹੀ ਜਾਣਦਾ ਹੈ, ਉਨ੍ਹਾਂ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ। ਕੁੜੀ ਅੰਦਰ ਕਿੰਨੀ ਹੀਣ ਭਾਵਨਾ ਪੈਦਾ ਹੋ ਜਾਂਦੀ ਹੋਵੇਗੀ।

ਉਂਜ ਹੁਣ ਲੜਕੀ ਵਾਲੇ ਵੀ ਭਲੀ ਭਾਂਤ ਜਾਣਦੇ ਜਾਂਦੇ ਹਨ ਕਿ ਸਾਰੇ ਲੜਕੇ ਉਨ੍ਹਾਂ ਲਈ ਯੋਗ ਵਰ ਸਾਬਤ ਨਹੀਂ ਹੋ ਸਕਦੇ। ਕੁੜੀਆਂ ਨੂੰ ਵੀ ਚਾਨਣ ਹੁੰਦਾ ਜਾਂਦਾ ਹੈ। ਉਹ ਖ਼ੁਦ ਵੀ ਦੇਖਣ-ਪਰਖਣ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਸਮਝਣ ਦੇ ਸਮਰੱਥ ਹੋ ਗਈਆਂ ਹਨ। ਉਹ ਵੀ ਹੁਣ ਫੋਕੀਆਂ ਟੌਹਰਾਂ ਮਾਰਨ ਵਾਲਿਆਂ ਨੂੰ ਖਰੀ ਗੱਲ ਕਹਿਣ ਤੋਂ ਗੁਰੇਜ਼ ਨਹੀਂ ਕਰਨਗੀਆਂ ਅਤੇ ਮੁੰਡੇ ਵਾਲਿਆਂ ਨੂੰ ਮੂੰਹ ਦੀ ਖਾਣੀ ਪਿਆ ਕਰੇਗੀ। ਉਨ੍ਹਾਂ ਦੀ ਮਜਬੂਰੀ ਜਾਂ ਲਾਚਾਰੀ ਦਾ ਹੁਣ ਨਾਜਾਇਜ਼ ਫਾਇਦਾ ਨਹੀਂ ਉਠਾਇਆ ਜਾ ਸਕਿਆ ਕਰੇਗਾ।

ਨੌਜਵਾਨਾਂ ਨੂੰ ਇੱਕ ਗੱਲ ਸਮਝਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਸੋਹਣੇ ਚਿਹਰਿਆਂ 'ਤੇ ਨਹੀਂ, ਸੋਹਣੀਆਂ ਰੂਹਾਂ 'ਤੇ ਨਿਰਭਰ ਕਰਦੀਆਂ ਹਨ। ਗ੍ਰਿਹਿਸਥੀ ਜੀਵਨ ਤਾਂ ਹੀ ਸ਼ਾਨਦਾਰ ਤੇ ਸੁਖੀ ਹੁੰਦਾ ਹੈ ਜੇ ਕੁੜੀ ਘਰੇਲੂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋਵੇ। ਪੜ੍ਹਾਈ ਤੋਂ ਇਲਾਵਾ ਉਸ ਵਿੱਚ ਸਲੀਕਾ ਤੇ ਸ਼ਾਲੀਨਤਾ ਹੋਵੇ। ਮਿੱਠ-ਬੋਲੜੀ ਅਤੇ ਤਮੀਜ਼ ਰੱਖਦੀ ਹੋਵੇ। ਲੜਕੇ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਦਾ ਸਤਿਕਾਰ ਕਰਨਾ ਜਾਣਦੀ ਹੋਵੇ। ਵਿਆਹ ਉਪਰੰਤ ਇੱਕ ਚੰਗੀ ਪਤਨੀ, ਸੁਘੜ-ਸਿਆਣੀ ਨੂੰਹ ਅਤੇ ਚੰਗੀ ਮਾਂ ਬਣਨ ਦੇ ਯੋਗ ਹੋਵੇ। ਦੁੱਖ-ਸੁੱਖ ਵੇਲੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੇ ਸਮਰੱਥ ਹੋਵੇ। ਸੁਸ਼ੀਲ, ਸੂਝਵਾਨ ਅਤੇ ਉੱਚੇ-ਸੁੱਚੇ ਆਦਰਸ਼ਾਂ ਦੀ ਮਾਲਕਣ ਹੋਵੇ। ਚੰਗੇ ਸੰਸਕਾਰਾਂ ਵਾਲੀ ਕੁੜੀ ਹੀ ਵਿਦੇਸ਼ ਜਾ ਕੇ ਆਪਣੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਦੀ ਹੈ ਅਤੇ ਵਿਦੇਸ਼ ਵਿੱਚ ਆਪਣੀ ਕੌਮ ਦੇ ਰਾਜਦੂਤ ਵਜੋਂ ਵਿਚਰਦੀ ਹੈ। ਗ੍ਰਿਹਿਸਥੀ ਨੂੰ ਉਹੀ ਕੁੜੀਆਂ ਸਹੀ ਢੰਗ ਨਾਲ ਚਲਾ ਸਕਦੀਆਂ ਹਨ, ਜਿਨ੍ਹਾਂ ਸੰਜਮ 'ਚ ਰਹਿਣਾ ਸਿੱਖਿਆ ਹੁੰਦਾ ਹੈ ਨਾ ਕਿ ਫੋਕੀ ਫੂੰ-ਫਾਂ ਵਾਲੀਆਂ। ਸੁਚੱਜੀ ਸਾਦਗੀ ਅਤੇ ਉੱਚਾ ਚਰਿੱਤਰ ਕੁੜੀ ਦਾ ਉਮਰ ਭਰ ਦਾ ਗਹਿਣਾ ਹੁੰਦਾ ਹੈ। ਸੂਰਤ ਨਾਲੋਂ ਸੀਰਤ ਜ਼ਿਆਦਾ ਮਾਇਨੇ ਰੱਖਦੀ ਹੈ। ਰਿਸ਼ਤਾ ਕਰਨ ਲੱਗਿਆਂ ਅਜਿਹੀਆਂ ਗੱਲਾਂ ਵਿਚਾਰਨਯੋਗ ਹੁੰਦੀਆਂ ਹਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਉੱਚ ਸੰਸਕਾਰਾਂ ਦੇ ਧਾਰਨੀ ਬਣਨ ਅਤੇ ਆਪਣੇ ਪੁੱਤਾਂ-ਧੀਆਂ ਨੂੰ ਵੀ ਚੰਗੇ ਸੰਸਕਾਰ ਦੇਣ। ਕਦਰਾਂ-ਕੀਮਤਾਂ ਦਾ ਜੋ ਸੰਕਟ ਖੜ੍ਹਾ ਹੋਇਆ ਪਿਆ ਹੈ, ਉਸ ਦੀ ਪੂਰਤੀ ਲਈ ਆਪਣਾ ਯੋਗਦਾਨ ਪਾਉਣ। ਪਰਦੇਸੀ ਗੱਭਰੂ ਆਪਣੀ ਹੱਡ-ਭੰਨਵੀਂ ਕਮਾਈ ਨੂੰ ਫੋਕੀ ਸ਼ਾਨ ਖ਼ਾਤਰ ਪਾਣੀ ਵਾਂਗ ਨਾ ਵਹਾਉਣ। ਜੇ ਪੈਸਾ ਵਾਧੂ ਹੈ ਤਾਂ ਕਿਸੇ ਸਕੂਲ ਦੇ ਭਰੋਸੇਯੋਗ ਮੁਖੀ ਦੀ ਸਹਾਇਤਾ ਨਾਲ ਆਰਥਿਕ ਤੰਗੀ ਨਾਲ ਜੂਝ ਰਹੇ ਪੜ੍ਹਾਈ ਦੇ ਚਾਹਵਾਨ, ਕਾਬਲ, ਗੁਣੀ ਅਤੇ ਲੋੜਵੰਦ ਬੱਚਿਆਂ ਦੀ ਮਦਦ ਕਰਨ। ਵਿਆਹਾਂ 'ਤੇ ਦਿਖਾਵੇ ਲਈ ਅੰਧਾਧੁੰਦ ਫ਼ਜ਼ੂਲ ਖ਼ਰਚੀ ਪੈਸੇ ਦੀ ਬਰਬਾਦੀ ਹੈ। ਅਜਿਹੀਆਂ ਗੱਲਾਂ ਸੋਭਦੀਆਂ ਨਹੀਂ। ਸਿੱਖ ਧਰਮ ਨੂੰ ਮੰਨਣ ਵਾਲੇ ਵਿਆਹ ਸ਼ਾਦੀ ਗੁਰ-ਮਰਿਆਦਾ ਅਨੁਸਾਰ ਕਰਵਾਉਣ।

ਫ਼ਜ਼ੂਲ ਦੀਆਂ ਰਸਮਾਂ ਅਤੇ ਫ਼ਿਲਮੀ ਵਿਆਹ ਕਰਾਉਣੇ ਤਿਆਗ ਦਿੱਤੇ ਜਾਣ। ਫ਼ਿਲਮੀ ਵਿਆਹ ਸਕਰੀਨ 'ਤੇ ਹੀ ਫਬਦੇ ਹਨ। ਆਓ ਸੱਚ ਦੇ ਧਾਰਨੀ ਬਣੀਏ, ਅਸਲੀਅਤ ਨੂੰ ਪਰਖੀਏ ਅਤੇ ਇਨਸਾਨੀ ਗੁਣਾਂ ਦੀ ਕਦਰ ਕਰੀਏ।

**- ਲਖਬੀਰ ਕੌਰ**

# ਅਜੋਕੀ ਭੱਜ-ਦੌੜ ਦੀ ਜ਼ਿੰਦਗੀ



ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਸਹਿਜਤਾ ਦਿਨੋਂ-ਦਿਨ ਖਾਰਜ ਹੁੰਦੀ ਜਾ ਰਹੀ ਹੈ ਅਤੇ ਚਾਰੇ ਪਾਸੇ ਕਾਹਲ ਪ੍ਰਧਾਨ ਹੈ। ਇਸ ਕਾਹਲ ਨੇ ਸਾਡੇ ਜੀਵਨ ਵਿੱਚੋਂ ਸਹਿਜਤਾ ਦਾ ਅਨੂਠਾ ਰਸ ਚੂਸ ਲਿਆ ਹੈ। ਬਸ ਅਸੀਂ ਕਾਹਲ ਦੇ ਕਾਲ-ਚੱਕਰ ਉੱਤੇ ਚੜ੍ਹੇ ਹੋਏ ਹਾਂ। ਪੁਰਾਣੀ ਕਹਾਵਤ ਹੈ ਕਾਹਲ ਨਾਮ ਕਾਲ ਦਾ ਜਾਂ ਕਾਹਲੀ ਅੱਗੇ ਟੋਏ। ਪੁਰਾਤਨ ਸਮੇਂ ਵੱਲ ਨਜ਼ਰ ਮਾਰੀਏ ਤਾਂ ਜੀਵਨ ਕੁਦਰਤ ਦੇ ਨੇੜੇ ਅਤੇ ਸਹਿਜ ਵਿੱਚ ਸੀ। ਸਵੇਰ ਤੋਂ ਸ਼ਾਮ ਤਕ ਦੇ ਹਰ ਕੰਮ ਵਿੱਚ ਸਹਿਜਤਾ ਝਲਕਦੀ ਸੀ ਭਾਵੇਂ ਉਸ ਸਮੇਂ ਮਸ਼ੀਨਾਂ ਦੀ ਅਣਹੋਂਦ ਕਾਰਨ ਸਾਰੇ ਕੰਮ ਹੱਥੀਂ ਕਰਨੇ ਪੈਂਦੇ ਸਨ, ਇਸੇ ਕਰਕੇ ਕੰਮ ਦੀ ਬਹੁਲਤਾ ਸੀ ਪਰ ਫਿਰ ਵੀ ਸਾਡੇ ਵਡੇਰਿਆਂ ਨੇ ਸਹਿਜਤਾ ਦਾ ਪੱਲਾ ਨਹੀਂ ਸੀ ਛੱਡਿਆ। ਸਹਿਜ, ਠਰ੍ਹੰਮਾ, ਸੰਜਮ, ਸਲੀਕਾ ਪੁਰਾਣੇ ਵੇਲਿਆਂ ਦੇ ਅਣਮੁੱਲੇ ਗੁਣ ਸਨ। ਸਵੇਰੇ ਉੱਠਦਿਆਂ ਹੀ ਨਿੰਮ, ਕਿੱਕਰ ਜਾਂ ਟਾਹਲੀ ਦੀ ਦਾਤਣ ਤੋੜ ਕੇ ਬੜੇ ਸਹਿਜ ਨਾਲ ਚਬਾਉਂਦਿਆਂ-ਚਬਾਉਂਦਿਆਂ ਖੁੱਲ੍ਹੇ ਖੇਤਾਂ ਦੀ ਸੈਰ ਕਰ ਲਈ ਜਾਂਦੀ ਸੀ। ਕੁਦਰਤ ਨਾਲ ਮੇਲ-ਮਿਲਾਪ ਦਾ ਇਹ ਬਹੁਤ ਵਧੀਆ ਤਰੀਕਾ ਸੀ ਪਰ ਅਜੋਕੇ ਮਸ਼ੀਨੀ ਯੁੱਗ ਵਿੱਚ ਇਨਸਾਨ ਵੀ ਜਿਵੇਂ ਮਸ਼ੀਨ ਬਣਦਾ ਜਾ ਰਿਹਾ ਹੈ। ਸਵੇਰੇ ਉੱਠਦਿਆਂ ਦੰਦਾਂ 'ਤੇ ਬੁਰਸ਼ ਬੜੀ ਤੇਜ਼ੀ ਨਾਲ ਰਗੜਿਆ ਜਾਂਦਾ ਹੈ ਅਤੇ ਘੜੀ ਦੀਆਂ ਸੂਈਆਂ ਵੱਲ ਵਾਰ-ਵਾਰ ਨਿਗ੍ਹਾ ਮਾਰਦਿਆਂ ਕਾਹਲੀ-ਕਾਹਲੀ ਵਾਸ਼ ਬੇਸਨ 'ਤੇ ਖੜ੍ਹੇ ਹੀ ਮੂੰਹ ਧੋ ਲਿਆ ਜਾਂਦਾ ਹੈ। ਫਿਰ ਘਰ ਦੀ ਗ੍ਰਹਿਣੀ ਰਸੋਈ ਵਿੱਚ ਖੜ੍ਹੀ-ਖੜ੍ਹੀ ਹੀ ਨਾਸ਼ਤਾ ਤਿਆਰ ਕਰਦੀ ਹੈ। ਇਸ ਕਾਹਲ ਕਰਕੇ ਹੀ ਪਰੈਸ਼ਰ ਕੁੱਕਰਾਂ ਦੀਆਂ ਸੀਟੀਆਂ ਵੱਜਦੀਆਂ ਹਨ। ਅਤਿ ਆਧੁਨਿਕ ਸਹੂਲਤਾਂ ਕਰਕੇ ਨਾ ਸਹਿਜਤਾ ਨਾਲ ਖਾਣਾ ਬਣਦਾ ਹੈ, ਨਾ ਗਰਮ ਹੁੰਦਾ ਹੈ ਅਤੇ ਨਾ ਹੀ ਸਹਿਜਤਾ ਨਾਲ ਉਸ ਨੂੰ ਠੰਢਾ ਹੋਣ ਦਿੱਤਾ ਜਾਂਦਾ ਹੈ। ਕਾਹਲ ਵਿੱਚ ਫਰਿੱਜਾਂ ਦਾ ਸਹਾਰਾ ਲਿਆ ਜਾਂਦਾ ਹੈ। ਪਹਿਲਾਂ ਚੁੱਲ੍ਹੇ-ਹਾਰਿਆਂ ਵਿੱਚ ਬੜੀ ਸਹਿਜਤਾ ਨਾਲ ਖਿਚੜੀ ਤੇ ਦਾਲ ਰਿੱਝਦੀ ਸੀ, ਦੁੱਧ ਕੜ੍ਹਦਾ ਸੀ। ਇਸੇ ਸਹਿਜਤਾ ਕਰਕੇ ਹੀ ਖਾਣੇ ਵਿੱਚ ਕੁਦਰਤੀ ਮਿਠਾਸ ਕਾਇਮ ਰਹਿੰਦੀ ਸੀ ਅਤੇ ਖਾਣਾ ਸੁਆਦੀ ਹੁੰਦਾ ਸੀ ਪਰ ਹੁਣ ਤਾਂ ਖੇਤਾਂ ਵਿੱਚ ਖੜ੍ਹੇ ਫਲ-ਸਬਜ਼ੀਆਂ ਨੂੰ ਵੀ ਮਸਾਲੇ ਤੇ ਟੀਕੇ ਲਾ ਕੇ ਕਾਹਲ ਵਿੱਚ ਪਕਾਇਆ ਜਾ ਰਿਹਾ ਹੈ। ਹਾਈਬ੍ਰਿਡ ਬੀਜ ਵਰਤੇ ਜਾ ਰਹੇ ਹਨ ਜਿਨ੍ਹਾਂ ਕਰਕੇ ਮਿਕਦਾਰ ਵਧਾਉਂਦਿਆਂ ਅਸੀਂ ਗੁਣਵੱਤਾ ਗੁਆ ਬੈਠੇ ਹਾਂ। ਰਵਾਇਤੀ ਫ਼ਸਲਾਂ ਦੇ ਬੀਜ ਖ਼ਤਮ ਹੁੰਦੇ ਜਾ ਰਹੇ ਹਨ। ਰਹਿੰਦੀ-ਖੂੰਹਦੀ ਕਸਰ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਕੱਢ ਦਿੱਤੀ ਜਾਂਦੀ ਹੈ। ਫਿਰ ਅਸੀਂ ਖਾਣਿਆਂ ਵਿੱਚੋਂ ਕੁਦਰਤੀ ਰਸ ਕਿੱਥੋਂ ਭਾਲਦੇ ਹਾਂ ਕਿਉਂਕਿ ਸਬਰ ਦਾ ਫਲ ਮਿੱਠਾ ਹੁੰਦਾ ਹੈ ਨਾ ਕਿ ਕਾਹਲ ਦਾ। ਕਿੱਥੇ ਗਏ ਉਹ ਸੁਆਦ ਜੋ ਖੇਤਾਂ ਵਿੱਚ ਕੁਦਰਤੀ ਤਰੀਕਿਆਂ ਨਾਲ ਉਗਾਈਆਂ ਦਾਲਾਂ-ਸਬਜ਼ੀਆਂ ਨੂੰ ਘਰ ਦੀਆਂ ਸੁਆਣੀਆਂ ਰਲ-ਮਿਲ ਕੇ ਪੀੜ੍ਹੀਆਂ ਡਾਹ ਕੇ ਚੁੱਲ੍ਹੇ-ਚੌਂਕਿਆਂ 'ਤੇ ਬਣਾਉਂਦੀਆਂ ਸਨ। ਫਿਰ ਸਾਰਾ ਟੱਬਰ ਬੜੇ ਸਹਿਜ ਵਿੱਚ ਚੌਂਕੇ ਉੱਪਰ ਬੈਠ ਕੇ ਲੰਗਰ ਛਕਦਾ ਸੀ ਪਰ ਹੁਣ ਸਕੂਲ, ਦਫ਼ਤਰ ਅਤੇ ਨੌਕਰੀ 'ਤੇ ਜਾਣ ਦੀ ਕਾਹਲ ਵਿੱਚ ਛੇਤੀ-ਛੇਤੀ ਬੁਰਕੀਆਂ ਸੰਘ ਤੋਂ ਪਾਰ ਸੁੱਟ ਲਈਆਂ ਜਾਂਦੀਆਂ ਹਨ।

ਫਿਰ ਮੰਜ਼ਿਲ 'ਤੇ ਜਲਦੀ ਪਹੁੰਚਣ ਦੀ ਕਾਹਲੀ ਨਿੱਤ ਆਵਾਜਾਈ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਸੜਕਾਂ 'ਤੇ ਲੱਗੇ ਬੋਰਡ ਸਾਨੂੰ ਸੁਚੇਤ ਕਰ ਰਹੇ ਹੁੰਦੇ ਹਨ ਕਿ 'ਕਦੇ ਨਾ ਪਹੁੰਚਣ ਨਾਲੋਂ, ਦੇਰੀ ਨਾਲ ਪਹੁੰਚਣਾ ਚੰਗਾ' ਪਰ ਫਿਰ ਵੀ ਸਾਡੀ ਰਫ਼ਤਾਰ ਕਦੇ ਮੱਠੀ ਨਹੀਂ ਪੈਂਦੀ। ਇਸੇ ਕਾਹਲੀ ਦੇ ਮਾਹੌਲ ਵਿੱਚ ਸਾਡਾ ਮਨ ਹਰ ਸਮੇਂ ਕਾਹਲਾ ਪਿਆ ਰਹਿੰਦਾ ਹੈ ਜਿਸ ਕਾਰਨ ਅਸੀਂ ਗੁੱਸਾ, ਮਾਨਸਿਕ ਤਣਾਓ ਅਤੇ ਹੋਰ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਇਸੇ ਕਰਕੇ ਹੀ ਨਿੱਤ-ਦਿਨ ਲੜਾਈ ਝਗੜਿਆਂ ਵਿੱਚ ਵਾਧਾ ਹੋ ਰਿਹਾ ਹੈ। ਹਿੰਸਕ ਵਾਰਦਾਤਾਂ ਵਧ ਰਹੀਆਂ ਹਨ। ਅੱਜ-ਕੱਲ੍ਹ ਦੀ ਕਾਹਲੀ ਕਾਰਨ ਹੀ ਬੱਚਾ ਆਪਣੇ ਬਚਪਨ ਨੂੰ ਸਹਿਜ ਵਿੱਚ ਨਹੀਂ ਮਾਣ ਰਿਹਾ ਕਿਉਂਕਿ ਜਿੱਥੇ ਪਹਿਲਾਂ ਬੱਚਾ 5-6 ਸਾਲ ਦੀ ਉਮਰ ਤਕ ਆਜ਼ਾਦੀ ਨਾਲ ਆਪਣਾ ਬਚਪਨ ਮਾਣਦਾ ਸੀ, ਉੱਥੇ ਹੁਣ ਉਸ ਦੇ ਬਚਪਨ ਦੇ ਅੱਧੇ ਸਾਲ ਆਧੁਨਿਕ ਯੁੱਗ ਨੇ ਹੜੱਪ ਕਰ ਲਏ ਹਨ। ਦੋ-ਢਾਈ ਸਾਲ ਦੇ ਨਿਆਣੇ ਨੂੰ ਹੀ ਸਕੂਲ ਭੇਜਣ ਦੀ ਕਾਹਲ ਕੀਤੀ ਜਾਂਦੀ ਹੈ। ਇਸ ਕਰਕੇ ਬੱਚਿਆਂ ਨੂੰ ਘਰੇਲੂ ਰਿਸ਼ਤਿਆਂ ਦੀ ਨੇੜਤਾ ਤੇ ਨਿੱਘ ਘੱਟ ਮਿਲਦਾ ਹੈ। ਬੱਚਿਆਂ ਦੇ ਕੱਦ-ਕਾਠ, ਸਰੀਰ ਦਿਨੋਂ-ਦਿਨ ਘਟ ਰਹੇ ਹਨ। ਬੱਚਿਆ ਦੇ ਮੁੱਖੜੇ 'ਤੇ ਅਣਭੋਲ ਮੁਸਕਾਨ ਦੀ ਥਾਂ ਨਿਗ੍ਹਾ ਦੀਆਂ ਐਨਕਾਂ ਨਜ਼ਰ ਆ ਰਹੀਆਂ ਹਨ। ਇਸੇ ਕਰਕੇ ਬੱਚੇ ਜ਼ਿੱਦੀ ਅਤੇ ਸੁਆਰਥੀ ਹੁੰਦੇ ਜਾ ਰਹੇ ਹਨ। ਉਹ ਇਨਸਾਨੀ ਕਦਰਾਂ-ਕੀਮਤਾਂ ਤੋਂ ਸੱਖਣੇ ਕੰਪਿਊਟਰ ਯੁੱਗ ਦੇ ਕੰਪਿਊਟਰ ਮਨੁੱਖ ਬਣਦੇ ਜਾ ਰਹੇ ਹਨ। ਅੱਜ-ਕੱਲ੍ਹ ਤਾਂ ਕਿਸੇ ਖ਼ਾਸ ਦਿਨ 'ਤੇ ਜਨਮ-ਦਿਨ ਬਣਾਉਣ ਲਈ ਬੱਚੇ ਦਾ ਜਨਮ ਵੀ ਕੁਦਰਤੀ ਜਨਮ ਤੋਂ ਪਹਿਲਾਂ ਕਾਹਲੀ ਨਾਲ ਕਰਵਾਇਆ ਜਾ ਰਿਹਾ ਹੈ। ਪੁਰਾਤਨ ਸਮੇਂ ਵਿੱਚ ਸਹਿਜ ਸਲੀਕੇਦਾਰ ਪਹਿਰਾਵਾ ਪਹਿਨਿਆ ਜਾਂਦਾ ਸੀ ਪਰ ਹੁਣ ਸਾਡੇ ਪਹਿਰਾਵੇ ਵਿੱਚੋਂ ਵੀ ਸ਼ਰਾਫ਼ਤ, ਸਲੀਕਾ ਅਤੇ ਸਹਿਜਤਾ ਗਾਇਬ ਹੁੰਦੀ ਜਾ ਰਹੀ ਹੈ।

ਕਦੇ ਸਮਾਂ ਸੀ ਜਦੋਂ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦੀ ਯਾਦ ਵਿੱਚ ਬੜੇ ਸਹਿਜ ਵਿੱਚ ਬੈਠ ਕੇ ਚਿੱਠੀਆਂ ਲਿਖੀਆਂ ਜਾਂਦੀਆਂ ਸਨ। ਆਪਣੇ ਦਿਲੀ ਜਜ਼ਬਾਤ ਮਾਲਾ ਦੇ ਮਣਕਿਆਂ ਵਾਂਗ ਚਿੱਠੀ-ਪੱਤਰਾਂ ਵਿੱਚ ਪਰੋਏ ਜਾਂਦੇ ਸਨ ਪਰ ਹੁਣ ਖ਼ੁਸ਼ੀ-ਗੁੱਸਾ ਮੋਬਾਈਲ ਫੋਨ ਜ਼ਰੀਏ ਸਕਿੰਟਾਂ ਵਿੱਚ ਹੀ ਸਾਂਝਾ ਹੋ ਜਾਂਦਾ ਹੈ। ਕਾਹਲੀ ਦੇ ਯੁੱਗ ਵਿੱਚ ਰਿਸ਼ਤੇ ਬਣਦਿਆਂ ਵੀ ਦੇਰ ਨਹੀਂ ਲੱਗਦੀ ਅਤੇ ਟੁੱਟਦਿਆਂ ਵੀ।

ਕਦੇ ਸਮਾਂ ਸੀ ਜਦੋਂ ਵਿਆਹਾਂ-ਸ਼ਾਦੀਆਂ ਵਿੱਚ ਆਂਢ-ਗੁਆਂਢ ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਰਲ ਬੈਠ ਕੇ ਗੀਤ ਗਾਉਂਦੇ, ਗਿੱਧਾ ਪਾਉਂਦੇ ਅਤੇ ਸਿੱਠਣੀਆਂ-ਛੰਦ ਸੁਣਾਉਂਦੇ ਹੋਏ ਹਾਸਾ-ਮਜ਼ਾਕ ਕਰਦੇ। ਪੰਜਾਬਣਾਂ ਦੇ ਲੰਮੀ ਹੇਕ ਵਾਲੇ ਗੌਣ ਵਿਆਹ ਦੀ ਰੌਣਕ ਚੌਗੁਣੀ ਕਰ ਦਿੰਦੇ। ਵਿਆਹ ਦੇ ਇਸ ਮਾਹੌਲ ਵਿੱਚ ਸਮੁੱਚਾ ਚੌਗਿਰਦਾ ਨਸ਼ਿਆ ਜਾਂਦਾ। ਕਿੱਥੇ ਹੁਣ ਮੈਰਿਜ ਪੈਲੇਸਾਂ ਵਿੱਚ ਆਰਕੈਸਟਰਾ ਗਰੁੱਪ ਚਾਬੀ ਦੇ ਕੇ ਛੱਡੇ ਖਿਡੌਣੇ ਵਾਂਗ ਟਪੂਸੀਆਂ ਮਾਰਦੇ ਫਿਰਦੇ ਹਨ। ਅਜੋਕੇ ਗੀਤਾਂ ਦੀਆਂ ਸੁਰਾਂ ਵਿੱਚ ਵੀ ਹਾਓ-ਹੱਲਾ, ਸ਼ੋਰ-ਸ਼ਰਾਬਾ ਪ੍ਰਧਾਨ ਹੈ, ਸੰਗੀਤ ਦਾ ਸਹਿਜ ਮਧੁਰ ਅਨੂਠਾ ਰਸ ਗਾਇਬ ਹੈ। ਅਜਿਹਾ ਮਾਹੌਲ ਘਬਰਾਹਟ ਪੈਦਾ ਕਰਦਾ ਹੈ। ਇਸੇ ਕਾਹਲ ਵਿੱਚ ਹੀ ਸਾਡੇ ਵਿਆਹਾਂ ਦਾ ਸਮਾਂ 2-3 ਦਿਨ ਤੋਂ ਘਟ ਕੇ 2-3 ਘੰਟਿਆਂ ਤਕ ਸਿਮਟ ਕੇ ਰਹਿ ਗਿਆ ਹੈ। ਕਦੇ ਸਮਾਂ ਸੀ ਵਿਚੋਲਿਆਂ ਰਾਹੀਂ ਕੀਤੇ ਕੁਜੋੜ ਰਿਸ਼ਤੇ ਵੀ ਸਹਿਜਤਾ ਨਾਲ ਤੋੜ ਚੜ੍ਹਾ ਲਏ ਜਾਂਦੇ ਸਨ ਪਰ ਹੁਣ ਆਪ ਭਾਲੇ ਰਿਸ਼ਤੇ ਤਿੜਕਦਿਆਂ ਵੀ ਦੇਰ ਨਹੀਂ ਲੱਗਦੀ। ਸਹਿਜਤਾ, ਸ਼ਾਲੀਨਤਾ, ਸਹਿਣਸ਼ੀਲਤਾ ਦੀ ਘਾਟ ਕਾਰਨ ਅੱਜ-ਕੱਲ੍ਹ ਨਿੱਤ ਦਿਨ ਤਲਾਕ ਹੋ ਰਹੇ ਹਨ। ਹਰ ਖੇਤਰ ਵਿੱਚ ਸਹਿਜਤਾ ਗੁੰਮ ਹੈ ਅਤੇ ਤੱਥ-ਭੜੱਥ ਪ੍ਰਧਾਨ ਹੈ। ਇਸੇ ਤੱਥ-ਭੜੱਥ ਵਿੱਚ ਦਿਨੋਂ-ਦਿਨ ਇਨਸਾਨੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਸ਼ਰਮ, ਸ਼ਰਾਫ਼ਤ, ਸਲੀਕਾ, ਸਹਿਜਤਾ, ਸਹਿਣਸ਼ੀਲਤਾ, ਸਰਲਤਾ, ਸੰਜਮ, ਸੁਹਜ, ਸਾਦਗੀ, ਸਿਆਣਪ, ਸਦਾਚਾਰ ਸਾਡੇ ਕੋਲੋਂ ਖੁੱਸਦਾ ਜਾ ਰਿਹਾ ਹੈ। ਲੋੜ ਹੈ ਇਸ ਲੱਗੀ ਦੌੜ ਵਿੱਚੋਂ ਦੋ ਮਿੰਟ ਰੁਕ ਕੇ ਸਹਿਜ ਨਾਲ ਸਾਹ ਲੈ ਕੇ ਸੋਚਣ ਦੀ ਕਿ ਸਾਨੂੰ ਇੰਨੀ ਕਾਹਲੀ ਕਿਉਂ ਪਈ ਹੋਈ ਹੈ? ਆਓ ਕਾਹਲੀ ਛੱਡ ਕੇ ਜ਼ਿੰਦਗੀ ਦਾ ਸਹਿਜ ਰਸ ਮਾਣੀਏ।

**- ਜਗਜੀਤ ਕੌਰ ਢਿੱਲਵਾਂ**

# ਹੱਸਦੀ-ਮੁਸਕਰਾਉਂਦੀ ਜ਼ਿੰਦਗੀ

ਤੁਹਾਡੀ ਖ਼ੁਸ਼ੀ ਇਸ ਗੱਲ 'ਤੇ ਨਿਰਭਰ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਪ੍ਰਤੀ ਕਿਹੋ ਜਿਹਾ ਰਵੱਈਆ ਅਖ਼ਤਿਆਰ ਕੀਤਾ ਹੈ। ਜਿਹੜੇ ਇਨਸਾਨ ਜ਼ਿੰਦਗੀ ਨੂੰ ਹੱਸ ਕੇ ਜਿਊਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਆਪੇ ਲੀਹ 'ਤੇ ਪੈ ਜਾਂਦੀ ਹੈ। ਹਰ ਵੇਲੇ ਖ਼ੁਸ਼ ਰਹਿਣਾ ਤੇ ਖ਼ੁਸ਼ੀ-ਖ਼ੁਸ਼ੀ ਆਪਣੇ ਕੰਮ ਨੂੰ ਕਰਨ ਵਾਲਾ ਇਨਸਾਨ ਕਦੇ ਉਦਾਸ ਹੋ ਹੀ ਨਹੀਂ ਸਕਦਾ। ਕਈ ਵਾਰ ਅਜਿਹੇ ਇਨਸਾਨ ਦੇ ਜੀਵਨ ਵਿੱਚ ਵੀ ਮੁਸ਼ਕਲਾਂ ਆਉਂਦੀਆਂ ਹਨ ਪਰ ਉਹ ਉਨ੍ਹਾਂ ਸਭ ਮੁਸ਼ਕਲਾਂ ਤੋਂ ਪਾਰ ਹੋ ਜਾਂਦਾ ਹੈ। ਇਨ੍ਹਾਂ ਮੁਸ਼ਕਲਾਂ ਤੋਂ ਪਾਰ ਹੋ ਜਾਣ ਲਈ ਦ੍ਰਿੜ੍ਹ ਇਰਾਦੇ ਤੇ ਅੰਦਰਲੀ ਸੂਝ ਦੀ ਜ਼ਰੂਰਤ ਪੈਂਦੀ ਹੈ। ਕੋਈ ਮੁਸ਼ਕਲ ਅਜਿਹੀ ਨਹੀਂ, ਜਿਸ ਨੂੰ ਤੁਸੀਂ ਕਦੇ ਹੱਲ ਨਾ ਕਰ ਸਕੋ। ਮੁਸ਼ਕਲ ਪ੍ਰਤੀ ਤੁਹਾਡਾ ਰਵੱਈਆ ਹੀ ਤੁਹਾਡੀ ਮੁਸ਼ਕਲ ਨੂੰ ਹੱਲ ਕਰਦਾ ਹੈ। ਕਿਸੇ ਮੁਸ਼ਕਲ ਤੋਂ ਪਾਰ ਜਾਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਮੁਸ਼ਕਲ ਨੂੰ ਸਮਝ ਰਹੇ ਹੋਵੋ ਕਿ ਇਸ ਨੂੰ ਹੱਲ ਕਿਵੇਂ ਕਰਨਾ ਹੈ। ਮਨ ਵਿੱਚ ਉਲਝਣਾਂ ਤੇ ਧੁੰਦਲਾਪਣ ਤੁਹਾਨੂੰ ਸਹੀ ਰਾਹ 'ਤੇ ਜਾਣ ਤੋਂ ਰੋਕਦਾ ਹੈ। ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਮਨ ਸਪਸ਼ਟ ਹੋ ਜਾਵੇ ਤਾਂ ਹੱਲ ਆਪ ਹੀ ਨਿਕਲ ਆਉਂਦਾ ਹੈ। ਕਈ ਵਾਰ ਜ਼ਿੰਦਗੀ ਇਨਸਾਨ ਦੀ ਪ੍ਰੀਖਿਆ ਲੈਂਦੀ ਹੈ। ਜਦੋਂ ਇਨਸਾਨ ਦਾ ਮਨ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਵੇ ਤਾਂ ਮਨ ਦੀਆਂ ਸਭ ਗੁੰਝਲਾਂ ਵੀ ਆਪੇ ਹੀ ਖੁੱਲ੍ਹ ਜਾਂਦੀਆਂ ਹਨ। ਅੰਦਰਲੇ ਕੰਵਲ ਫੁੱਲ ਨੂੰ ਖਿੜਿਆ ਰੱਖਣ ਲਈ ਬੁੱਧ ਦੀਆਂ ਬਹੁਤ ਸਾਰੀਆਂ ਗੱਲਾਂ ਤੇ ਪ੍ਰੇਰਨਾਵਾਂ ਸਾਨੂੰ ਸਹੀ ਰਾਹ ਵਿਖਾ ਸਕਦੀਆਂ ਹਨ। ਗੌਤਮ ਬੁੱਧ ਨੇ ਕਿਹਾ ਹੈ ਕਿ ਈਰਖਾ, ਲਾਲਚ ਤੇ ਮੂਰਖਤਾ-ਭਰੀਆਂ ਸੋਚਾਂ ਤੋਂ ਇਨਸਾਨ ਨੂੰ ਉੱਪਰ ਉੱਠਣਾ ਚਾਹੀਦਾ ਹੈ। ਇਨ੍ਹਾਂ ਤੋਂ ਉੱਪਰ ਉੱਠ ਕੇ ਆਪਣੇ ਮਨ ਦੇ ਸ਼ੀਸ਼ੇ ਨੂੰ ਸਾਫ਼ ਰੱਖਣਾ ਪਵੇਗਾ। ਜੇ ਮਨ ਦਾ ਸ਼ੀਸ਼ਾ ਸਾਫ਼ ਨਹੀਂ ਤਾਂ ਤੁਸੀਂ ਜ਼ਿੰਦਗੀ ਦੀ ਸਹੀ ਤਸਵੀਰ ਵੀ ਨਹੀਂ ਵੇਖ ਸਕੋਗੇ। ਜ਼ਿੰਦਗੀ ਪ੍ਰਤੀ ਢਹਿੰਦੇ ਵਿਚਾਰ, ਉਲਝੀਆਂ ਸੋਚਾਂ ਤੇ ਮਨ ਦਾ ਉਲਾਰਪੁਣਾ ਸਾਨੂੰ ਗ਼ਲਤ ਰਾਹ ਪਾ ਦਿੰਦਾ ਹੈ। ਗ਼ਲਤ ਰਾਹ ਪੈਣ ਨਾਲ ਮੰਜ਼ਿਲਾਂ ਧੁੰਦਲੀਆਂ ਤੇ ਦੂਰ ਹੋ ਜਾਂਦੀਆਂ ਹਨ। ਢਹਿੰਦੇ ਵਿਚਾਰ, ਜ਼ਿੰਦਗੀ ਨੂੰ ਢਹਿੰਦੀ ਕਲਾ ਵੱਲ ਲੈ ਜਾਂਦੇ ਹਨ। ਜਦੋਂ ਵੀ ਤੁਸੀਂ ਜ਼ਿੰਦਗੀ ਦੇ ਹਨੇਰੇ ਰਾਹਾਂ ਵਿੱਚ ਘਿਰੇ ਹੋਵੋ ਤਾਂ ਪਹਿਲਾਂ ਆਪਣੇ ਮਨ ਦੇ ਹਨੇਰਿਆਂ ਨੂੰ ਦੂਰ ਕਰ ਦੇਵੋ। ਇਹ ਤਦ ਹੀ ਸੰਭਵ ਹੈ ਜੇ ਤੁਸੀਂ ਆਪਣੇ-ਆਪ ਨੂੰ ਸਮਝ ਲੈਂਦੇ ਹੋ। ਅੰਦਰਲਾ ਦੀਪ ਜਗਣ ਤੇ ਅੰਦਰਲੀ ਰੋਸ਼ਨੀ ਦੇ ਚਾਨਣ ਨਾਲ ਤੁਹਾਨੂੰ ਉਲਝੀ ਹੋਈ ਜ਼ਿੰਦਗੀ ਦੀ ਆਪੇ ਹੀ ਸਮਝ ਪੈ ਜਾਵੇਗੀ। ਜ਼ਿੰਦਗੀ ਦਾ ਅਸਲ ਰਾਹ, ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਹੈ। ਜਿਹੜਾ ਇਨਸਾਨ ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਸਿੱਖ ਲੈਂਦਾ ਹੈ, ਉਹ ਕਿਸੇ ਮੁਸ਼ਕਲ 'ਚ ਫਸਦਾ ਹੀ ਨਹੀਂ। ਜੇ ਕੋਈ ਮੁਸ਼ਕਲ ਆ ਵੀ ਜਾਵੇ ਤਾਂ ਉਸ ਨੂੰ ਸਹੀ ਸੋਚ ਤੇ ਸਹੀ ਵਿਚਾਰ ਉਸ ਮੁਸ਼ਕਲ ਤੋਂ ਪਾਰ ਲੈ ਜਾਂਦੇ ਹਨ। ਜ਼ਿੰਦਗੀ ਜਿਊਣ ਦਾ ਹੁਨਰ ਸਿੱਖਣ ਦੀ ਜ਼ਰੂਰਤ ਹੈ। ਧੁੱਪਾਂ ਤੇ ਛਾਵਾਂ ਮਾਣਦੀ ਇਹ ਜ਼ਿੰਦਗੀ ਆਪਣੀ ਮਟਕ ਚਾਲ ਤੁਰੀ ਜਾਂਦੀ ਹੈ। ਬਸ ਵੇਖਣਾ ਹੈ ਕਿ ਤੁਸੀਂ ਇਸ ਜ਼ਿੰਦਗੀ ਦੀ ਮਟਕ ਨੂੰ ਕਿਵੇਂ ਕਾਇਮ ਰੱਖ ਸਕਦੇ ਹੋ। ਹੱਸਦੇ, ਮੁਸਕਰਾਉਂਦੇ ਤੇ ਗਾਉਂਦੇ ਜ਼ਿੰਦਗੀ ਦਾ ਸਫ਼ਰ ਜਾਰੀ ਰੱਖੋ। ਮੰਜ਼ਿਲ ਤੁਹਾਡੇ ਪੈਰ ਚੁੰਮ ਲਵੇਗੀ।



# ਜਦ ਪੈਣ ਕਪਾਹੀਂ ਫੁੱਲ ...




ਹਰ ਰੁੱਤ ਦੀ ਆਪਣੀ ਖ਼ੁਸ਼ਬੋ ਹੁੰਦੀ ਹੈ ਅਤੇ ਇਹ ਖ਼ੁਸ਼ਬੋ ਖ਼ੁਦ ਹੀ ਇਨਸਾਨ ਦੇ ਮਨ ਵਿੱਚ ਵੱਸ ਜਾਂਦੀ ਹੈ। ਇਨਸਾਨ ਹੋਰ ਹੀ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਸ ਨੂੰ ਕਿਸੇ ਨੇ ਆਵਾਜ਼ ਮਾਰੀ ਹੋਵੇ ਪਰ ਪਿੱਛੇ ਵੇਖਿਆਂ, ਕੋਈ ਵੀ ਨਹੀਂ ਹੁੰਦਾ। ਮਨ ਮੋਰ ਵਾਂਗ ਨੱਚਣ ਲੱਗਦਾ ਹੈ ਪਰ ਕਿਧਰੇ ਬਾਰਸ਼ ਨਹੀਂ ਹੋ ਰਹੀ ਹੁੰਦੀ; ਇਨਸਾਨ ਦੁਮੇਲ ਵੱਲ ਝਾਕਦਾ ਹੈ ਜਿੱਥੇ ਦਿਨ ਦਾ ਸੂਰਜ ਡੁੱਬਣ ਕਿਨਾਰੇ ਹੁੰਦਾ ਹੈ ਤੇ ਆਪਣੀ ਆਖ਼ਰੀ ਲਾਲੀ ਇਨਸਾਨ ਦੀਆਂ ਅੱਖਾਂ 'ਚ ਧੂੜ ਕੇ, ਕਿਧਰੇ ਛੁਪ ਜਾਂਦਾ ਹੈ। ਅਜਿਹੀ ਮਨੋਦਸ਼ਾ ਅਕਸਰ ਜੁਆਨ ਦਿਲਾਂ ਦੀ ਹੁੰਦੀ ਹੈ ਜਿਨ੍ਹਾਂ ਦੀ ਆਪਣੀ ਦੇਹ ਵਿੱਚੋਂ ਹੀ ਇੱਕ ਖ਼ੁਸ਼ਬੋ ਆ ਰਹੀ ਹੁੰਦੀ ਹੈ, ਜਿਵੇਂ ਹਿਰਨ ਦੀ ਨਾਭੀ 'ਚ ਕਸਤੂਰੀ ਹੁੰਦੀ ਹੈ ਤੇ ਹਿਰਨ ਜਾਂ ਹਿਰਨੀ ਉਸ ਕਸਤੂਰੀ ਦੀ ਖ਼ੁਸ਼ਬੋ ਦਾ ਮਾਰਿਆ ਜੰਗਲ-ਜੰਗਲ ਭਟਕਦਾ ਹੈ ਪਰ ਕਿਤੋਂ ਖ਼ੁਸ਼ਬੋ ਨਹੀਂ ਮਿਲਦੀ। ਹਫ਼ ਜਾਂਦਾ ਹੈ ਤੇ ਕਿਸੇ ਰੁੱਖ ਦੀ ਛਾਂ ਹੇਠ ਬੈਠ ਕੇ ਸਾਹ ਲੈਂਦਾ ਹੈ। ਅਜਿਹੀ ਦਸ਼ਾ ਕਿਸੇ ਨੌਜਵਾਨ ਦੀ ਵੀ ਹੋ ਸਕਦੀ ਹੈ ਤੇ ਕਿਸੇ ਭਰ ਜੋਬਨ ਮੁਟਿਆਰ ਦੀ ਵੀ, ਜੋ ਆਪਣੀ ਜੁਆਨੀ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਕੇ ਰੱਖਦੀ ਹੈ ਪਰ ਜੁਆਨੀ ਕਿੱਥੇ ਲੁਕਦੀ ਹੈ, ਇਹ ਤਾਂ ਖ਼ੁਦ-ਬ-ਖ਼ੁਦ ਖੰਘ ਕੇ ਹੁੰਗਾਰਾ ਭਰਦੀ ਹੈ ਤੇ ਕਦੇ ਸੈਨਤਾਂ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਕਿਸੇ ਹਾਣੀ ਨੂੰ ਲੱਭਦੀ ਫਿਰਦੀ ਹੈ। ਹਾਣੀ ਨਾ ਵੀ ਮਿਲੇ ਤਾਂ ਦਿਲ 'ਚ ਇਹ ਧਰਵਾਸ ਹੁੰਦਾ ਹੈ ਕਿ ਕਿਧਰੇ ਕੋਈ ਹੈ ਜ਼ਰੂਰ, ਜੋ ਅੱਠੇ ਪਹਿਰ ਮੇਰੇ ਨਾਲ ਰਹਿੰਦਾ ਹੈ ਤੇ ਮੇਰੇ ਜੀਵਨ ਨੂੰ ਖ਼ੁਸ਼ੀਆਂ 'ਚ ਰੰਗੀ ਜਾਂਦਾ ਹੈ। ਮੇਰਾ ਹੁੰਗਾਰਾ ਭਰਦਾ ਹੈ ਪਰ ਕਿਧਰੇ ਦਿਖਾਈ ਨਹੀਂ ਦਿੰਦਾ। ਪੁਰਾਣੇ ਸਮਿਆਂ 'ਚ ਲੋਕੀਂ ਕਪਾਹਾਂ ਦੀ ਰੁੱਤ ਵਿੱਚ ਜਦ ਖੇਤ ਕੋਲੋਂ ਲੰਘਦੇ ਤਾਂ ਖਿੜੀ ਹੋਈ ਕਪਾਹ ਦੇ ਫੁੱਲ ਮਨ ਵਿੱਚ ਇੱਕ ਹੁਲਾਰਾ ਜਿਹਾ ਜਗਾਉਂਦੇ, ਸੋਹਣੇ-ਸੋਹਣੇ ਫੁੱਲ ਮਨ ਨੂੰ ਖਿੱਲਾਂ ਪਾਉਂਦੇ ਤੇ ਮਨ ਇਨ੍ਹਾਂ ਫੁੱਲਾਂ ਮਗਰ ਉੱਡਿਆ ਫਿਰਦਾ। ਕਪਾਹਾਂ ਚੁਗਦੀਆਂ ਕੁੜੀਆਂ-ਚਿੜੀਆਂ, ਵਹੁਟੀਆਂ ਤੇ ਹੋਰ ਔਰਤਾਂ ਸਭ ਖ਼ੂਬਸੂਰਤ ਲੱਗਦੀਆਂ। ਉਨ੍ਹਾਂ ਦੇ ਮਿੱਠੇ ਬੋਲ, ਮਨ ਨੂੰ ਧੂਹ ਪਾਉਂਦੇ ਤੇ ਰਾਹੀ ਪਾਂਧੀ ਖੇਤ ਦੇ ਕੋਲੋਂ ਲੰਘਣ ਵੇਲੇ ਪੈਰ ਦੱਬ ਕੇ ਟੁਰਦਾ ਕਿ ਅਜਿਹਾ ਦ੍ਰਿਸ਼ ਕਿਤੇ ਹੋਰ ਦੇਖਣ ਲਈ ਨਹੀਂ ਮਿਲੇਗਾ। ਕੋਈ-ਕੋਈ ਚੰਚਲ ਨਾਰ! ਠੱਠਾ ਮਖੌਲ ਕਰਕੇ ਦੂਜੀ ਔਰਤ ਨੂੰ ਹਸਾ ਦਿੰਦੀ ਤੇ ਕੋਈ ਨਿੱਕੀ ਜਿਹੀ ਗੱਲ ਕਰਕੇ ਆਪ ਵੀ ਹੱਸ ਪੈਂਦੀ, ਜਿਵੇਂ ਉਸ ਦਾ ਮਾਹੀ ਵੀ ਮਨ 'ਚ ਬੈਠਾ, ਉਸ ਨੂੰ ਉਡੀਕਾਂ ਕਰ ਕੇ ਹਸਾ ਜਾਂ ਰੁਆ ਦਿੰਦਾ ਹੋਵੇ।

ਸਿਆਣੇ ਕਹਿੰਦੇ ਹਨ ਕਿ ਅਸਲ ਖ਼ੁਸ਼ੀ ਆਪਣੇ ਮਨ ਦੀ ਹੁੰਦੀ ਹੈ, ਜੋ ਦਿਲ ਵਿੱਚੋਂ ਬਲ ਰਹੀ ਮਤਾਬੀ ਡੱਬੀ ਵਾਂਗ ਕਈ ਰੰਗ ਬਿਖੇਰ ਦੇਵੇ ਤੇ ਮਨ ਪੈਲਾਂ ਪਾਉਣ ਲੱਗ ਪਏ। ਮਨ ਚੂੜੀਆਂ ਭਰੇ ਤੇ ਕੋਹਾਂ ਦੂਰ ਕੋਈ ਬੈਠਾ ਮਨ ਦਾ ਰਾਂਝਣ ਅਚਾਨਕ ਯਾਦਾਂ ਵਿੱਚ ਆ ਸਮਾਵੇ। ਕੋਈ ਨੌਜਵਾਨ ਜਾਂ ਮੁਟਿਆਰ ਅਜਿਹੀ ਹਾਲਤ ਵਿੱਚ ਆਪਣੀ ਠੋਡੀ ਦੇ ਹੇਠ ਹੱਥ ਰੱਖ ਕੇ ਸੋਚਾਂ ਵਿੱਚ ਡੁੱਬੇ ਰਹਿਣ। ਕਿਧਰੇ ਗੁੰਮ-ਗੁਆਚ ਜਾਣ ਤੇ ਛੇਤੀ ਕੀਤਿਆਂ ਪਤਾ ਹੀ ਨਾ ਲੱਗੇ ਕਿ ਹਾਕ ਕਿਸ ਨੂੰ ਮਾਰੀ ਗਈ ਹੈ। ਮਾਂ ਵੀ ਧੀ ਦੇ ਮਨ ਦੀਆਂ ਤੋਂ ਅਣਜਾਣ ਨਹੀਂ ਹੁੰਦੀ। ਇਹ ਖਿੜੀਆਂ ਕਪਾਹਾਂ ਦੀ ਰੁੱਤ ਜ਼ਰੂਰੀ ਨਹੀਂ ਕਿ ਨੌਜਵਾਨਾਂ ਦੇ ਦਿਲਾਂ 'ਚ ਹੀ ਅਠਖੇਲੀਆਂ ਕਰਦੀ ਹੋਵੇ, ਸਗੋਂ ਹੋਰ ਇਨਸਾਨ ਵੀ ਇਸ ਰੁੱਤ ਦੀ ਆਹਟ ਨੂੰ ਆਪਣੇ ਮਨ 'ਤੇ ਹੰਢਾਉਂਦੇ ਹਨ। ਉਹ ਵੀ ਜੋ ਛਾਲਾਂ ਮਾਰ ਕੇ ਖੇਤ ਕੋਲੋਂ ਲੰਘ ਜਾਵੇ ਤੇ ਉਹ ਵੀ ਜੋ ਖੂੰਡੀ ਦੇ ਸਹਾਰੇ ਖੇਤ ਦੇ ਬੰਨੇ-ਬੰਨੇ ਸੈਰ ਕਰਨ ਆਇਆ ਹੋਵੇ। ਜਦ ਇਨਸਾਨ ਬੁੱਢਾ ਹੋ ਜਾਂਦਾ ਹੈ; ਦਿਲ ਤਾਂ ਉਹੀ ਰਹਿੰਦਾ ਹੈ, ਖ਼ਵਾਹਿਸ਼ਾਂ ਤੇ ਮਨ ਦੀਆਂ ਚਾਹਤਾਂ ਉਹੀ ਰਹਿੰਦੀਆਂ ਹਨ।

ਸ਼ਾਲਾ! ਇਹ ਕਪਾਹਾਂ ਦੀ ਰੁੱਤ, ਹਰ ਇਨਸਾਨ ਦੇ ਮਨ 'ਚ ਵਸੀ ਰਵੇ ਤੇ ਇਨਸਾਨ ਆਪਣੀ ਦੇਹ ਨੂੰ ਨਵੀਂ ਨਰੋਈ ਸਮਝ ਕੇ ਸਾਰੀ ਜ਼ਿੰਦਗੀ ਚੁੰਗੀਆਂ ਭਰਦਾ ਰਵੇ, ਜਿਵੇਂ ਹਿਰਨ ਵਣਾਂ ਵਿੱਚ, ਚੁੰਗੀਆਂ ਭਰਦੇ ਹਨ ਤੇ ਵਣਾਂ ਦੀ ਸੁਗੰਧ ਪੀ ਕੇ ਜ਼ਿੰਦਗੀ ਮਾਣਦੇ ਹਨ। ਮਨ ਤਾਂ ਸਭ ਦਾ ਇੱਕੋ ਜਿਹਾ ਹੀ ਹੁੰਦਾ ਹੈ। ਚਾਹੇ ਇਹ ਕੋਈ ਇਨਸਾਨ ਹੋਵੇ ਤੇ ਚਾਹੇ ਵਣਾਂ 'ਚ ਵਸਣ ਵਾਲੀ ਹਿਰਨੀ ਜਾਂ ਹਿਰਨ। ਇਸ ਮਨੁੱਖੀ ਦੇਹ ਦਾ ਕੀ ਭਰੋਸਾ, ਕਿਹੜੇ ਵੇਲੇ ਇਸ ਦੇਹ ਵਿੱਚੋਂ ਭੌਰ ਉੱਡ ਕੇ ਇਸ ਦੇਹ ਨੂੰ ਅਲਵਿਦਾ ਕਹਿ ਦੇਵੇ। ਜਿੰਨਾ ਚਿਰ ਇਨਸਾਨ ਦੀ ਦੇਹੀ 'ਚ ਪ੍ਰਾਣ ਬਾਕੀ ਹਨ, ਸ਼ਾਲਾ! ਇਹ ਕਪਾਹਾਂ ਖਿੜਦੀਆਂ ਰਹਿਣ।

**- ਅਜੀਤ ਸਿੰਘ ਚੰਦਨ**

# ਲੋਪ ਹੋ ਰਹੀ ਸਾਂਝੀ ਮਾਈ



ਪੰਜਾਬ ਵਿੱਚ ਅੱਜ ਵੀ ਲੋਕ ਦੇਵੀਆਂ ਵਿੱਚੋਂ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਸਾਂਝੀ ਲੋਕ ਦੇਵੀ ਦਾ ਸਬੰਧ ਲੋਕ-ਮਾਨਸ, ਲੋਕ-ਵਿਸ਼ਵਾਸ, ਲੋਕ-ਧਰਮ ਅਤੇ ਲੋਕ ਕਲਾ ਨਾਲ ਹੈ। ਸਾਂਝੀ ਦੇਵੀ ਦੀ ਪੂਜਾ ਲੋਕ ਪੌਰਾਣਿਕ ਦੇਵੀ ਦੁਰਗਾ ਮਾਈ, ਬ੍ਰਹਮਾ ਦੀ ਪੁੱਤਰੀ ਸੰਧਿਆ ਅਤੇ ਗੌਰੀ ਦਾ ਰੂਪ ਸਮਝ ਕੇ ਕਰਦੇ ਹਨ। ਪੰਜਾਬ ਦੇ ਪਿੰਡਾਂ ਵਿੱਚ ਸਾਂਝੀ ਦੀ ਆਕਿਰਤੀ ਸਰਾਧਾਂ ਦੀ ਸੱਤੋਂ ਨੂੰ ਸੱਤ ਟਿੱਕੀਆਂ ਬਣਾ ਕੇ ਸ਼ੁਰੂ ਕੀਤੀ ਜਾਂਦੀ ਹੈ। ਸਰਾਧਾਂ ਦੀ ਸੱਤੋਂ ਤੋਂ ਸਰਾਧਾਂ ਦੀ ਚੌਦੇਂ ਤਕ ਸਾਂਝੀ ਮਾਈ ਦੀ ਆਕਿਰਤੀ ਲਈ ਟਿੱਕੀਆਂ, ਚੰਦ, ਤਾਰੇ, ਸਾਂਝੀ ਮਾਈ ਦਾ ਮੂੰਹ, ਕਾਣਾ ਘੁੱਦੂ, ਧਰੂ ਤਾਰਾ, ਸਾਂਝੀ ਦੇ ਗਹਿਣੇ, ਹੱਥ-ਪੈਰ, ਮੋਰ ਚਿੜੀਆਂ, ਸਾਂਝੀ ਦੀ ਜੁੱਤੀ ਆਦਿ ਚੀਕਣੀ ਮਿੱਟੀ ਨਾਲ ਤਿਆਰ ਕੀਤੇ ਜਾਂਦੇ ਹਨ। ਸਾਂਝੀ ਦੀ ਆਕਿਰਤੀ ਨੂੰ ਘਰ ਦੇ ਬੱਚੇ ਅਤੇ ਔਰਤਾਂ ਇਕੱਠੇ ਬੈਠ ਕੇ ਬਣਾਉਂਦੇ ਹਨ। ਮੱਸਿਆ ਵਾਲੇ ਦਿਨ ਸਾਂਝੀ ਦੀ ਆਕਿਰਤੀ ਨਾਲ ਬਣਾਈਆਂ ਚੀਜ਼ਾਂ ਨੂੰ ਕਲੀ ਅਤੇ ਲਾਲ ਰੰਗ ਨਾਲ ਸਜਾ ਕੇ ਗੋਹੇ ਦੀ ਆਕਿਰਤੀ ਬਣਾ ਕੇ ਉਸ ਉੱਤੇ ਸਭ ਕੁਝ ਲਾ ਕੇ ਸਾਂਝੀ ਦੀ ਆਕਿਰਤੀ ਸਜਾ ਦਿੱਤੀ ਜਾਂਦੀ ਹੈ। ਸਾਂਝੀ ਮਾਈ ਦੀ ਆਕਿਰਤੀ ਵੱਖ-ਵੱਖ ਵਰਗਾਂ ਵਿੱਚ ਜਿਵੇਂ ਹਿੰਦੂ ਲੋਕ ਸਾਂਝੀ ਦੀ ਆਕਿਰਤੀ ਅਤੇ ਸਿੱਖ ਲੋਕ ਬਰੋਟੇ ਦੇ ਰੂਪ ਵਿੱਚ ਤਿਆਰ ਕਰਦੇ ਹਨ। ਸਾਂਝੀ ਦੀ ਤਿਆਰ ਆਕਿਰਤੀ ਤੋਂ ਬਾਅਦ ਪਹਿਲੇ ਨਰਾਤੇ ਤੋਂ ਲੈ ਕੇ ਨੌਵੇਂ ਨਰਾਤੇ ਤਕ ਪੂਜਾ ਕੀਤੀ ਜਾਂਦੀ ਹੈ, ਜਿਸ ਨੂੰ ਗਲੀ-ਮੁਹੱਲੇ ਦੇ ਬੱਚੇ ਰਲ਼ ਕੇ ਗੀਤ ਗਾ ਕੇ ਕਰਦੇ ਹਨ, ਜਿਵੇਂ ਸਾਂਝੀ ਦੀ ਆਰਤੀ ਹੈ-

ਪਹਿਲੀ ਆਰਤੀ ਕਰਾਂ ਕਸਾਰ<br>ਜੀਵੇ ਮੇਰਾ ਵੀਰ ਪਿਆਰ<br>ਵੀਰ ਪਿਆਰੇ ਦੀਆਂ ਅੜੀਆਂ<br>ਦੋ ਸ਼ਿਵ ਦੁਆਰੇ ਖੜ੍ਹੀਆਂ<br>ਤੂੰ ਖੋਲ੍ਹ ਮਾਤਾ ਹੱਟੜੀ<br>ਮੈਂ ਪੂਜਾਂ ਤੇਰੀ ਪੱਟੜੀ<br>ਮੈਂ ਪੂਜਾਂ ਤੇਰੇ ਪੈਰ<br>ਨਿਰੰਜਨ ਤੇਰੀ ਕਾਇਆ<br>ਛੜੱਪੇ ਲੈਂਦੀ ਮਾਇਆ<br>ਤੂੰ ਖੋਲ੍ਹ ਮਾਇਆ ਕੁੰਡਾ<br>ਮੈਂ ਹਰ ਕਾ ਦਰਸ਼ਨ ਪਾਇਆ

ਨੌਂ ਨਰਾਤਿਆਂ ਤੋਂ ਬਾਅਦ ਦੁਸਹਿਰੇ ਵਾਲੇ ਦਿਨ ਪ੍ਰਭਾਤ ਵੇਲੇ ਕੰਧ 'ਤੇ ਬਣਾਈ ਸਾਂਝੀ ਦੀ ਆਕਿਰਤੀ ਨੂੰ ਪੂਜਾ ਕਰ ਕੇ ਉਤਾਰਿਆ ਜਾਂਦਾ ਹੈ ਅਤੇ ਸਾਂਝੀ ਨੂੰ ਮਿੱਠੇ-ਮਿੱਠੇ ਗੀਤ ਗਾ ਕੇ ਜਲ ਪ੍ਰਵਾਹ ਕੀਤਾ ਜਾਂਦਾ ਹੈ। ਜਲ ਪ੍ਰਵਾਹ ਕਰਨ ਵੇਲੇ ਇਹ ਕਿਹਾ ਜਾਂਦਾ ਹੈ-

ਨ੍ਹਾਈਂ ਸਾਂਝੀ ਧੋਈਂ ਸਾਂਝੀ ਰੋਈਂ ਨਾ,<br>ਵਰ੍ਹੇ ਦਿਨਾਂ ਨੂੰ ਫੇਰ ਲਾਵਾਂਗੇ।

ਭਾਵੇਂ ਅਜੋਕੇ ਸਮੇਂ ਸਿੱਖਿਆ ਦਾ ਪਸਾਰ ਹੋਣ ਕਰਕੇ ਸਾਂਝੀ ਬਣਾਉਣ ਦਾ ਰੁਝਾਨ ਘਟ ਗਿਆ ਹੈ ਪਰ ਇਹ ਲੋਪ ਨਹੀਂ ਹੋਈ, ਅੱਜ ਵੀ ਪੇਂਡੂ ਅਤੇ ਸ਼ਹਿਰੀ ਸੁਆਣੀਆਂ ਸਾਂਝੀ ਦੀ ਆਕਿਰਤੀ ਬਣਾਉਂਦੀਆਂ ਹਨ।

**- ਡਾ. ਬਲਵਿੰਦਰ ਸਿੰਘ**

## ਸੰਪਾਦਕੀ

# ‘ਇੰਡੀਆ’ ਗੱਠਜੋੜ ਦੀ ਟੁੱਟ-ਭੱਜ

ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ (ਯੂ) ਦੇ ਪ੍ਰਧਾਨ ਨਿਤੀਸ਼ ਕੁਮਾਰ ਦੇ ‘ਇੰਡੀਆ’ ਗੱਠਜੋੜ ਛੱਡ ਕੇ ਕੌਮੀ ਜਮਹੂਰੀ ਮੁਹਾਜ਼ (ਐੱਨਡੀਏ) ਵਿਚ ਪਰਤ ਜਾਣ ਤੋਂ ਦੋ ਕੁ ਹਫ਼ਤਿਆਂ ਬਾਅਦ ਸੋਮਵਾਰ ਨੂੰ ਉਨ੍ਹਾਂ ਦੀ ਨਵੀਂ ਕੁਲੀਸ਼ਨ ਸਰਕਾਰ ਨੇ ਵਿਧਾਨ ਸਭਾ ਵਿਚ ਭਰੋਸੇ ਦਾ ਵੋਟ ਹਾਸਲ ਕਰ ਲਿਆ। ਆਪਣਾ ਤੋੜ-ਵਿਛੋੜਿਆਂ ਅਤੇ ਗੱਠਜੋੜ ਛੱਡਣ-ਬਣਾਉਣ (ਯੂ-ਟਰਨ ਲੈਣ) ਦਾ ਵੱਡਾ ਰਿਕਾਰਡ ਬਣਾਉਂਦਿਆਂ ਉਨ੍ਹਾਂ ਪਿਛਲੇ ਮਹੀਨੇ ਦੇ ਅਖ਼ੀਰ ਵਿਚ ਰਾਸ਼ਟਰੀ ਜਨਤਾ ਦਲ (ਆਰਜੇਡੀ) ਅਤੇ ਕਾਂਗਰਸ ਦੀ ਸ਼ਮੂਲੀਅਤ ਵਾਲੇ ਮਹਾਗੱਠਜੋੜ ਨੂੰ ਠੋਕਰ ਮਾਰ ਦਿੱਤੀ ਅਤੇ ਇਕ ਵਾਰ ਮੁੜ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾ ਲਿਆ। ਆਰਜੇਡੀ ਨੂੰ ਇਕ ਹੋਰ ਝਟਕਾ ਉਦੋਂ ਲੱਗਾ ਜਦੋਂ ਵਿਧਾਨ ਸਭਾ ਵਿਚ ਭਰੋਸੇ ਦੀ ਵੋਟ ਸਮੇਂ ਉਸ ਦੇ ਤਿੰਨ ਵਿਧਾਇਕ ਪਾਲਾ ਬਦਲ ਕੇ ਹਾਕਮ ਧਿਰ ਨਾਲ ਰਲ ਗਏ। ਕਾਂਗਰਸ ਅਤੇ ਆਰਜੇਡੀ, ਦੋਵੇਂ ਵਿਰੋਧੀ ਧਿਰ ਦੇ ਗੱਠਜੋੜ ‘ਇੰਡੀਆ’ ਦਾ ਹਿੱਸਾ ਹਨ ਜਿਹੜਾ ਬਿਹਾਰ ਵਿਚ ਹੀ ਨਹੀਂ ਸਗੋਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵੀ ਭਾਰੀ ਸੰਕਟ ਵਿਚ ਘਿਰਿਆ ਹੋਇਆ ਹੈ।

ਮਹਾਰਾਸ਼ਟਰ ਵਿਚ ਉਮਰ-ਦਰਾਜ਼ ਕਾਂਗਰਸੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ ਵੀ ਪਾਰਟੀ ਤੋਂ ਅਸਤੀਫ਼ਾ ਦੇ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ। ਬੀਤੇ ਮਹੀਨੇ ਸਾਬਕਾ ਐੱਮਪੀ ਮਿਲਿੰਦ ਦਿਓੜਾ ਦੇ ਪਾਰਟੀ ਛੱਡ ਜਾਣ ਤੋਂ ਬਾਅਦ ਇਹ ਮੁਲਕ ਦੀ ਇਸ ਸਭ ਤੋਂ ਪੁਰਾਣੀ ਪਾਰਟੀ ਲਈ ਸੂਬੇ ਵਿਚ ਦੂਜਾ ਵੱਡਾ ਝਟਕਾ ਹੈ। ਅਸ਼ੋਕ ਚਵਾਨ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਮਹਾਰਾਸ਼ਟਰ ਤੋਂ ਰਾਜ ਸਭਾ ਉਮੀਦਵਾਰ ਬਣਾਏ ਜਾਣ ਦੇ ਆਸਾਰ ਹਨ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਆਪਣੇ ਹੀ ਅੰਦਰੂਨੀ ਸੰਕਟਾਂ ਵਿਚ ਬੁਰੀ ਤਰ੍ਹਾਂ ਉਲਝੀ ਹੋਈ ਲਾਚਾਰੀ ਨਾਲ ‘ਇੰਡੀਆ’ ਗੱਠਜੋੜ ਦੇ ਪੈਰ ਉੱਖੜਦੇ ਹੋਏ ਦੇਖ ਰਹੀ ਹੈ। ਬੀਤੇ ਸਾਲ ਦੇਸ਼ ਦੇ ਵੋਟਰਾਂ ਨੂੰ ਐੱਨਡੀਏ ਦਾ ਮਜ਼ਬੂਤ ਬਦਲ ਦੇਣ ਦੇ ਟੀਚੇ ਨਾਲ ਕਾਇਮ ਕੀਤਾ ਗਿਆ ਇਹ ਗੱਠਜੋੜ ਹਰ ਗੁਜ਼ਰਦੇ ਦਿਨ ਨਾਲ ਰੇਤ ਦੇ ਮਹਿਲ ਵਾਂਗ ਕਿਰ ਰਿਹਾ ਹੈ।

ਸਾਬਕਾ ਕੇਂਦਰੀ ਮੰਤਰੀ ਮਰਹੂਮ ਅਜੀਤ ਸਿੰਘ ਦਾ ਬਣਾਇਆ ਰਾਸ਼ਟਰੀ ਲੋਕ ਦਲ ਵੀ ‘ਇੰਡੀਆ’ ਨੂੰ ਛੱਡ ਕੇ ਐੱਨਡੀਏ ਵਿਚ ਸ਼ਾਮਲ ਹੋਣ ਲਈ ਤਿਆਰ ਬੈਠਾ ਹੈ। ਦਲ ਦੇ ਮੌਜੂਦਾ ਮੁਖੀ ਅਤੇ ਅਜੀਤ ਸਿੰਘ ਦੇ ਪੁੱਤਰ ਜੈਅੰਤ ਚੌਧਰੀ ਨੇ ਆਪਣੇ ਦਾਦਾ ਅਤੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਨੂੰ ਕੇਂਦਰ ਸਰਕਾਰ ਵੱਲੋਂ ਭਾਰਤ ਰਤਨ ਦਾ ਸਨਮਾਨ ਦਿੱਤੇ ਜਾਣ ਤੋਂ ਬਾਅਦ ਇਸ ਸਬੰਧੀ ਆਪਣੇ ਇਰਾਦੇ ਜ਼ਾਹਿਰ ਕਰ ਦਿੱਤੇ ਹਨ। ਭਾਜਪਾ ਵੀ ਭਾਵੇਂ ਇੰਨੀ ਹੀ ਸੌਖ ਨਾਲ ਗੱਠਜੋੜ ਬਣਾ ਤੇ ਤੋੜ ਰਹੀ ਹੈ ਪਰ ਕਾਂਗਰਸ ਤਾਂ ਅਜੇ ਤੱਕ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਨਾਲ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਨਾਲ ਸੀਟਾਂ ਦੀ ਵੰਡ ਦਾ ਮਾਮਲਾ ਵੀ ਨਹੀਂ ਨਿਬੇੜ ਸਕੀ। ਜੇ ਕਾਂਗਰਸ ਇੰਝ ਹੀ ਹੱਥ ’ਤੇ ਹੱਥ ਧਰ ਕੇ ਹਾਲਾਤ ਨੂੰ ਬਦ ਤੋਂ ਬਦਤਰ ਹੁੰਦੇ ਦੇਖਦੀ ਰਹੀ ਤਾਂ ‘ਇੰਡੀਆ’ ਲਈ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਸੱਤਾ ਹਾਸਲ ਕਰਨ ਤੋਂ ਰੋਕ ਸਕਣ ਦੇ ਕੋਈ ਆਸਾਰ ਬਾਕੀ ਨਹੀਂ ਰਹਿਣਗੇ। ਕਾਂਗਰਸ ਨੂੰ ਹੁਣ ਇਹ ਵਿਚਾਰ ਵੀ ਬਹੁਤ ਸੰਜੀਦਗੀ ਨਾਲ ਕਰਨੀ ਪਵੇਗੀ ਕਿ ਸੱਤਾਧਿਰ ਹਰ ਹੀਲੇ-ਵਸੀਲੇ ‘ਇੰਡੀਆ’ ਨੂੰ ਕਮਜ਼ੋਰ ਕਰਨ ਦੀ ਆਈ ’ਤੇ ਆਈ ਹੋਈ ਹੈ; ਇਸ ਲਈ ਹੁਣ ਇਸ ਨੂੰ ਨਵੇਂ ਸਿਰਿਓਂ ਪੈਂਤੜੇ ਮੱਲਣ ਦੀ ਜ਼ਰੂਰਤ ਹੈ।

# ਰਫ਼ਾਹ ਹਮਲੇ ਦੇ ਖ਼ਤਰੇ

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦੋ ਯਹੂਦੀ ਬੰਦੀਆਂ ਦੀ ਨਾਟਕੀ ਰਿਹਾਈ ਦਾ ਹਵਾਲਾ ਦਿੰਦੇ ਹੋਏ ਆਖਿਆ ਕਿ ਫ਼ੌਜੀ ਦਬਾਓ ਬਣਾ ਕੇ ਰੱਖਿਆ ਜਾਣਾ ਚਾਹੀਦਾ ਹੈ। ਅਜੇ ਵੀ 100 ਤੋਂ ਵੱਧ ਇਜ਼ਰਾਇਲੀ ਨਾਗਰਿਕ ਹਮਾਸ ਨਾਲ ਜੁੜੇ ਗਰੁੱਪਾਂ ਨੇ ਬੰਦੀ ਬਣਾਏ ਹੋਏ ਹਨ। ਗਾਜ਼ਾ ਪੱਟੀ ਦੇ ਦੱਖਣੀ ਸ਼ਹਿਰ ਰਫ਼ ?ਾਹ ਵਿਚ ਕੀਤੇ ਗਏ ਇਸ ਫ਼ੌਜੀ ਅਪਰੇਸ਼ਨ ਵਿਚ ਕਰੀਬ 70 ਫ਼ਲਸਤੀਨੀ ਮਾਰੇ ਗਏ ਹਨ; ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਮਾਰੇ ਗਏ ਲੋਕਾਂ ’ਚੋਂ ਕਈ ਅਤਿਵਾਦੀ ਸਨ। ਉੱਧਰ, ਗਾਜ਼ਾ ਦੇ ਮੰਤਰਾਲੇ ਨੇ ਆਖਿਆ ਕਿ ਮਰਨ ਵਾਲਿਆਂ ’ਚੋਂ 70 ਫ਼ੀਸਦ ਤੋਂ ਵੱਧ ਆਮ ਨਾਗਰਿਕ ਸਨ। ਰਫ਼ਾਹ ਸ਼ਹਿਰ ਮਿਸਰ ਨਾਲ ਲਗਦੀ ਗਾਜ਼ਾ ਦੀ ਸਰਹੱਦ ’ਤੇ ਪੈਂਦਾ ਹੈ ਅਤੇ ਮਾਨਵੀ ਸਹਾਇਤਾ ਪਹੁੰਚਾਉਣ ਦਾ ਇਹ ਇਕੋ-ਇਕ ਲਾਂਘਾ ਬਚਿਆ ਸੀ। ਗਾਜ਼ਾ ਸ਼ਹਿਰ ’ਤੇ ਇਜ਼ਰਾਇਲੀ ਬੰਬਾਰੀ ਹੋਣ ਤੋਂ ਬਾਅਦ ਲਗਭਗ 15 ਲੱਖ ਫ਼ਲਸਤੀਨੀ ਨਾਗਰਿਕਾਂ ਨੇ ਰਫ਼ਾਹ ਵਿਚ ਪਨਾਹ ਲਈ ਸੀ। ਇਸ ਤੋਂ ਪਹਿਲਾਂ ਇਜ਼ਰਾਈਲ ਦੇ ਜ਼ਮੀਨੀ ਹਮਲੇ ਦੀਆਂ ਤਿਆਰੀਆਂ ਸਬੰਧੀ ਕੌਮਾਂਤਰੀ ਭਾਈਚਾਰੇ ਦੇ ਵਿਰੋਧ ਨੂੰ ਵੀ ਨੇਤਨਯਾਹੂ ਨੇ ਦਰਕਿਨਾਰ ਕਰ ਦਿੱਤਾ ਹੈ। 7 ਅਕਤੂਬਰ ਨੂੰ ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਜਿਸ ਕਦਰ ਫ਼ਲਸਤੀਨੀਆਂ ਉੱਤੇ ਹਮਲੇ ਕੀਤੇ ਜਾ ਰਹੇ ਹਨ, ਹੁਣ ਉਸ ਦਾ ਨੇੜ ਭਵਿੱਖ ਵਿਚ ਕੋਈ ਅੰਤ ਨਜ਼ਰ ਨਹੀਂ ਆ ਰਿਹਾ।

ਇਜ਼ਰਾਈਲ ਦੇ ਫ਼ੌਜੀ ਹਮਲੇ ਵਿਚ ਹੁਣ ਤੱਕ 28 ਹਜ਼ਾਰ ਤੋਂ ਵੱਧ ਫ਼ਲਸਤੀਨੀ ਮਾਰੇ ਜਾ ਚੁੱਕੇ ਹਨ ਅਤੇ ਗਾਜ਼ਾ ਪੱਟੀ ਦੇ ਜਿ ?ਆਦਾਤਰ ਇਲਾਕੇ ਤਬਾਹ ਕਰ ਦਿੱਤੇ ਗਏ ਹਨ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ ਦੇ ਮੁਖੀ ਨੇ ਰਫ਼ਾਹ ਸ਼ਹਿਰ ’ਤੇ ਇਜ਼ਰਾਇਲੀ ਹਮਲੇ ਨੂੰ ਬਹੁਤ ਹੀ ਖ਼ੌਫ਼ਨਾਕ ਕਰਾਰ ਦਿੱਤਾ ਹੈ ਅਤੇ ਇਹ ਵੀ ਆਖਿਆ ਕਿ ਸਾਰੇ ਪ੍ਰਭਾਵਸ਼ਾਲੀ ਆਗੂਆਂ ਨੂੰ ਇਜ਼ਰਾਈਲ ’ਤੇ ਦਬਾਓ ਪਾਉਣਾ ਚਾਹੀਦਾ ਹੈ। ਉਨ੍ਹਾਂ ਦਾ ਇਸ਼ਾਰਾ ਪੱਛਮੀ ਦੇਸ਼ਾਂ ਦੇ ਦੋਹਰੇ ਮਿਆਰਾਂ ਵੱਲ ਸੀ ਜੋ ਇਜ਼ਰਾਇਲੀ ਫ਼ੌਜੀ ਹਮਲੇ ਵਿਚ ਹੋ ਰਹੇ ਜਾਨੀ ਨੁਕਸਾਨ ਬਾਰੇ ਚਿੰਤਾ ਤਾਂ ਪ੍ਰਗਟ ਕਰਦੇ ਹਨ ਪਰ ਉਹ ਇਜ਼ਰਾਈਲ ਖਿਲਾਫ਼ ਸਖ਼ਤ ਕਦਮ ਪੁੱਟਣ ਤੋਂ ਲਗਾਤਾਰ ਗੁਰੇਜ਼ ਕਰ ਰਹੇ ਹਨ। ਹੁਣ ਜਦੋਂ ਇਜ਼ਰਾਈਲ ਦੇ ਜ਼ਮੀਨੀ ਹਮਲੇ ਦੇ ਆਸਾਰ ਵਧ ਰਹੇ ਹਨ ਤਾਂ ਇਸ ਟਕਰਾਅ ਨੂੰ ਹੋਰ ਫੈਲਣ ਤੋਂ ਬਚਣ ਅਤੇ ਮਾਨਵੀ ਗੋਲੀਬੰਦੀ ਕਰਾਉਣ ਲਈ ਬੰਦੀਆਂ ਦੀ ਰਿਹਾਈ ਦੇ ਯਤਨ ਤੇਜ਼ ਕੀਤੇ ਜਾਣੇ ਚਾਹੀਦੇ ਹਨ।

ਇਸ ਖਿੱਤੇ ਵਿਚ ਵਾਪਰ ਰਹੀਆਂ ਖ਼ੌਫ਼ਨਾਕ ਘਟਨਾਵਾਂ ਪ੍ਰਤੀ ਕੌਮਾਂਤਰੀ ਭਾਈਚਾਰਾ ਅੱਖਾਂ ਬੰਦ ਕਰ ਕੇ ਨਹੀਂ ਬੈਠ ਸਕਦਾ ਅਤੇ ਇਸ ਵਲੋਂ ਹਮਾਸ ਨੂੰ ਰਾਕੇਟ ਹਮਲੇ ਅਤੇ ਇਜ਼ਰਾਈਲ ਨੂੰ ਆਪਣੇ ਫ਼ੌਜੀ ਅਪਰੇਸ਼ਨ ਬੰਦ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ; ਨਾਲ ਹੀ ਸ਼ਾਂਤੀ ਵਾਰਤਾ ਸ਼ੁਰੂ ਕਰਾਉਣੀ ਚਾਹੀਦੀ ਹੈ। ‘ਦੋ ਮੁਲਕੀ ਹੱਲ’ ਹੀ ਇਸ ਹਿੰਸਾ ਅਤੇ ਦਮਨ ਚੱਕਰ ਨੂੰ ਰੁਕਵਾਉਣ ਦਾ ਜ਼ਾਮਨ ਬਣ ਸਕਦਾ ਹੈ। ਇਜ਼ਰਾਈਲ ਦੀ ਘਾਤਕ ਕਾਰਵਾਈ ਇਸ ਕਰ ਕੇ ਵੀ ਬੰਦ ਕਰਵਾਉਣੀ ਚਾਹੀਦੀ ਹੈ ਤਾਂ ਕਿ ਇਹ ਜੰਗ ਹੋਰ ਇਲਾਕਿਆਂ ਤੱਕ ਨਾ ਫੈਲ ਜਾਵੇ। ਇਸ ਸਬੰਧ ਵਿਚ ਸਬੰਧਿਤ ਧਿਰਾਂ ਨੂੰ ਤੁਰੰਤ ਪਹਿਲਕਦਮੀ ਕਰਨੀ ਚਾਹੀਦੀ ਹੈ। ਇਜ਼ਰਾਈਲ ਦੀਆਂ ਵਧੀਕੀਆਂ ਨੂੰ ਹਰ ਹਾਲ ਠੱਲ੍ਹ ਪੈਣੀ ਚਾਹੀਦੀ ਹੈ।

# ਮਨੀਪੁਰ ਲਈ ਕੱਟੜਪੰਥੀ ਉਭਾਰ ਠੀਕ ਨਹੀਂ

**ਜੈਦੀਪ ਸੈਕੀਆ**

ਮਨੀਪੁਰ ਵਿਚ ਬੀਤੇ ਨੌਂ ਮਹੀਨਿਆਂ ਦੌਰਾਨ ਨਿਆਂ ਦਾ ਮਜ਼ਾਕ ਦੇਖਣ ਨੂੰ ਮਿਲਿਆ ਹੈ। ਇਸ ਦੌਰਾਨ ਲੋਕ ਉੱਜੜ ਗਏ, ਅਣਗਿਣਤ ਜਾਨਾਂ ਜਾਂਦੀਆਂ ਰਹੀਆਂ ਅਤੇ ਬਹੁਤ ਸਾਰੀਆਂ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਹਾਲਤ ਇਹ ਹੈ ਕਿ ਅੱਜ ਕਾਂਗਲੇਈਪਾਕ (ਪ੍ਰਾਚੀਨ ਮਨੀਪੁਰ) ਦੇ ਨੱਚਣ ਲਈ ਮਸ਼ਹੂਰ ਹਿਰਨ ਸਾਂਗੇਈ ਦੇ ਵੀ ਹੰਝੂ ਕੇਰਦੇ ਹੋਏ ਵਜੋਂ ਕਲਪਨਾ ਕੀਤੀ ਜਾ ਸਕਦੀ ਹੈ।



ਸੂਬੇ ਵਿਚ ਜਿਸ ਤਰ੍ਹਾਂ ਦੇ ਕੰਮ-ਚਲਾਊ ਢੰਗ ਨਾਲ ਹਾਲਾਤ ਆਮ ਵਰਗੇ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਬਹੁਤ ਹੀ ਹੈਰਾਨ ਕਰ ਦੇਣ ਵਾਲੀ ਗੱਲ ਹੈ। ਦੁੱਖ ਦੀ ਗੱਲ ਹੈ ਕਿ ਸੂਬੇ ਵਿਚ ਨਸਲੀ ਪਾੜਾ ਤੇਜ਼ੀ ਨਾਲ ਵਧਦੇ ਜਾਣ ਦੇ ਬਾਵਜੂਦ ਕੱਟੜਪੰਥੀ ਜਥੇਬੰਦੀ ‘ਅਰਾਮਬਾਈ ਤੈਂਗੋਲ’ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹੀ ਛੋਟ ਦੇ ਦਿੱਤੀ ਗਈ ਹੈ। ਇਹ ‘ਭਾਲਾ/ਨੇਜ਼ਾਧਾਰੀ ਘੋੜਸਵਾਰ’ ਲੜਾਕੇ ਹਨ ਜੋ ਆਪਣੇ ਆਪ ਨੂੰ ਮੈਤੇਈ ਭਾਈਚਾਰੇ ਦੀ ਸਰਬਉੱਚਤਾ ਦੇ ਰਖਵਾਲਿਆਂ ਵਜੋਂ ਪੇਸ਼ ਕਰਦੇ ਹਨ। ਗਰੁੱਪ ਦੇ ਆਗੂ ਕੋਰੌਂਗੁਨਬਾ ਖੁਮਾਨ ਨੇ 24 ਜਨਵਰੀ ਨੂੰ ਮਨੀਪੁਰ ਦੇ ਇੰਫਾਲ ਵਾਦੀ ਆਧਾਰਿਤ 37 ਵਿਧਾਇਕਾਂ ਅਤੇ ਦੋ ਸੰਸਦ ਮੈਂਬਰਾਂ ਨੂੰ ਤਲਬ ਕੀਤਾ ਅਤੇ ਉਨ੍ਹਾਂ ਨੂੰ ਮਨੀਪੁਰ (ਕਾਂਗਲੇਈਪਾਕ) ਦੇ ਕਦੀਮੀ ਦੇਵਤਾ ਪਾਖੰਗਬਾ ਅੱਗੇ ‘ਮਨੀਪੁਰ ਦੀ ਰਾਖੀ’ ਦੀ ਸਹੁੰ ਚੁੱਕਣ ਲਈ ਮਜਬੂਰ ਕੀਤਾ।

ਉੱਤਰ-ਪੂਰਬ ਵਿਚ ਉਂਝ ਇਹ ਕੋਈ ਨਵਾਂ ਵਰਤਾਰਾ ਨਹੀਂ (ਕਿਉਂਕਿ ਆਲ ਅਸਾਮ ਸਟੂਡੈਂਟਸ ਯੂਨੀਅਨ - ਆਸੂ ਅਤੇ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ - ਉਲਫਾ ਨੇ ਆਪਣੀ ਚੜ੍ਹਤ ਦੇ ਦਿਨਾਂ ਦੌਰਾਨ ਇਸੇ ਤਰ੍ਹਾਂ ਦੀ ਮਨਮਰਜ਼ੀ ਦਾ ਮੁਜ਼ਾਹਰਾ ਕੀਤਾ ਸੀ)। ਵਾਦੀ ਵਿਚ ਅਜਿਹੀ ਜਿਹੜੀ ਮਾਰ ਦੇਖਣ ਨੂੰ ਮਿਲ ਰਹੀ ਹੈ, ਉਹ ਬਹੁਤ ਪ੍ਰੇਸ਼ਾਨ ਕਰਨ ਵਾਲੀ ਹੈ। ਖੁਮਾਨ ਵੱਲੋਂ ਤਲਬ ਕੀਤੇ ਗਏ ਲੋਕ ਨੁਮਾਇੰਦਿਆਂ ਉਤੇ ਜਿਹੜੀਆਂ ਕੁਝ ਮੰਗਾਂ ਨਵੀਂ ਦਿੱਲੀ ਤੱਕ ਪਹੁੰਚਾਉਣ ਲਈ ਦਬਾਅ ਪਾਇਆ ਗਿਆ, ਉਨ੍ਹਾਂ ਵਿਚ ਮਨੀਪੁਰ ਵਿਚ ਕੌਮੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਕਾਇਮ ਕੀਤਾ ਜਾਣਾ ਅਤੇ ਮਿਆਂਮਾਰ ਨਾਲ ਲੱਗਦੀ ਕੌਮਾਂਤਰੀ ਸਰਹੱਦ ਉਤੇ ਵਾੜ ਲਾਏ ਜਾਣ ਦੀਆਂ ਮੰਗਾਂ ਵੀ ਸ਼ਾਮਲ ਹਨ ਜੋ ਕੁੱਲ ਮਿਲਾ ਕੇ ਵਾਜਿਬ ਜਾਪਦੀਆਂ ਹਨ ਤੇ ਵਾੜ ਵਾਲੀ ਮੰਗ ਇਸ ਦੇ ਬਾਵਜੂਦ ਕਿ ‘ਖੁੱਲ੍ਹੀ ਆਵਜਾਈ ਨਿਜ਼ਾਮ’ (Free Movement Regime) ਵਿਚ ਵਿਆਪਕ ਤਬਦੀਲੀਆਂ ਕੀਤੇ ਜਾਣ ਦੀ ਲੋੜ ਹੋਵੇਗੀ।

ਇਸ ਦੇ ਬਾਵਜੂਦ ਅਸਾਮ ਰਾਈਫਲਜ਼ ਨੂੰ ਸੂਬੇ ਵਿਚੋਂ ਹਟਾਏ ਜਾਣ, ਕੁਕੀ ਦਹਿਸ਼ਤਗਰਦਾਂ ਨਾਲ ਸਹੀਬੰਦ ਕੀਤੇ ਗਏ ਸਸਪੈਂਸ਼ਨ ਆਫ ਅਪਰੇਸ਼ਨਜ਼ (ਐੱਸਓਓ) ਸਮਝੌਤੇ ਨੂੰ ਰੱਦ ਕਰਨ ਅਤੇ ‘ਗ਼ੈਰ-ਕਾਨੂੰਨੀ’ ਪਰਵਾਸੀ ਕੁਕੀ ਲੋਕਾਂ ਨੂੰ ਅਨੁਸੂਚਿਤ ਕਬੀਲੇ ਦੀ ਸੂਚੀ ਤੋਂ ਹਟਾਏ ਜਾਣ ਵਰਗੀਆਂ ਮੰਗਾਂ ਖ਼ਤਰਨਾਕ ਹਨ। ਇਸ ਤੋਂ ਵੀ ਵੱਧ ਇਹ ਤੱਥ ਕਿ ਕਾਂਗਲਾ ਕਿਲ੍ਹੇ ਵਿਚ ਕੀਤੀ ਗਈ ਇਹ ਇਕੱਤਰਤਾ ਕੇਂਦਰ ਸਰਕਾਰ ਦੀ ਤਿੰਨ ਮੈਂਬਰੀ ਟੀਮ ਦੀ ਇੰਫਾਲ ਫੇਰੀ ਤੋਂ ਫ਼ੌਰੀ ਬਾਅਦ ਕੀਤੀ ਗਈ, ਹੋਰ ਵੀ ਨਿਰਾਸ਼ਾਜਨਕ ਹੈ। ਕੁਝ ਜਾਣਕਾਰ ਲੋਕ ਇਹ ਵੀ ਸਵਾਲ ਕਰ ਰਹੇ ਹਨ ਕਿ ਕੀ ਕਾਂਗਲਾ ਇਕੱਤਰਤਾ ਨੂੰ ਕੇਂਦਰ ਸਰਕਾਰ ਦੀ ਸ਼ਹਿ ਹਾਸਲ ਸੀ ਕਿਉਂਕਿ ਸ਼ਾਇਦ ਇਸੇ ਕਾਰਨ ਕੇਂਦਰ ਸਰਕਾਰ ਇਸ ਘਟਨਾ ਤੋਂ ਪਹਿਲਾਂ ਵੀ ਤੇ ਬਾਅਦ ਵਿਚ ਵੀ ਖ਼ਾਮੋਸ਼ ਰਹੀ ਹੈ।

ਕੁਕੀ ਦਹਿਸ਼ਤਗਰਦਾਂ ਨਾਲ ਐੱਸਓਓ ਸਮਝੌਤਾ ਭਾਵੇਂ ਸਥਾਨਕ ਪ੍ਰਬੰਧ ਦੇ ਰੂਪ ਵਿਚ ਸ਼ੁਰੂ ਕੀਤਾ ਗਿਆ ਸੀ ਪਰ ਇਸ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਵਾਜਬ ਪ੍ਰਕਿਰਿਆ ਅਪਣਾਉਣ ਤੋਂ ਬਾਅਦ 22 ਅਗਸਤ 2008 ਨੂੰ ਰਸਮੀ ਤੌਰ ’ਤੇ ਲਾਗੂ ਕਰ ਦਿੱਤਾ ਸੀ। ਸੂਬੇ ਵਿਚ 3 ਮਈ 2023 ਦੀਆਂ ਘਟਨਾਵਾਂ ਤੋਂ ਬਾਅਦ ਮੈਤੇਈਆਂ ਤੇ ਕੁਕੀਆਂ ਦਰਮਿਆਨ ਹਿੰਸਕ ਟਕਰਾਅ ਸ਼ੁਰੂ ਹੋ ਗਏ। ਐੱਸਓਓ ਢਾਂਚੇ ਵਿਚ ਕਈ ਖ਼ਾਮੀਆਂ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਇਹ ਹਕੀਕਤ ਵੀ ਕਿ ਜਿਹੜੇ ਹਥਿਆਰ ਹੁਣ ਮੈਤੇਈ ਭਾਈਚਾਰੇ ਤੇ ਸਲਾਮਤੀ ਦਸਤਿਆਂ ਖ਼ਿਲਾਫ਼ ਵਰਤੇ ਜਾ ਰਹੇ ਹਨ, ਉਹ ਸਮਝੌਤੇ ਸਮੇਂ ਦਹਿਸ਼ਤੀ ਜਥੇਬੰਦੀਆਂ ਨੂੰ ਆਪਣੇ ਕੋਲ ਰੱਖਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਇਸ ਪ੍ਰਵਾਨ ਨਾ ਕੀਤੀ ਜਾ ਸਕਣ ਵਾਲੀ ਕਾਰਵਾਈ ਲਈ ਕੇਂਦਰ ਸਰਕਾਰ ਨੂੰ ਜਵਾਬ ਦੇਣਾ ਹੋਵੇਗਾ। ਉਂਝ ਉੱਤਰ-ਪੂਰਬ ਵਿਚ ਲੜਾਕੇ ਗਰੁੱਪਾਂ ਨਾਲ ਦੁਸ਼ਮਣੀਆਂ ਖ਼ਤਮ ਕਰਨ ਲਈ ਕੀਤੇ ਗਏ ਸਮਝੌਤਿਆਂ ਦਾ ਇਤਿਹਾਸ ਦੱਸਦਾ ਹੈ ਕਿ ਬਹੁਤੇ ਮਾਮਲਿਆਂ ਵਿਚ ਗ਼ੈਰ-ਕਾਨੂੰਨੀ ਹਥਿਆਰ ਰੱਖਣ ਦੀ ਇਜਾਜ਼ਤ ਦਿੱਤੀ ਜਾਂਦੀ ਰਹੀ ਹੈ। ਅਸਾਮ ਵਿਚ ਸਾਬਕਾ ਬੋਡੋ ਲਿਬਰੇਸ਼ਨ ਟਾਈਗਰਜ਼ ਨੂੰ ਵੀ ਅਜਿਹੀਆਂ ਬੇਤੁਕੀਆਂ ਛੋਟਾਂ ਦਿੱਤੀਆਂ ਗਈਆਂ ਸਨ।

ਇਹ ਵੀ ਸੱਚ ਹੈ ਕਿ ਜੇ ਕੁਕੀਆਂ ਨੂੰ ਹਥਿਆਰ ਰੱਖਣ ਦੀ ਇਜਾਜ਼ਤ ਦਿੱਤੀ ਗਈ ਤਾਂ ਦੂਜੇ ਪਾਸੇ ਅਰਾਮਬਾਈ ਤੈਂਗੋਲ ਅਤੇ ਦੂਜੇ ਮੈਤੇਈ ਗਰੁੱਪਾਂ ਨੇ 3 ਮਈ ਤੋਂ ਬਾਅਦ ਬਿਨਾਂ ਕਿਸੇ ਰੋਕ-ਟੋਕ ਦੇ ਪੁਲੀਸ ਅਸਲਾਖ਼ਾਨੇ ਲੁੱਟ ਲਏ। ਦਰਅਸਲ ਇਹੋ ਉਹ ਹਥਿਆਰ ਹਨ ਜਿਹੜੇ ਕੁਕੀਆਂ ਨੂੰ ਡਰਾਉਣ-ਧਮਕਾਉਣ, ਕੱਟਣ-ਵੱਢਣ ਤੇ ਮਾਰ ਮੁਕਾਉਣ ਲਈ ਵਰਤੇ ਜਾ ਰਹੇ ਹਨ।

ਇਸ ਸਭ ਕਾਸੇ ਦੇ ਮੱਦੇਨਜ਼ਰ ਸੂਬੇ ਵਿਚ ਸੰਵਾਦ ਦੇ ਅਮਲ ਦੀ ਸਖ਼ਤ ਲੋੜ ਹੈ, ਭਾਵੇਂ ਇਹ ਹਿੰਸਾ ਵਿਚ ਬਹੁਤ ਮਾਮੂਲੀ ਜਿਹੀ ਕਮੀ ਵੀ ਕਰਦਾ ਹੋਵੇ। ਇਸ ਲਈ ਬਹੁਤ ਜ਼ਰੂਰੀ ਹੈ ਕਿ ਨਵੀਂ ਦਿੱਲੀ ਨੂੰ ਉਸ ਢਾਂਚੇ ਭਾਵ ਐੱਸਓਓ ਸਮਝੌਤੇ ਨੂੰ ਖ਼ਤਮ ਕਰਨ ਬਾਰੇ ਸੋਚਣਾ ਵੀ ਨਹੀਂ ਚਾਹੀਦਾ ਜਿਹੜਾ ਬੀਤੇ 15 ਸਾਲਾਂ ਤੋਂ ਚੱਲ ਰਿਹਾ ਹੈ। ਅਜਿਹੇ ਸਮਝੌਤੇ ਦੀ ਮਜ਼ਬੂਤੀ ਵਿਚ ਵਾਰਤਾਵਾਂ, ਮਹਾਨ ਕੋਸ਼ਿਸ਼ਾਂ ਅਤੇ ਦੂਰੀਆਂ ਮੇਟਣ ਦੀਆਂ ਕਾਰਵਾਈਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਪ੍ਰਕਿਰਿਆ ਵਿਚ ਲੋੜ ਅਨੁਸਾਰ ਤਬਦੀਲੀਆਂ ਰਾਹੀਂ ਕਾਨੂੰਨ ਦੇ ਸ਼ਾਸਨ ਨੂੰ ਸੇਧ ਦਿੱਤੀ ਜਾ ਸਕਦੀ ਹੈ। ਇਸ ਲਈ ਐੱਸਓਓ ਦੇ ਜ਼ਮੀਨੀ ਨਿਯਮਾਂ ਨੂੰ ਲਾਗੂ ਕਰਨ ਅਤੇ ਰੱਖਿਆਤਮਕ ਕਾਰਵਾਈਆਂ ਨੂੰ ਸਿਖਰਲੀ ਤਵੱਜੋ ਦਿੱਤੀ ਜਾਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਕੁਕੀ ਆਬਾਦੀ ਵਿਚਲੇ ‘ਗ਼ੈਰ-ਕਾਨੂੰਨੀ’ ਪਰਵਾਸੀਆਂ ਦੇ ਮੁੱਦੇ ਨੂੰ ਬਹੁਤ ਚੌਕਸੀ ਨਾਲ ਨਜਿੱਠਣਾ ਹੋਵੇਗਾ। ਆਖ਼ਿਰਕਾਰ ਜੇ ਮਨੀਪੁਰ ਵਿਚ ਥਡੌਸ ਵਰਗੇ ‘ਨਵੇਂ ਕੁਕੀ’ ਹਨ ਤਾਂ ਨਾਲ ਹੀ ਉਹ ਮੈਤੇਈ ਵੀ ਹਨ ਜੋ ਈਸਾਈ ਹਨ। ਇਸ ਲਈ ਅਜਿਹੇ ਗੁੰਝਲਦਾਰ ਮਾਮਲਿਆਂ ਉਤੇ ਬੜਾ ਸਿੱਧਾ ਸਾਦਾ ਰਵੱਈਆ ਅਪਣਾਉਣਾ ਵਾਜਬ ਨਹੀਂ ਹੋਵੇਗਾ। ਕਿਸੇ ਵੀ ਹਾਲਾਤ ਵਿਚ, ਜੇ 1951 ਨੂੰ ਕੱਟ-ਆਫ ਸਾਲ ਮੰਨ ਕੇ ਐੱਨਆਰਸੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ, ਜਿਹੀ ਅਰਾਮਬਾਈ ਤੈਂਗੋਲ ਦੀ ਮੰਗ ਵੀ ਹੈ ਤਾਂ ਗ਼ੈਰ-ਕਾਨੂੰਨੀ ਪਰਵਾਸ ਦਾ ਮੁੱਦਾ ਆਪਣੇ ਆਪ ਹੱਲ ਹੋ ਜਾਵੇਗਾ।

ਜਿਥੋਂ ਤੱਕ ਅਸਾਮ ਰਾਈਫਲਜ਼ ਨੂੰ ਇੰਫਾਲ ਵਾਦੀ ਵਿਚੋਂ ਹਟਾਏ ਜਾਣ ਲਈ ਪਾਏ ਜਾ ਰਹੇ ਰੌਲੇ ਦਾ ਸਵਾਲ ਹੈ ਤਾਂ ਇਹ ਹਾਸੋਹੀਣੀ ਮੰਗ ਹੈ। ਜੇ ਅਰਾਮਬਾਈ ਤੈਂਗੋਲ ਨੂੰ ਜਾਪਦਾ ਹੈ ਕਿ ਅਸਾਮ ਰਾਈਫਲਜ਼ ਪੱਖਪਾਤੀ ਹੈ ਅਤੇ ਜਿਵੇਂ ਉਸ ਵੱਲੋਂ ਲਗਾਤਾਰ ਇਸ ਫ਼ੋਰਸ ਨੂੰ ਮਨੀਪੁਰ ਵਿਚੋਂ ਹਟਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਅਜਿਹਾ ਸਾਫ਼ ਤੌਰ ’ਤੇ ਇਸ ਸਲਾਮਤੀ ਦਸਤੇ ਵੱਲੋਂ ਵਾਦੀ ਵਿਚਲੇ ਬਾਗ਼ੀ ਗਰੁੱਪਾਂ ਜਿਵੇਂ ਯੂਨਾਈਟਿਡ ਲਿਬਰੇਸ਼ਨ ਫਰੰਟ (ਕੋਇਰਾਂਗ), ਪੀਪਲਜ਼ ਲਿਬਰੇਸ਼ਨ ਆਰਮੀ (ਮਨੀਪੁਰ) ਅਤੇ ਪੀਪਲਜ਼ ਰੈਵੂਲਿਊਸ਼ਨਰੀ ਪਾਰਟੀ ਆਫ ਕਾਂਗਲੇਈਪਾਕ ਆਦਿ ਖ਼ਿਲਾਫ਼ ਕੀਤੀ ਜਾ ਰਹੀ ਠੋਸ ਕਾਰਵਾਈ ਕਾਰਨ ਹੀ ਹੈ। ਇਨ੍ਹਾਂ ਅਤੇ ਅਜਿਹੇ ਕੁਝ ਹੋਰ ਦਹਿਸ਼ਤੀ ਗਰੁੱਪਾਂ ਨੂੰ ਸਾਂਝੇ ਤੌਰ ’ਤੇ ਗਰੁੱਪ ਆਫ ਫਾਈਵ (ਪੰਜਾਂ ਦਾ ਸਮੂਹ) ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਮੁੱਖ ਤੌਰ ’ਤੇ ਮੈਤੇਈ ਭਾਈਚਾਰੇ ਨਾਲ ਸਬੰਧਿਤ ਹਨ।

ਨਾਲ ਹੀ ਇਹ ਵੀ ਇਕ ਜ਼ਾਹਿਰਾ ਤੱਥ ਹੈ ਕਿ ਅਸਾਮ ਰਾਈਫ਼ਲਜ਼ ਨੇ ਕੁਕੀ ਦਹਿਸ਼ਤਗਰਦਾਂ ਖ਼ਿਲਾਫ਼ ਵੀ ਫ਼ੈਸਲਾਕੁਨ ਕਾਰਵਾਈ ਕੀਤੀ ਹੈ। ਉਂਝ ਵੀ 1835 ਵਿਚ ‘ਕਛਾਰ ਲੇਵੀ’ ਵਜੋਂ ਕਾਇਮ ਕੀਤੇ ਗਏ ਇਸ ਸਲਾਮਤੀ ਦਸਤੇ ਨੂੰ ‘ਉੱਤਰ-ਪੂਰਬ ਦੇ ਰਖਵਾਲੇ’ ਵਜੋਂ ਸਤਿਕਾਰ ਦਿੱਤਾ ਜਾਂਦਾ ਹੈ ਜਿਸ ਦਾ ਇੰਝ ਮਜ਼ਾਕ ਉਡਾਇਆ ਜਾਣਾ ਬਿਲਕੁਲ ਠੀਕ ਨਹੀਂ ਹੈ। ਇਹ ਗੱਲ ਆਪਣੇ 75ਵੇਂ ਸਾਲ ਵਿਚ ਪੈਰ ਧਰ ਚੁੱਕੇ ਗਣਤੰਤਰ ਦਾ ਬਹੁਤ ਹੀ ਮਾੜਾ ਅਕਸ ਉਭਾਰਨ ਵਾਲੀ ਹੈ ਕਿ ਇਸ ਦੇ ਨਾਗਰਿਕਾਂ ਦਾ ਇਕ ਹਿੱਸਾ ਉਸ ਫ਼ੋਰਸ ਨੂੰ ਹਟਾਉਣ ਦੀ ਮੰਗ ਕਰ ਰਿਹਾ ਹੈ ਜਿਸ ਨੇ ਮਨੀਪੁਰ ਲਈ ਇੰਨੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਇਸ ਲਈ ਬਹੁਤ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਦੀ ਕੱਟੜਪੰਥੀ ਸੋਚ ਦਾ ਅਰਾਮਬਾਈ ਤੈਂਗੋਲ ਪ੍ਰਤੀਕ ਹੈ, ਉਸ ਨੂੰ ਸਿਰ ਚੁੱਕਣ ਤੋਂ ਪਹਿਲਾਂ ਹੀ ਦਰੜ ਦਿੱਤਾ ਜਾਵੇ। ਭਾਰਤੀ ਗਣਤੰਤਰ ਸੱਤਾ ਦੇ ਅਜਿਹੇ ਬੇਹੂਦਾ ਤਿਆਗ ਵਰਗੀ ਕਾਰਵਾਈ ਨੂੰ ਮਹਿਜ਼ ਲੱਕ ’ਤੇ ਹੱਥ ਧਰ ਕੇ ਖੜ੍ਹਾ ਦੇਖਦਾ ਨਹੀਂ ਰਹਿ ਸਕਦਾ।

***ਲੇਖਕ ਸੁਰੱਖਿਆ ਅਤੇ ਅਤਿਵਾਦ ਵਿਸ਼ਲੇਸ਼ਕ ਹੈ।**

# ਕੈਬਨਿਟ ਮੰਤਰੀ ਅਰੋੜਾ ਵੱਲੋਂ ਵਿਕਾਸ ਕਾਰਜਾਂ ਦਾ ਉਦਘਾਟਨ

**ਸੰਗਰੂਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਅੱਜ ਚੀਮਾ ਨੇੜਲੇ ਪਿੰਡ ਤੋਲਾਵਾਲ ਵਿੱਚ ਤਕਰੀਬਨ 10 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਸ਼ਹੀਦ ਗੁਰਬਿੰਦਰ ਸਿੰਘ ਯਾਦਗਾਰੀ ਗੇਟ ਅਤੇ ਲਗਭਗ 15 ਲੱਖ ਦੀ ਲਾਗਤ ਨਾਲ ਸਰਕਾਰੀ ਸਕੂਲ ’ਚ ਉਸਾਰੇ ਗਏ ਕਮਰਿਆਂ ਦਾ ਉਦਘਾਟਨ ਕੀਤਾ। ਇਸ ਤੋਂ ਬਾਅਦ ਕੈਬਨਿਟ ਮੰਤਰੀ ਨੇ ਪਿੰਡ ਤੋਗਾਵਾਲ ਦੇ ਸਰਕਾਰੀ ਸਕੂਲ ਵਿੱਚ ਵੀ ਤਕਰੀਬਨ 25 ਲੱਖ ਰੁਪਏ ਦੀ ਲਾਗਤ ਨਾਲ ਪੂਰੇ ਕੀਤੇ ਗਏ ਵਿਕਾਸ ਕਾਰਜਾਂ ਨੂੰ ਹਲਕੇ ਦੇ ਲੋਕਾਂ ਨੂੰ ਸਮਰਪਿਤ ਕੀਤਾ।




ਤੋਲਾਵਾਲ ’ਚ ਸ਼ਹੀਦ ਗੁਰਬਿੰਦਰ ਸਿੰਘ ਯਾਦਗਾਰੀ ਗੇਟ ਦਾ ਉਦਘਾਟਨ ਕਰਦੇ ਹੋਏ ਕੈਬਨਿਟ ਮੰਤਰੀ ਅਮਨ ਅਰੋੜਾ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਕਾਰੀ ਸਿੱਖਿਆ ਤੰਤਰ ਦੀ ਨੁਹਾਰ ਬਦਲਣ ਲਈ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਸਕੂਲਾਂ ਵਿੱਚ ਪੜ੍ਹਾਈ ਅਨੁਕੂਲ ਮਾਹੌਲ ਯਕੀਨੀ ਬਣਾਉਣ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਗਈ ਹੈ।

ਇਸ ਦੇ ਨਾਲ ਹੀ ਉਨ੍ਹਾਂ ਦੀ ਸਰਕਾਰ ਵੱਲੋਂ ਲਗਭਗ 40 ਹਜ਼ਾਰ ਸਰਕਾਰੀ ਨੌਕਰੀਆਂ ’ਤੇ ਬਿਨਾਂ ਕਿਸੇ ਸਿਫ਼ਾਰਿਸ਼ ਅਤੇ ਭ੍ਰਿਸ਼ਟਾਚਾਰ ਤੋਂ ਦਿੱਤੀਆਂ ਗਈਆਂ ਹਨ। ਸ੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਯਤਨਾਂ ਸਦਕਾ ਸੁਨਾਮ ਹਲਕਾ ਵੀ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣ ਕੇ ਉੱਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਨਾਮ ਪੂਰੇ ਦੇਸ਼ ਦਾ ਪਹਿਲਾ ਹਲਕਾ ਹੈ ਜਿੱਥੇ ਸਾਰੇ ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਰੋਬੋਟਿਕ ਲੈਬਜ਼ ਸਥਾਪਤ ਕੀਤੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਕਿਹਾ ਕਿ ਸਨਾਮ ਹਲਕੇ ਨੂੰ ਸਿੱਖਿਆ ਦੇ ਖੇਤਰ ਵਿੱਚ ਅੱਵਲ ਬਣਾਉਣ ਲਈ ਵਚਨਬੱਧ ਹਨ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਉਹ ਦਿਨ ਰਾਤ ਇੱਕ ਕਰਕੇ ਕੰਮ ਕਰਨਗੇ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਮੇਵਾ ਸਿੰਘ, ਬੀ.ਡੀ.ਪੀ.ਓ ਸੰਗਰੂਰ ਸੁਖਦੀਪ ਸਿੰਘ, ਸਰਪੰਚ ਮੇਵਾ ਸਿੰਘ ਤੋਲਾਵਾਲ, ਗੁਰਦੀਪ ਸਿੰਘ ਦੀਪਾ, ਗੁਰਜੰਟ ਸਿੰਘ ਜੰਟੀ, ਸੁਰਜੀਤ ਸਿੰਘ ਸਰਪੰਚ, ਸਰਬਜੀਤ ਕੌਰ ਸਰਪੰਚ, ਗੁਰਸੇਵਕ ਸਿੰਘ, ਨਾਜਰ ਸਿੰਘ ਅਤੇ ਰਾਜਵਿੰਦਰ ਸਿੰਘ ਰਾਜਾ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਮੁਹਿੰਮ ’ਸਰਕਾਰ ਆਪ ਦਾ ਦੁਆਰ’ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾ ਰਹੀ ਹੈ: ਵਿਧਾਇਕ ਰਮਨ ਅਰੋੜਾ

**ਜਲੰਧਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਰਮਨ ਅਰੋੜਾ ਨੇ ਚੌਗਿੱਟੀ ਜੰਜ ਘਰ ਵਿਖੇ ’ਆਪ ਕੀ ਸਰਕਾਰ ਆਪ ਦੀ ਦੁਆਰ’ ਮੀਟਿੰਗ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ।

ਮੀਟਿੰਗ ਵਿੱਚ ਨਗਰ ਨਿਗਮ, ਬਿਜਲੀ, ਮਾਲ ਵਿਭਾਗ, ਫੂਡ ਸਪਲਾਈ, ਸੁਵਿਧਾ ਕੇਂਦਰ, ਪੈਨਸ਼ਨ ਵਿਭਾਗ ਅਤੇ ਪੁਲਿਸ ਦੇ ਅਧਿਕਾਰੀ ਵੀ ਹਾਜ਼ਰ ਸਨ।

ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਰਮਨ ਅਰੋੜਾ, ’ਆਪ’ ਵਲੰਟੀਅਰ ਦੀਨਾਨਾਥ ਪ੍ਰਧਾਨ, ਜਸਵਿੰਦਰ ਸਿੰਘ ਬਿੱਲਾ, ਮਨਮੋਹਨ ਸਿੰਘ ਰਾਜੂ, ਦੀਪਕ ਸੰਧੂ, ਮੁਨੀਸ਼ ਕੁਮਾਰ, ਮਨਜੀਤ ਸਿੰਘ ਰਾਵਤ ਆਦਿ ਵੀ ਕੈਂਪ ’ਚ ਮੌਜੂਦ ਸਨ।



ਇਸ ਦੌਰਾਨ ਵਿਧਾਇਕ ਰਮਨ ਅਰੋੜਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ’ਆਪ ਦੀ ਸਰਕਾਰ ਆਪ ਦੀ ਦੁਰ’ ਤਹਿਤ ਪੂਰੇ ਸੂਬੇ ਵਿਚ ਰੋਜ਼ਾਨਾ ਵੱਖ-ਵੱਖ ਥਾਵਾਂ ’ਤੇ ਕੈਂਪ ਲਗਾਏ ਜਾ ਰਹੇ ਹਨ ।

ਵਿਧਾਇਕ ਰਮਨ ਅਰੋੜਾ ਨੇ ਦੱਸਿਆ ਕਿ ਅੱਜ ਮੰਗਲਵਾਰ ਨੂੰ ਕੇਂਦਰੀ ਹਲਕੇ ਦੇ ਚੌਗਿੱਟੀ ਦੇ ਜੰਜ ਘਰ ਵਿਖੇ ਕੈਂਪ ਲਗਾਇਆ ਗਿਆ । ਜਿੱਥੇ ਕੈਂਪਾਂ ਪ੍ਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਉਨ੍ਹਾਂ ਕਿਹਾ ਕਿ ਲੋਕ ਬੜੇ ਉਤਸ਼ਾਹ ਨਾਲ ਕੈਂਪਾਂ ਵਿੱਚ ਆ ਰਹੇ ਹਨ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ‘ਗੱਲ ਆਪ ਦੇ ਦੁਆਰ’ ਦਾ ਹਰ ਵਰਗ ਲਾਭ ਉਠਾ ਰਿਹਾ ਹੈ। ਜੋ ਕੰਮ ਸਰਕਾਰੀ ਮਹਿਕਮਿਆਂ ਵਿੱਚ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਵੀ ਨਹੀਂ ਹੋ ਰਿਹਾ ਸੀ, ਉਹ ਹੁਣ ਲੋਕਾਂ ਦੇ ਘਰਾਂ ਵਿੱਚ ਇੱਕ ਛੱਤ ਹੇਠ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਲਗਭਗ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਇਸ ਕਾਰਨ ਲੋਕਾਂ ਦਾ ਝੁਕਾਅ ਪਾਰਟੀ ਵੱਲ ਤੇਜ਼ੀ ਨਾਲ ਵਧਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੇਖ-ਰੇਖ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਹਰ ਖੇਤਰ ਵਿੱਚ ਹਰ ਰੋਜ਼ ਚੰਗੇ ਕੰਮ ਕੀਤੇ ਜਾ ਰਹੇ ਹਨ। ਜਿਸ ਕਾਰਨ ਲੋਕਾਂ ਦਾ ਸਰਕਾਰ ਪ੍ਰਤੀ ਭਰੋਸਾ ਲਗਾਤਾਰ ਵਧਦਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ‘ਔਰ ਸਰਕਾਰ ਆਪ ਦਾ ਦੁਆਰ’ ਮੁਹਿੰਮ ਸ਼ੁਰੂ ਕਰਕੇ ਆਮ ਆਦਮੀ ਪਾਰਟੀ ਨੇ ਸਾਬਤ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਲੋਕਾਂ ਦੀ ਦੁਰਦਸ਼ਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ।

# ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ (ਆਈ.ਏ.ਐਸ.) ਵੱਲੋਂ ਦਾਖ਼ਲਾ ਮੁਹਿੰਮ ਪ੍ਰਚਾਰ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਗਿਆ ਰਵਾਨਾ

**ਪਠਾਨਕੋਟ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸਕੂਲਾਂ ਅੰਦਰ ਤਜ਼ਰਬੇਕਾਰ ਅਤੇ ਮਿਹਨਤੀ ਅਧਿਆਪਕ ਬੱਚਿਆਂ ਨੂੰ ਗੁਣਾਤਮਕ ਸਿੱਖਿਆ ਦੇਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਸਕੂਲਾਂ ਦੇ ਸੁੰਦਰੀਕਰਨ ਅਤੇ ਸਕੂਲਾਂ ਨੂੰ ਡਿਜ਼ੀਟਲ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ, ਸਰਕਾਰ ਵੱਲੋਂ ਬੱਚਿਆਂ ਨੂੰ ਮੁਫ਼ਤ ਵਰਦੀਆਂ, ਕਿਤਾਬਾਂ ਤੇ ਯੋਗ ਬੱਚਿਆਂ ਨੂੰ ਵਜ਼ੀਫੇ ਦੇਣ ਦੇ ਨਾਲ ਨਾਲ ਈਕੰਟੈਂਟ, ਪ੍ਰੋਜੈਕਟਰ, ਐਲਈਡੀ, ਕੰਪਿਊਟਰ ਤੇ ਵੱਖ ਵੱਖ ਮਾਧਿਅਮ ਰਾਹੀਂ ਸਿੱਖਿਆ ਦੇਣ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਮਾਪੇ ਆਪਣੇ ਬੱਚਿਆਂ ਦਾ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਕਰਵਾ ਕੇ ਵੱਧ ਤੋਂ ਵੱਧ ਸਰਕਾਰੀ ਸਹੂਲਤਾਂ ਦਾ ਲਾਭ ਪ੍ਰਾਪਤ ਕਰਨ। ਪੰਜਾਬ ਸਰਕਾਰ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਦਿਨ ਰਾਤ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਹੁਣ ਬਦਲ ਚੁੱਕੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ (ਆਈ.ਏ.ਐਸ.) ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਸਰਕਾਰੀ ਸਕੂਲਾਂ ’ਚ ਨਰਸਰੀ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖ਼ਲਿਆ ਨੂੰ ਭਰਵਾਂ ਹੁੰਗਾਰਾ ਦੇਣ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਬੈਂਸ ਅਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਪਠਾਨਕੋਟ ਸ੍ਰੀ ਰਾਜੇਸ਼ ਕੁਮਾਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਦਾਖ਼ਲਾ ਮੁਹਿੰਮ ਪ੍ਰਚਾਰ ਵੈਨ ਨੂੰ ਸਰਕਾਰੀ ਹਾਈ ਸਕੂਲ ਸ਼ਾਹਪੁਰ ਕੰਢੀ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਵੱਲੋਂ ਰਿਬਨ ਕੱਟ ਕੇ ਜ਼ਿਲ੍ਹਾ ਪਠਾਨਕੋਟ ਵਿੱਚ ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਦਾਖ਼ਲਾ ਮੁਹਿੰਮ ਦੀ ਰਸਮੀ ਸ਼ੁਰੂਆਤ ਕੀਤੀ ਗਈ।



ਦਾਖ਼ਲਾ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ (ਆਈ.ਏ.ਐਸ.) ਅਤੇ ਉੱਪ ਜ਼ਿਲ੍ਹਾ ਸਿੱਖਿਆ ਅ.ਫਸਰ ਸ੍ਰੀ ਡੀਜੀ ਸਿੰਘ।

ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ (ਆਈ.ਏ.ਐਸ.) ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸਰਕਾਰੀ ਸਕੂਲਾਂ ਅੰਦਰ ਵਧੀਆ ਸਿੱਖਿਆ ਪ੍ਰਣਾਲੀ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹਿ ਜਾਵੇ। ਵਿਭਾਗ ਦਾ ਉਦੇਸ਼ ਹੈ ਕਿ ਵਿਦਿਆਰਥੀ ਵਧੀਆ ਢੰਗ ਨਾਲ ਸਿੱਖਿਆ ਪ੍ਰਾਪਤ ਕਰ ਕੇ ਆਪਣਾ ਭਵਿੱਖ ਸੁਨਹਿਰੀ ਬਣਾ ਸਕਣ। ਉਨ੍ਹਾਂ ਮਾਪਿਆਂ ਅਤੇ ਇਲਾਕਾ ਵਾਸੀਆਂ ਨੂੰ ਆਪਣੇ ਆਲੇ ਦੁਆਲੇ ਦੇ ਬੱਚਿਆਂ ਨੂੰ ਵੀ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ।

ਦਾਖ਼ਲਾ ਮੁਹਿੰਮ ਪ੍ਰਚਾਰ ਵੈਨ ਵੱਲੋਂ ਸਰਕਾਰੀ ਸਕੂਲ ਸ਼ਾਹਪੁਰ ਕੰਢੀ ਤੋਂ ਸ਼ੁਰੂ ਹੋ ਕੇ ਧਾਰ ਕਲਾਂ , ਬਧਾਨੀ, ਜੰਡਵਾਲ, ਸਿਆਲੀ ਕੁੱਲੀਆਂ, ਮਲਕਪੁਰ, ਸੁਜਾਨਪੁਰ ਅਤੇ ਮਾਧੋਪੁਰ ਅਧੀਨ ਪੈਂਦੇ ਪਿੰਡਾਂ ਵਿੱਚ ਜਾ ਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਉਪਲੱਬਧੀਆਂ ਗਿਣਾ ਕੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ।ਇਸ ਦੌਰਾਨ ਵੱਖ ਵੱਖ ਸਕੂਲਾਂ ਵੱਲੋਂ ਬੈਂਡ ਬਾਜੇ ਨਾਲ ਪ੍ਰਚਾਰ ਵੈਨ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਬੀਪੀਈਓ ਕੁਲਦੀਪ ਸਿੰਘ, ਹੈਡ ਮਿਸਟ੍ਰੇਸ ਰੇਣੂ ਬਾਲਾ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਵਨੀਤ ਮਹਾਜਨ, ਬਲਕਾਰ ਅੱਤਰੀ ਸਮੇਤ ਵੱਖ ਵੱਖ ਅਧਿਆਪਕ ਅਤੇ ਸਕੂਲ ਮੁਖੀ ਹਾਜ਼ਰ ਸਨ।

# ਮਰਦਾਨਿਆ! ਰਬਾਬ ਵਜਾ...

ਰਮੇਸ਼ ਬੱਗਾ ਚੋਹਲਾ



6 ਫਰਵਰੀ ਜਨਮ ਦਿਵਸ 'ਤੇ

ਸਿੱਖ ਇਤਿਹਾਸ 'ਚ ਗੁਰੂ ਨਾਨਕ ਦੇਵ ਜੀ ਦਾ ਨਾਂ ਜਿੱਥੇ ਸ਼ਰਧਾ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਉੱਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਲਈ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲ ਬਿਖੜਾ ਪੈਂਡਾ ਤਹਿ ਕੀਤਾ। ਇਸ ਸਫ਼ਰ ਦੌਰਾਨ ਗੁਰੂ ਨਾਨਕ ਦੇਵ ਜੀ ਸਾਥ ਦੇਣ ਵਾਲਿਆਂ ਵਿਚ ਭਾਈ ਮਰਦਾਨਾ ਜੀ ਦਾ ਨਾਂ ਉੱਭਰਵੇਂ ਰੂਪ 'ਚ ਲਿਆ ਜਾਂਦਾ ਹੈ।

ਭਾਈ ਮਰਦਾਨਾ ਜੀ ਦਾ ਪਹਿਲਾ ਨਾਂ ਭਾਈ 'ਦਾਨਾ' ਸੀ। ਉਨ੍ਹਾਂ ਦਾ ਜਨਮ 6 ਫਰਵਰੀ 1459 ਈਸਵੀ ਨੂੰ ਤਲਵੰਡੀ ਰਾਏ ਭੋਏ ਦੇ ਵਸਨੀਕ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲਗਭਗ ਸਵਾ 10 ਸਾਲ ਵੱਡੇ ਸਨ। ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿਚ ਹੀ ਪੈ ਗਈ ਸੀ, ਜੋ ਗੁਰੂ ਸਾਹਿਬ ਪਾਸੋਂ ਮਿਲੇ ਰੱਜਵੇਂ ਪਿਆਰ ਤੇ ਸਤਿਕਾਰ ਕਾਰਣ ਆਖ਼ਰੀ ਦਮ ਤਕ ਕਾਇਮ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ' ਵਰਗੀ ਭਰਾਤਰੀ ਭਾਵ ਵਾਲੀ ਤੇ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ ਅਤੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਮਰਦਾਨਾ ਜੀ ਜਿੱਥੇ ਉੱਚਕੋਟੀ ਦੇ ਸੰਗੀਤਕਾਰ ਸਨ ਉੱਥੇ ਗੁਰੂ ਸਾਹਿਬ ਦੇ ਸੱਚੇ ਮਿੱਤਰ ਵੀ ਸਨ। ਦੁੱਖ-ਸੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ। ਭਾਈ ਮਰਦਾਨਾ ਦੀ ਦੇ ਪ੍ਰਚਾਰ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ, ਜਿਨ੍ਹਾਂ ਵਿਚ ਭਾਈ ਨੀਰੂ ਜੀ ਦਾ ਨਾਂ ਵੀ ਵਰਨਣਯੋਗ ਹੈ।

**ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ...**

ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ 'ਚ ਲਗਪਗ 40,000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫ਼ਰ ਤਹਿ ਕੀਤਾ ਹੈ। ਇਸ ਸਫ਼ਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ 'ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ।' ਅਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਭਾਈ ਮਰਦਾਨਾ ਜੀ ਨੂੰ ਜਿੱਥੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ਼ ਹਾਸਲ ਹੈ ਉੱਥੇ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਵੀ ਮਾਣ ਪ੍ਰਾਪਤ ਹੈ। ਇਹ ਮਾਣ ਸਿਰਫ਼ ਭਾਈ ਮਰਦਾਨਾ ਜੀ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਗੁਰੂ ਅਰਜਨ ਦੇਵ ਜੀ) ਅਤੇ ਛੇਵੀਂ (ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਖ਼ਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸੇ ਘਰਾਣੇ ਨਾਲ ਸਬੰਧਤ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਜੀ (ਚੌਥੀ ਉਦਾਸੀ ਸਮੇਂ) ਅਫ਼ਗਾਨਿਸਤਾਨ ਦੇ ਨਗਰ ਖ਼ੁਰਮ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਮਰਦਾਨਾ ਜੀ ਨੂੰ ਗਲ ਨਾਲ ਲਾ ਲਿਆ ਅਤੇ ਬਚਨ ਕੀਤਾ ਕਿ, 'ਮਰਦਾਨਿਆ, ਜੇ ਤੇਰਾ ਚਿੱਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਪਾਣੀ 'ਚ ਸੁੱਟ ਦਿਆਂ, ਖੱਤਰੀ ਵਾਂਗੂ ਸਾੜ ਦਿਆਂ, ਵੈਸ਼ ਵਾਂਗ ਹਵਾ 'ਚ ਉਡਾ ਦਿਆਂ ਜਾਂ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰਾਂ।' ਬਾਬਾ ਜੀ ਦੇ ਬਚਨਾਂ ਦੇ ਜਵਾਬ 'ਚ ਭਾਈ ਮਰਦਾਨੇ ਨੇ ਕਿਹਾ, 'ਵਾਹ, ਬਾਬਾ ਵਾਹ, ਅਜੇ ਵੀ ਸਰੀਰਾਂ ਦੇ ਚੱਕਰਾਂ 'ਚ ਪਾਈ ਜਾਨੈਂ।' ਗੁਰੂ ਨਾਨਕ ਦੇਵ ਜੀ ਫਿਰ ਬੋਲੇ, 'ਭਾਈ ਮਰਦਾਨਿਆ, ਜੇ ਕਹੇਂ ਤਾਂ ਤੇਰੀ ਸਮਾਧ ਬਣਾ ਦੇਈਏ?' ਉਸ ਵਕਤ ਭਾਈ ਮਰਦਾਨਾ ਜੀ ਨੇ ਭਾਵਪੂਰਤ ਉੱਤਰ ਦਿੱਤਾ, 'ਬਾਬਾ ਜੀ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ 'ਚੋਂ ਬਾਹਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ 'ਚ ਪਾਉਣਾ ਚਾਹੁੰਦੇ ਹੋ।' ਆਪਣੇ ਸੱਚੇ ਤੇ ਪੱਕੇ ਸਾਥੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖ਼ੀਰ 12 ਨਵੰਬਰ 1534 ਈਸਵੀ ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ। ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖ਼ਾਕ ਕੀਤਾ, ਜਿੱਥੇ ਅੱਜ ਵੀ ਉਨ੍ਹਾਂ ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ। •

94631-32719

ਬੋਧ ਕਥਾ

## ਰਾਜਾ ਭੋਜ ਤੇ ਮਾਘ ਕਵੀ

ਇਕ ਵਾਰ ਰਾਜਾ ਭੋਜ ਤੇ ਮਾਘ ਕਵੀ ਘੁੰਮਦੇ-ਘੁੰਮਦੇ ਉਜੈਨੀ ਤੋਂ ਬਹੁਤ ਦੂਰ ਨਿਕਲ ਗਏ। ਵਾਪਸੀ ਵੇਲੇ ਦੋਵੇਂ ਰਾਹ ਭੁੱਲ ਗਏ। ਇਕ ਥਾਂ ਇਕ ਝੁੱਗੀ ਦਿਸੀ ਤਾਂ ਕੋਲ ਜਾ ਕੇ ਝੁੱਗੀ ਦਾ ਬੂਹਾ ਖੜਕਾਇਆ। ਇਕ ਬਜ਼ੁਰਗ ਔਰਤ ਬਾਹਰ ਆਈ ਤਾਂ ਰਾਜਾ ਭੋਜ ਨੇ ਪੁੱਛਿਆ, 'ਮਾਂ! ਇਹ ਰਾਹ ਕਿੱਥੇ ਜਾਂਦਾ ਹੈ?'

ਝੁੱਗੀ ਵਾਲੀ ਹੱਸੀ ਤੇ ਕਹਿਣ ਲੱਗੀ, 'ਪੁੱਤਰੋ! ਇਹ ਰਾਹ ਕਿਤੇ ਵੀ ਨਹੀਂ ਜਾਂਦਾ ਇੱਥੇ ਹੀ ਰਹਿੰਦਾ ਏ...।' ਪੁੱਛਿਆ, 'ਪਰ ਰਾਹੀ ਤਾਂ ਕਿਤੇ ਜਾਂਦੇ ਹੋਣਗੇ?'

'ਤੁਸੀਂ ਕੌਣ ਹੋ ਬੇਟਾ!' ਝੁੱਗੀ ਵਾਲੀ ਨੇ ਪੁੱਛਿਆ।

'ਅਸੀਂ ਮੁਸਾਫ਼ਰ ਹਾਂ ਮਾਂ।'

ਝੁੱਗੀ ਵਾਲੀ ਹੱਸ ਪਈ। ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮੁਸਾਫ਼ਰ ਹਨ-ਸੂਰਜ ਤੇ ਚੰਦਰਮਾ। ਤੁਸੀਂ ਕੌਣ ਹੋ?'

ਦੋਹਾਂ ਨੇ ਜਵਾਬ ਵਿਚ ਹੱਸ ਕੇ ਆਖਿਆ, 'ਅਸੀਂ ਛਿਣ ਦੇ ਪ੍ਰਾਹੁਣੇ ਹਾਂ, ਛਿਣ ਦੇ ਪ੍ਰਾਣੀ।'

ਝੁੱਗੀ ਵਾਲੀ ਕਹਿਣ ਲੱਗੀ-'ਪੁੱਤਰੋ! ਦੁਨੀਆ ਵਿਚ ਦੋ ਹੀ ਛਿਣ ਦੇ ਪ੍ਰਾਹੁਣੇ ਹਨ-ਇਕ ਜਵਾਨੀ ਤੇ ਦੂਜੀ ਦੌਲਤ। ਤੁਸੀਂ ਕੌਣ ਹੋ?'

ਉਸ ਵੇਲੇ ਰਾਜਾ ਭੋਜ ਨੇ ਕਿਹਾ, 'ਅਸੀਂ ਰਾਜੇ ਹਾਂ।'

ਝੁੱਗੀ ਵਾਲੀ ਫਿਰ ਮੁਸਕਰਾਈ। ਕਹਿਣ ਲੱਗੀ, 'ਰਾਜੇ ਤਾਂ ਦੋ ਹੀ ਹਨ-ਇਕ ਇੰਦਰ ਤੇ ਦੂਜਾ ਯਮ। ਤੁਸੀਂ ਕੌਣ ਹੋ?'

ਉਸ ਵੇਲੇ ਮਾਘ ਕਵੀ ਨੇ ਹਿੰਮਤ ਜੋੜੀ ਤੇ ਕਿਹਾ, 'ਅਸੀਂ ਖਿਮਾਵਾਨ ਹਾਂ।'

ਝੁੱਗੀ ਵਾਲੀ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਖਿਮਾਵਾਨ ਹਨ-ਇਕ ਧਰਤੀ ਤੇ ਦੂਜੀ ਇਸਤਰੀ। ਤੁਸੀਂ ਕੌਣ ਹੋ?'

ਰਾਜਾ ਭੋਜ ਵੀ ਪਰੇਸ਼ਾਨ ਹੋਇਆ ਤੇ ਮਾਘ ਕਵੀ ਵੀ। ਕਹਿਣ ਲੱਗੇ, 'ਅਸੀਂ ਮਾਲਕ ਤੇ ਸੇਵਕ ਹਾਂ।'

ਉਹ ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮਾਲਕ ਤੇ ਸੇਵਕ ਹੋਏ ਹਨ-ਰਾਮ ਤੇ ਹਨੂਮਾਨ। ਤੁਸੀਂ ਕੌਣ ਹੋ?'

'ਅਸੀਂ ਹਾਰ ਗਏ ਮਾਂ' ਰਾਜੇ ਨੇ ਵੀ ਕਿਹਾ ਤੇ ਕਵੀ ਨੇ ਵੀ।

ਉਹ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਬੰਦੇ ਹਾਰਦੇ ਹਨ-ਇਕ ਦੇਣਦਾਰ ਤੇ ਦੂਜਾ ਧੀ ਦਾ ਬਾਪ। ਤੁਸੀਂ ਕੌਣ ਹੋ?'

ਸਵਾਲ-ਜਵਾਬ ਦੀ ਇਹ ਹਾਰ ਇਹੋ ਜਿਹੀ ਸੀ ਕਿ ਨਾ ਰਾਜਾ ਭੋਜ ਤੋਂ ਕੁਝ ਬੋਲਿਆ ਗਿਆ ਤੇ ਨਾ ਹੀ ਮਾਘ ਕਵੀ ਤੋਂ। ਝੁੱਗੀ ਵਾਲੀ ਕਹਿਣ ਲੱਗੀ, 'ਅਹੁ ਸਾਹਮਣੇ ਵਾਲਾ ਰਾਹ ਫੜ ਲਵੋ, ਸਿੱਧਾ ਉਜੈਨੀ ਪਹੁੰਚ ਜਾਓਗੇ।' •



**ਹਰਿ ਰਾਇ ਜੀ ਨੂੰ ਗੁਰੂ ਦਾਦਾ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਦੁੱਖ ਵੰਡਾਉਣ ਵਾਲੇ, ਬੰਦਗੀ 'ਚ ਲੀਨ ਰਹਿਣ ਵਾਲੇ ਹੋਣ ਕਾਰਨ 14 ਸਾਲ ਦੀ ਉਮਰ 'ਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਸੀ...**

# ਸਿਮਰੌ ਸ੍ਰੀ ਹਰਿ ਰਾਇ

ਮਨਜੀਤ ਸਿੰਘ ਜ਼ੀਰਕਪੁਰ

ਦਇਆ ਦੇ ਸਾਗਰ, ਸ਼੍ਰੋਮਣੀ ਵੈਦ, ਨਿਮਰਤਾ ਦੇ ਪੁੰਜ, ਸ਼ਾਂਤੀ ਦੇ ਮਸੀਹਾ, ਵਾਤਾਵਰਨ ਦੇ ਰਖਵਾਲੇ ਸਤਿਗੁਰੂ ਹਰਿ ਰਾਇ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਸੱਤਵੇਂ ਵਾਰਿਸ, ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਮ ਪਿਆਰੇ ਪੋਤਰੇ, ਬਾਬਾ ਗੁਰਦਿੱਤਾ ਸਾਹਿਬ ਤੇ ਪੂਜਨੀਕ ਮਾਤਾ ਨਿਹਾਲ ਕੌਰ ਜੀ ਦੇ ਹੋਣਹਾਰ ਫਰਜ਼ੰਦ ਮਨੁੱਖਤਾ ਦੇ ਭਲੇ ਲਈ 1631 ਈਸਵੀ ਵਿਚ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਪਰ ਪਰਗਟ ਭਏ।

ਕੋਮਲ ਚਿਤ, ਸਤਿਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰੂ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਗੁਰੂ ਦੇ ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਸਭ ਦਾ ਦੁੱਖ ਵੰਡਾਉਣ ਵਾਲੇ, ਸ਼ਾਂਤ ਚਿਤ, ਪ੍ਰਭੂ ਪਰਮਾਤਮਾ ਦੀ ਬੰਦਗੀ 'ਚ ਲੀਨ ਰਹਿਣ ਵਾਲੇ, ਬਚਪਨ ਤੋਂ ਹੀ ਬੈਰਾਗੀ ਸੁਭਾਅ ਦੇ ਮਾਲਕ, ਗਊ ਗ਼ਰੀਬ ਦੀ ਰੱਖਿਆ ਲਈ ਤਤਪਰ ਰਹਿਣ ਵਾਲੇ ਹੋਣ ਕਾਰਨ 14 ਕੁ ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਤੇ ਆਪ ਛੇਵੇਂ ਗੁਰੂਦੇਵ ਸਚਖੰਡ ਪਧਾਰ ਗਏ।

ਸਤਿਗੁਰੂ ਹਰਿ ਰਾਇ ਸਾਹਿਬ ਜਿੱਥੇ ਅਨੇਕ ਸ਼ੁਭ ਗੁਣ ਸੰਪੰਨ ਸਨ ਉੱਥੇ ਆਪ ਉੱਚ ਕੋਟੀ ਦੇ ਵੈਦ ਵੀ ਸਨ। ਗੁਰਬਾਣੀ ਦੀ ਪੰਕਤੀ ਮੇਰਾ ਵੈਦ ਗੁਰੂ ਗੋਬਿੰਦ ਨੂੰ ਵੀ ਸਾਰਥਕ ਕਰ ਵਖਾਇਆ। ਸ੍ਰੀ ਕੀਰਤਪੁਰ ਸਾਹਿਬ ਜੀ ਦੀ ਧਰਤੀ 'ਤੇ ਇਕ ਬਹੁਤ ਵੱਡਾ ਦਵਾਖ਼ਾਨਾ ਵੀ ਚਲਾਇਆ, ਜਿੱਥੋਂ ਸੰਸਾਰੀ ਜੀਵਾਂ ਨੂੰ ਮੁਫ਼ਤ ਇਲਾਜ ਪ੍ਰਾਪਤ ਹੁੰਦਾ। ਆਪ ਨੇ ਛੋਟੇ ਜਿਹੇ ਜੀਵਨਕਾਲ ਵਿਚ ਅਨੇਕਾਂ ਵੈਦ ਤਿਆਰ ਕੀਤੇ, ਜੜ੍ਹੀ-ਬੂਟੀਆਂ ਦਾ ਵੱਡਾ ਸੰਗ੍ਰਹਿ ਕੀਤਾ, ਦੂਰੋਂ-ਦੂਰੋਂ, ਭਿੰਨ-ਭਿੰਨ ਰੋਗਾਂ ਤੋਂ ਗ੍ਰਸਤ ਲੋਕ ਬਿਮਾਰੀ ਦਾ ਇਲਾਜ ਕਰਵਾਉਣ ਲਈ ਆਪ ਕੋਲ ਆਉਂਦੇ। ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਰੋਗੀਆਂ ਵਿਚ ਹਿੰਦੁਸਤਾਨ ਦੇ ਬਾਦਸ਼ਾਹ ਸ਼ਾਹਜਹਾਂ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਦਾ ਇਲਾਜ ਵੀ ਹੋਇਆ ਤੇ ਉਹ ਵੀ ਬਿਲਕੁਲ ਮੁਫ਼ਤ। ਇਵਜ਼ਾਨੇ ਵਿਚ ਜਹਾਂਗੀਰ ਦੀ ਪੇਸ਼ਕਸ਼ ਨੂੰ ਸਤਿਗੁਰਾਂ ਨੇ ਸਹਿਜ ਭਾਵ ਨਾਲ ਠੁਕਰਾ ਦਿੱਤਾ। ਐਸੇ ਤਿਆਗ ਦੀ ਮੂਰਤ ਸਨ ਗੁਰੂ ਹਰਿ ਰਾਇ ਸਾਹਿਬ। ਉਨ੍ਹਾਂ ਦੀ ਹਜ਼ੂਰੀ 'ਚ ਕੇਵਲ ਸਰੀਰਕ ਰੋਗਾਂ ਦਾ ਇਲਾਜ ਹੀ ਨਹੀਂ ਸੀ ਹੁੰਦਾ ਮਾਨਸਿਕ ਮਰੀਜ਼ਾਂ ਨੂੰ ਵੀ ਤੰਦਰੁਸਤੀ ਦੀ ਬਖ਼ਸ਼ਿਸ਼ ਕੀਤੀ ਜਾਂਦੀ ਸੀ। ਨਾਮ ਬਾਣੀ ਨਾਲ ਜੋੜਿਆ ਜਾਂਦਾ, ਪ੍ਰਭੂ ਚਰਨਾਂ ਨਾਲ, ਗੁਰੂ ਚਰਨਾਂ ਨਾਲ ਜੋੜ ਕੇ, ਮਾਨਸਿਕ ਪੱਧਰ 'ਤੇ ਉੱਚਿਆਂ ਉਠਾ ਕੇ, ਉੱਚਾ-ਸੁੱਚਾ ਵਾ ਇਖ਼ਲਾਕੀ ਜੀਵਨ ਬਤੀਤ ਕਰਨ ਹਿਤ ਉਪਦੇਸ਼ ਦੇ ਕਰ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪ ਜੀ ਦਾ ਬੇਜੋੜ ਉਪਰਾਲਾ ਕੀਤਾ ਜੋ ਜੁਗਾਂ ਤੀਕਰ ਯਾਦ ਰੱਖਿਆ ਜਾਵੇਗਾ।

ਲੇਖਕ ਆਪ ਜੀ ਨੂੰ ਇਸੇ ਕਰਕੇ 'ਸ਼੍ਰੋਮਣੀ ਵੈਦ' ਲਿਖ ਕੇ ਨਮਨ ਕਰਦਾ ਹੈ ਕਿ ਆਪ ਨੇ ਕੇਵਲ ਸਰੀਰਕ ਕਸ਼ਟ ਹੀ ਦੂਰ ਨਹੀਂ ਕੀਤੇ ਬਲਕਿ ਮਾਨਸਿਕ ਪੀੜਾ ਤੇ ਚਿਤ ਦੀਆਂ ਚਿੰਤਾਵਾਂ ਨੂੰ ਵੀ ਹਰਿਆ। ਕਿਹਾ ਜਾ ਸਕਦਾ ਹੈ ਕਿ ਰੈੱਡ ਕਰਾਸ ਵਰਗੀਆਂ ਸੰਸਥਾਵਾਂ ਦੀ, ਮੁਫ਼ਤ ਮੈਡੀਕਲ ਕੈਂਪਾਂ ਦੀ, ਮੁਫ਼ਤ ਸਿਹਤ ਸੇਵਾਵਾਂ ਦੇਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਆਦਿ ਸਭ ਕਾਸੇ ਦੇ ਮੋਢੀ ਸਨ ਗੁਰੂ ਹਰਿ ਰਾਇ ਸਾਹਿਬ। ਅਸੀਂ ਸਭ ਭਲੀ ਪ੍ਰਕਾਰ ਜਾਣਦੇ ਹਾਂ ਕਿ 'ਲੰਗਰ' ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਉਣਾ ਕੀਤੀ ਸੀ, ਠੰਡੇ ਪਾਣੀ ਦੀ ਛਬੀਲ ਲਾਉਣ ਦੀ ਸੇਵਾ, ਪਿਆਸੇ ਰਾਹੀਗਰਾਂ ਨੂੰ ਸਵੱਛ ਜਲ ਛਕਾਉਣ ਦੀ ਸੇਵਾ ਸ਼ੁਰੂ ਕੀਤੀ ਸੀ-ਬਾਬੇ ਨਾਨਕ ਜੀ ਨੇ। ਦਿੱਲੀ-ਲਾਹੌਰ ਸ਼ਾਹੀ ਮਾਰਗ ਪਰ ਬੈਠ ਕਰ ਗੁਰਦੁਆਰਾ ਨਾਨਕ ਪਿਆਊ ਸਾਹਿਬ ਦਿੱਲੀ ਵਿਖੇ ਆਪ ਨੇ ਪਿਆਸੇ ਰਾਹੀਆਂ ਨੂੰ ਜਲ ਛਕਾ ਕੇ ਤ੍ਰਿਪਤ ਕੀਤਾ, ਜਿੱਥੇ ਆਪ ਸਰੀਰ ਦੀ ਪਿਆਸ ਜਲ ਛਕਾ ਕੇ ਬੁਝਾਉਂਦੇ ਸਨ? ਤ੍ਰਿਪਤ ਕਰਦੇ ਸਨ, ਉੱਥੇ ਮਨ ਦੀ ਪਿਆਸ ਵੀ ਨਾਮ ਬਾਣੀ ਦਾ ਛੱਟਾ ਮਾਰ ਕੇ ਬੁਝਾਉਂਦੇ ਸਨ, ਤ੍ਰਿਪਤ ਕਰਦੇ ਸਨ, ਐਵੇਂ ਤਾਂ ਨਹੀਂ ਸੰਸਾਰ ਦੇ ਲੋਕ ਜਗਤ ਗੁਰੂ ਬਾਬੇ ਨਾਨਕ ਨੂੰ 'ਮਾਤਾ ਤ੍ਰਿਪਤਾ ਦਾ ਲਾਲ' ਕਹਿੰਦੇ। ਸਭ ਨੂੰ ਤ੍ਰਿਪਤ ਕਰੀ ਜਾਂਦੇ ਸਨ ਜਗਤ ਗੁਰੂ ਬਾਬਾ ਨਾਨਕ। ਜਿੱਥੇ ਲੰਗਰ-ਪਾਣੀ ਦੀ ਸੇਵਾ ਦੀ ਰੀਤ ਬਾਬੇ ਨਾਨਕ ਜੀ ਨੇ ਚਲਾਈ ਉੱਥੇ ਮੁਫ਼ਤ ਸਿਹਤ ਸਹੂਲਤਾਂ ਦੇਣ ਦੀ ਪ੍ਰਥਾ ਚਲਾਈ 7ਵੇਂ ਨਾਨਕ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ। ਗੁਰੂ ਜੀ ਦੇ ਦਰਸਾਏ ਇਸ ਪਰਉਪਕਾਰੀ ਮਾਰਗ 'ਤੇ ਚੱਲਣ ਵਾਲਿਆਂ ਨੂੰ ਮੁਫ਼ਤ ਸਿਹਤ ਸਹੂਲਤਾਂ ਦੇਣ ਵਾਲਿਆਂ ਨੂੰ ਜਿੱਥੇ ਮੈਂ ਕੋਟਿ-ਕੋਟਿ ਨਮਨ ਕਰਦਾ ਹਾਂ ਉੱਥੇ ਅਰਦਾਸ ਕਰਦਾ ਹਾਂ ਕਿ ਆਪ ਸਭ ਸਮਾਜ ਸੇਵੀਆਂ ਨੂੰ ਇਸ ਪਵਿੱਤਰ ਪ੍ਰਥਾ 'ਤੇ ਚੱਲਣ ਵਾਲਿਆਂ ਨੂੰ ਰੱਬ ਸੱਚਾ ਹੋਰ ਬਲ, ਹੋਰ ਉਦਮ ਤੇ ਉਤਸ਼ਾਹ ਬਖ਼ਸ਼ੇ ਤਾਂ ਕਿ ਤਨ ਤੇ ਮਨ ਕਰਕੇ ਇਕ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ, ਨਾਲ ਹੀ ਐਸੀਆਂ ਸਮਾਜ ਸੇਵੀ ਸੰਸਥਾਵਾਂ ਤੇ ਭਲੇ ਦੇ ਕਾਰਜਾਂ 'ਚ ਜੁੜੇ ਵੀਰਾਂ ਨੂੰ ਬੇਨਤੀ ਵੀ ਕਰਾਂ ਕਿ ਗੁਰੂ ਹਰਿ ਰਾਇ ਸਾਹਿਬ ਦੇ ਸ਼ੁਕਰਗੁਜ਼ਾਰ ਵੀ ਰਹਿਣਾ ਜਿਵੇਂ ਗੁਰੂ ਸਾਹਿਬ ਨੇ ਐਸੀਆਂ ਮਾਣ-ਮੱਤੀਆਂ ਸੇਵਾਵਾਂ ਦਾ ਕਦੇ ਵੀ ਮੁੱਲ ਨਹੀਂ ਵੱਟਿਆ, ਤੁਸੀਂ ਵੀ ਸੁਚੇਤ ਹੋਵੋ।

ਸਤਿਗੁਰਾਂ ਦੀ ਬਹੁਪੱਖੀ ਤੇ ਪਰਉਪਕਾਰੀ ਸ਼ਖ਼ਸੀਅਤ ਵਿਚ ਵਾਤਾਵਰਨ ਲ ਪਿਆਰ, ਕਰਤੇ ਦੀ ਕੁਦਰਤ ਨਾਲ ਨੇੜਤਾ, ਰੁੱਖਾਂ-ਬੂਟਿਆਂ, ਪਸ਼ੂ-ਪੰਛੀਆਂ, ਪੌਣ-ਪਾਣੀ ਤੇ ਧਰਤੀ ਨਾਲ ਅਨੂਠਾ ਮੋਹ ਆਪ ਦੇ ਜੀਵਨ ਦਾ ਅਹਿਮ ਹਿੱਸਾ ਰਿਹਾ। ਚੌਗਿਰਦੇ ਦੀ ਸੰਭਾਲ, ਵਾਤਾਵਰਨ ਦੀ ਸ਼ੁੱਧਤਾ, ਪੌਣ-ਪਾਣੀ ਤੇ ਧਰਤੀ ਨੂੰ ਬਚਾਉਣ ਲਈ ਆਪ ਨੇ ਵੱਡੇ ਉਪਰਾਲੇ ਕੀਤੇ।

ਮਨੁੱਖਤਾ ਦੇ ਭਲੇ ਲਈ ਗੁਰੂ ਅਰਜੁਨ ਦੇਵ ਜੀ ਨੇ ਖੂਹ ਖੁਦਵਾਏ, ਗੁਰੂ ਹਰਿਗੋਬਿੰਦ ਸਾਹਿਬ ਨੇ ਬਾਗ਼ ਬਗੀਚੇ ਲਗਵਾਏ। ਗੁਰੂ ਹਰਿ ਰਾਇ ਸਾਹਿਬ ਚੌਗਿਰਦੇ ਨੂੰ ਬਚਾਉਂਦੇ ਰਹੇ ਪੇੜ-ਪੌਦੇ ਉਗਾਉਂਦੇ ਰਹੇ।

ਪੀਰ-ਪੈਗ਼ੰਬਰ, ਔਲੀਏ ਤੇ ਅਵਤਾਰੀ ਪੁਰਖ, ਸੰਸਾਰ ਦੇ ਭਲੇ ਲਈ ਧਰਤੀ 'ਤੇ ਅਵਤਾਰ ਧਾਰ ਕੇ ਸੰਸਾਰੀ ਜੀਵਾਂ ਦੇ

ਭਲੇ ਹਿਤ ਪਰਉਪਕਾਰੀ ਜੀਵਨ ਬਤੀਤ ਕਰਿਆ ਕਰਦੇ ਨੇ। ਜਿਵੇਂ ਵਿਸ਼ਾਲ ਸਾਗਰ ਦੀ ਉੱਪਰੀ ਸਤਹ ਪਰ ਲਹਿਰਾਂ ਉੱਠਦੀਆਂ ਰਹਿੰਦੀਆਂ ਨੇ, ਇਹ ਵਰਤਾਰਾ ਨਿਰੰਤਰ ਚੱਲਦਾ ਰਹਿੰਦਾ ਹੈ ਪਰ ਆਪ ਸਾਗਰ ਅੰਦਰੋਂ ਸ਼ਾਂਤ ਰਹਿੰਦਾ ਹੈ, ਡੋਲਦਾ ਨਹੀਂ, ਅਸ਼ਾਂਤ ਨਹੀਂ ਹੁੰਦਾ, ਏਸੇ ਤਰ੍ਹਾਂ ਅਵਤਾਰੀ ਪੁਰਖਾਂ ਦੇ ਜੀਵਨ 'ਚ ਪਰਉਪਕਾਰ ਰੂਪੀ ਲਹਿਰਾਂ ਹਮੇਸ਼ਾ ਉੱਠਦੀਆਂ ਰਹਿੰਦੀਆਂ ਨੇ ਪਰ ਸਾਗਰ ਦੀ ਨਿਆਈ ਇਹ ਆਪ ਧੁਰ ਅੰਦਰੋਂ ਸ਼ਾਂਤ ਚਿੱਤ ਰਹਿੰਦੇ ਨੇ। ਸਾਗਰ ਦੀਆਂ ਲਹਿਰਾਂ ਜਦੋਂ ਬਾਹਰ ਕੰਢਿਆਂ ਵੱਲ ਜਾਂਦੀਆਂ ਨੇ ਤਾਂ ਬਹੁਤ ਕੀਮਤੀ ਹੀਰੇ-ਜਵਾਹਰਾਤ ਬਾਹਰ ਸੁੱਟ ਜਾਂਦੀਆਂ ਨੇ, ਸਾਗਰ ਕੰਢੇ ਪਿਆ ਫ਼ਾਲਤੂ ਕਚਰਾ ਸਮੇਟ ਕੇ ਲੈ ਜਾਂਦੀਆਂ ਨੇ ਇਸੇ ਤਰ੍ਹਾਂ ਅਵਤਾਰੀ ਪੁਰਖਾਂ ਦਾ ਜੀਵਨ ਪਰਉਪਕਾਰ ਰੂਪੀ ਤਰੰਗਾਂ ਸੰਸਾਰ ਨੂੰ ਬਹੁਤ ਕੀਮਤੀ ਪਦਾਰਥ ਬਖ਼ਸ਼ਦੀਆਂ ਨੇ ਤੇ ਨਾਲ ਰੋੜ੍ਹ ਕੇ ਲੈ ਜਾਂਦੀਆਂ ਨੇ ਸਾਡੀ ਬਦੀ ਦਾ ਕੂੜਾ-ਕਬਾੜ ਤੇ ਕਚਰਾ, ਸਾਡੀਆਂ ਜਨਮ-ਜਨਮ ਦੀਆਂ ਮੈਲਾਂ, ਈਰਖਾ ਵਾ ਹੰਕਾਰ ਦੇ ਢੇਰ ਨਾਲ ਰੋੜ੍ਹ ਕੇ ਲੈ ਜਾਂਦੇ ਨੇ ਅਵਤਾਰੀ ਪੁਰਖ। ਇਹ ਅਵਤਾਰੀ ਪੁਰਖ ਹਉਮੈ, ਜਾਤ-ਪਾਤ, ਊਚ-ਨੀਚ, ਈਰਖਾ-ਦਵੈਤ, ਨਿੰਦਾ-ਬੁਰਾਈ ਜੈਸੀਆਂ ਅਲਾਮਤਾਂ ਫ਼ਾਨੀ ਸੰਸਾਰ ਤੋਂ ਹੂੰਝ ਕੇ ਲੈ ਜਾਂਦੇ ਹਨ।

ਹਮੇਸ਼ਾ ਲੋੜ ਰਹੇਗੀ ਐਸੇ ਮਹਾਨ ਸਤਪੁਰਖਾਂ ਨੂੰ ਯਾਦ ਕਰਨ ਦੀ। ਉਨ੍ਹਾਂ ਦੇ ਦਿਨ ਮਨਾਉਣ ਦੀ। ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ। ਦਰਸਾਏ ਮਾਰਗ 'ਤੇ ਨਿਸ਼ਠਾ ਨਾਲ ਪਹਿਰਾ ਦੇਣ ਦੀ ਹਮੇਸ਼ਾ ਲੋੜ ਰਹੇਗੀ। ਉਨ੍ਹਾਂ ਅਵਤਾਰੀ ਪੁਰਖਾਂ ਦੇ ਉਪਦੇਸ਼, ਅਮਲੀ ਰੂਪ 'ਚ ਸੁਹਿਰਦ ਹੋ ਕੇ ਕਮਾਉਣ ਦੀ। 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਜੋ ਹੋਕਾ ਲਾਇਆ ਸੀ ਜਗਤ ਗੁਰੂ ਬਾਬੇ ਨਾਨਕ ਜੀ ਨੇ ਤੇ ਇਸ ਮਹਾਨ ਪੰਕਤੀ ਨੂੰ ਅਮਲੀ ਰੂਪ 'ਚ ਆਪਣੇ ਜੀਵਨ ਦਾ ਹਿੱਸਾ ਬਣਾਇਆ ਸੱਤਵੇਂ ਗੁਰੂਦੇਵ ਗੁਰੂ ਹਰਿ ਰਾਇ ਸਾਹਿਬ ਨੇ। ਜੋ ਉਪਦੇਸ਼ ਕਲਯੁਗੀ ਜੀਵਾਂ ਨੂੰ ਦਿੱਤੇ ਪਹਿਲਾਂ ਆਪ ਖ਼ੁਦ ਉਨ੍ਹਾਂ ਦਾ ਮੰਨਣ ਕੀਤਾ। ਐਸੀ ਕਰਨੀ, ਕਹਿਣੀ ਤੇ ਕਥਨੀ ਦੇ ਪੂਰੇ ਸਤਿਗੁਰੂ ਸਾਹਿਬ ਦੇ ਉਦਮਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੇ ਚੌਗਿਰਦੇ ਨੂੰ ਬਚਾਉਣ ਹਿੱਤ ਇਕ ਬੂਟਾ ਖ਼ੁਦ ਲਗਾਉਣ ਦਾ ਸਾਨੂੰ ਵੀ ਅਹਿਦ ਕਰਨਾ ਚਾਹੀਦਾ ਹੈ। •

98780-98555



# ਰਾਗ ਨਾਦ ਸਬਦਿ ਸੋਹਣੇ



ਇਕਵਾਕ ਸਿੰਘ ਪੱਟੀ


ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਤੀਸਰੇ ਸਥਾਨ 'ਤੇ ਆਉਣ ਵਾਲੇ ਰਾਗ 'ਗਉੜੀ' ਬਾਰੇ...

## ਰਾਗ ਗਉੜੀ

ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਮਾਝ ਰਾਗ ਤੋਂ ਬਾਅਦ ਰਾਗ ਗਉੜੀ ਤੀਜੇ ਸਥਾਨ 'ਤੇ ਆਉਂਦਾ ਹੈ। ਗਉੜੀ ਰਾਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 151 ਤੋਂ ਲੈ ਕੇ ਪੰਨਾ ਨੰਬਰ 346 ਤਕ ਸੁਸ਼ੋਭਿਤ ਹੈ। ਗੁਰੂ ਅਮਰਦਾਸ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

***'ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥***
***ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥'***

ਪ੍ਰਚਲਿਤ ਸੁਖਮਨੀ ਸਾਹਿਬ ਦੀ ਬਾਣੀ ਇਸੇ ਰਾਗ ਵਿਚ 'ਗਉੜੀ ਸੁਖਮਨੀ ਮਹਲਾ 5' ਦੇ ਸਿਰਲੇਖ ਹੇਠ ਦਰਜ ਹੈ। ਇਸ ਤੋਂ ਇਲਾਵਾ 'ਬਾਵਨ ਅਖਰੀ', 'ਥਿਤੀ ਗਉੜੀ', 'ਗਉੜੀ ਕੀ ਵਾਰ ਮਹਲਾ 4' ਅਤੇ 'ਗਉੜੀ ਕੀ ਵਾਰ ਮਹਲਾ 5' ਇਸੇ ਰਾਗ ਦੇ ਅੰਤਰਗਤ ਆਉਂਦੀਆਂ ਬਾਣੀਆਂ ਹਨ। ਇਸ ਰਾਗ ਵਿਚ ਗੁਰੂ ਨਾਨਕ ਪਾਤਸ਼ਾਹ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ। ਇਸ ਤੋਂ ਇਲਾਵਾ ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਰਵਿਦਾਸ ਜੀ ਦੀ ਬਾਣੀ ਵੀ ਰਾਗ ਗਉੜੀ ਵਿਚ ਦਰਜ ਹੈ। ਗੁਰਬਾਣੀ ਵਿਚ ਇਸ ਰਾਗ ਦੇ ਅਧੀਨ ਲਗਭਗ ਗਿਆਰਾਂ ਹੋਰ ਕਿਸਮਾਂ ਹਨ, ਜਿਨ੍ਹਾਂ ਵਿਚ 'ਗਉੜੀ ਗੁਆਰੇਰੀ', 'ਗਉੜੀ ਦੱਖਣੀ', 'ਗਉੜੀ ਬੈਰਾਗਣਿ', 'ਗਉੜੀ ਚੇਤੀ', 'ਗਉੜੀ ਦੀਪਕੀ', 'ਗਉੜੀ ਪੂਰਬੀ ਦੀਪਕੀ', 'ਗਉੜੀ ਪੂਰਬੀ', 'ਗਉੜੀ ਮਾਝ', 'ਗਉੜੀ ਮਾਲਵਾ', 'ਗਉੜੀ ਮਾਲਾ' ਅਤੇ 'ਗਉੜੀ ਸੋਰਠਿ' ਸ਼ਾਮਲ ਹਨ।



ਇਤਿਹਾਸਕ ਤੇ ਸੰਗੀਤਕ ਪੱਖ ਤੋਂ ਇਹ ਬਹੁਤ ਪ੍ਰਾਚੀਨ ਤੇ ਪ੍ਰਸਿੱਧ ਰਾਗ ਹੈ। ਲਗਪਗ ਸੰਗੀਤ ਨਾਲ ਸਬੰਧਤ ਹਰ ਗ੍ਰੰਥ ਵਿਚ ਇਸ ਦਾ ਜ਼ਿਕਰ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਨੂੰ ਸਿਰੀ ਰਾਗ ਦੀ ਰਾਗਨੀ ਵੀ ਮੰਨਿਆ ਗਿਆ ਹੈ, ਜਿਸ ਦਾ ਜ਼ਿਕਰ 'ਮਹਾਨ ਕੋਸ਼' ਦਾ ਕਰਤਾ ਵੀ ਕਰਦਾ ਹੈ। ਇਸ ਤੋਂ ਇਲਾਵਾ ਇਸ ਰਾਗ ਨੂੰ ਭੈਰਉ ਰਾਗ ਦੇ ਨੇੜੇ ਦਾ ਰਾਗ ਵੀ ਮੰਨਿਆ ਜਾਂਦਾ ਹੈ ਕਿਉਂਕਿ ਗੁਰਮਤਿ ਸੰਗੀਤ ਵਿਚ ਇਸਨੂੰ ਭੈਰਵ ਥਾਟ ਦਾ ਮੰਨਿਆ ਗਿਆ ਹੈ ਅਤੇ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਵੀ ਇਕ ਥਾਂ ਜ਼ਿਕਰ ਕੀਤਾ ਹੈ ਕਿ, 'ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ॥' ਮਹਾਨ ਕੋਸ਼ ਵਿਚ ਲਿਖਿਆ ਹੈ ਕਿ, 'ਇਕ ਰਾਗਨੀ, ਜੋ ਪੂਰਵ ਥਾਟ ਦੀ ਓੜਵ ਸ਼ਾੜਵ ਹੈ, ਇਸ ਵਿਚ ਸ੍ਰੀ ਰਾਗ ਦਾ ਅੰਗ ਹੈ। ਇਸ ਦੀ ਆਰੋਹ ਵਿਚ ਗਾਂਧਾਰ ਅਤੇ ਧੈਵਤ ਵਰਜਿਤ ਹੈ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਭ ਅਤੇ ਧੈਵਤ ਕੋਮਲ, ਮੱਧਮ, ਤੀਵਰ ਬਾਕੀ ਸਾਰੇ ਸੁਰ ਸ਼ੁੱਧ ਹਨ। ਇਸ ਰਾਗ ਨੂੰ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਮੰਨਿਆ ਗਿਆ ਹੈ।' •

98150-24920

# ਸਿੱਖ ਪੰਥ ਦਾ ਸਿਰਮੌਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ

**ਸਭਰਾਵਾਂ ਵਿਖੇ ਅੰਗਰੇਜ਼ਾਂ ਤੇ ਸਿੱਖਾਂ ਦਰਮਿਆਨ ਹੋਏ ਯੁੱਧ ਸਮੇਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਮੋਰਚਿਆਂ 'ਤੇ ਜਾ ਕੇ ਆਪਣੇ ਜਵਾਨਾਂ ਨੂੰ ਹੱਲਾਸ਼ੇਰੀ ਦਿੰਦੇ। ਇਸ ਨਾਲ ਫ਼ੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ ਤੇ ਫਿਰੰਗੀਆਂ ਦੇ ਹੌਸਲੇ ਪਸਤ ਹੋਣੇ ਸ਼ੁਰੂ ਹੋ ਗਏ...**



ਜਸਪਾਲ ਸਿੰਘ ਅਟਾਰੀ
98146-41002

ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਸਥਿਤ ਇਤਿਹਾਸਕ ਕਸਬਾ ਅਟਾਰੀ ਸ਼ਹੀਦਾਂ ਦੇ ਪਿੰਡ ਵਜੋਂ ਮਸ਼ਹੂਰ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ 'ਚ ਜਰਨੈਲ ਰਹੇ ਸਰਦਾਰ ਸ਼ਾਮ ਸਿੰਘ ਅਟਾਰੀ ਤੋਂ ਇਲਾਵਾ ਸਰਦਾਰ ਚਤਰ ਸਿੰਘ, ਸਰਦਾਰ ਸ਼ੇਰ ਸਿੰਘ ਆਦਿ ਵੀ ਅਟਾਰੀ ਪਿੰਡ ਨਾਲ ਸਬੰਧਤ ਸਨ। ਅਟਾਰੀ ਵਾਲੇ ਸਰਦਾਰਾਂ 'ਚੋਂ ਸਿਰਕੱਢ ਸ਼ਖ਼ਸੀਅਤ ਸ਼ਾਮ ਸਿੰਘ ਅਟਾਰੀ ਵਾਲਾ ਸਰਦਾਰ ਨਿਹਾਲ ਸਿੰਘ ਦੇ ਸਪੁੱਤਰ ਸਨ। ਸਰਦਾਰ ਸ਼ਾਮ ਸਿੰਘ ਅਟਾਰੀ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਕਮਾਂਡਰ ਨਿਹਾਲ ਸਿੰਘ ਦੇ ਘਰ ਅਟਾਰੀ ਵਿਖੇ 1788 ਦੇ ਲਗਪਗ ਹੋਇਆ। ਪਿੰਡ ਅਟਾਰੀ ਅੰਮ੍ਰਿਤਸਰ-ਲਾਹੌਰ ਸੜਕ 'ਤੇ ਅੰਮ੍ਰਿਤਸਰ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਵਾਹਗਾ ਸਰਹੱਦ ਤੋਂ ਦੋ ਕਿਲੋਮੀਟਰ ਉਰ੍ਹਾਂ ਵਸਿਆ ਪੁਰਾਤਨ ਕਸਬਾ ਹੈ। ਇੱਥੇ ਬਣੇ ਬੁਰਜ, ਹਵੇਲੀਆਂ ਤੇ ਸਮਾਧਾਂ ਇਸ ਦੇ ਇਤਿਹਾਸਕ ਹੋਣ ਦਾ ਸਬੂਤ ਹਨ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਪਿਛੋਕੜ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਜਗਰਾਵਾਂ ਨੇੜਲੇ ਪਿੰਡ ਕਾਉਂਕੇ ਨਾਲ ਜਾ ਜੁੜਦਾ ਹੈ ਕਿਉਂਕਿ ਉਨ੍ਹਾਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਨੇ ਉੱਥੋਂ ਉੱਠ ਕੇ ਅਟਾਰੀ ਵਿਖੇ ਆ ਕੇ ਆਪਣੀ ਰਹਾਇਸ਼ ਸਥਾਪਿਤ ਕਰ ਲਈ ਸੀ।

ਸਰਦਾਰ ਸ਼ਾਮ ਸਿੰਘ ਨੇ ਛੋਟੀ ਉਮਰ 'ਚ ਹੀ ਘੋੜ ਸਵਾਰੀ, ਤੀਰਅੰਦਾਜ਼ੀ, ਤਲਵਾਰਬਾਜ਼ੀ ਆਦਿ ਜੰਗੀ ਕਰਤਬ ਸਿੱਖ ਲਏ ਤੇ ਆਪਣੇ ਪਿਤਾ ਨਾਲ ਜੰਗਾਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਪਿਤਾ ਦੇ ਹੁੰਦਿਆਂ ਹੀ ਸਰਦਾਰ ਸ਼ਾਮ ਸਿੰਘ ਅਟਾਰੀ ਨੇ 12 ਮਾਰਚ 1816 ਨੂੰ ਮਹਾਰਾਜਾ ਰਣਜੀਤ ਸਿੰਘ ਕੋਲੋਂ ਹੀਰਿਆਂ ਜੜੀ ਕਲਗੀ ਪ੍ਰਾਪਤ ਕਰ ਕੇ ਆਪਣੇ ਪਿਤਾ ਦਾ ਮਾਣ ਵਧਾਇਆ। ਸਰਦਾਰ ਨਿਹਾਲ ਸਿੰਘ ਅਟਾਰੀ ਨੇ 1818 'ਚ ਮਹਾਰਾਜਾ ਰਣਜੀਤ ਸਿੰਘ ਦੇ ਬਿਮਾਰ ਹੋਣ ਸਮੇਂ ਉਨ੍ਹਾਂ ਦੇ ਮੰਜੇ ਦੇ ਦੁਆਲੇ ਪਰਿਕਰਮਾ ਕਰ ਕੇ ਪਰਮਾਤਮਾ ਅੱਗੇ ਅਰਦਾਸ ਕਰ ਕੇ ਉਨ੍ਹਾਂ ਦੀ ਬਿਮਾਰੀ ਆਪਣੇ ਉੱਪਰ ਲੈ ਕੇ ਆਪਾ ਵਾਰ ਦਿੱਤਾ ਸੀ। ਮੁਲਤਾਨ ਦੀ 1818 ਦੀ ਪਹਿਲੀ ਐਸੀ ਲੜਾਈ ਸੀ, ਜਿਸ 'ਚ ਸਰਦਾਰ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਹਿੱਸਾ ਲਿਆ ਤੇ ਬਹਾਦਰੀ ਦੇ ਜੌਹਰ ਵਿਖਾਏ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੋਂ ਖ਼ੁਸ਼ ਹੋ ਕੇ ਸ਼ਹਿਜ਼ਾਦਾ ਖੜਕ ਸਿੰਘ, ਮਿਸਰ ਦੀਵਾਨ ਚੰਦ, ਸਰਦਾਰ ਦਲ ਸਿੰਘ ਨਾਲ ਉਨ੍ਹਾਂ ਨੂੰ ਵੀ ਪਿਸ਼ਾਵਰ ਦੀ ਮੁਹਿੰਮ 'ਤੇ ਭੇਜਿਆ ਤੇ ਖ਼ਾਲਸਾ ਫ਼ੌਜ ਇਹ ਜੰਗ ਜਿੱਤ ਕੇ ਪਰਤੀ ਸੀ। ਜਿੱਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਵਿਸ਼ੇਸ਼ ਧਿਆਨ ਕਸ਼ਮੀਰ ਜਿੱਤਣ ਵੱਲ ਲਗਾਇਆ।

ਮਈ 1819 ਵਿਚ ਇਕ ਵੱਡੀ ਫ਼ੌਜ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲੀ) ਵਿਖੇ ਇਕੱਠੀ ਹੋਈ। ਉਸ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਕ ਹਿੱਸਾ ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਮਿਸਰ ਦੀਵਾਨ ਚੰਦ ਦੀ ਕਮਾਂਡ ਹੇਠ, ਦੂਜਾ ਸ਼ਹਿਜ਼ਾਦਾ ਖੜਕ ਸਿੰਘ ਦੀ ਸਰਦਾਰੀ ਹੇਠ ਅਤੇ ਤੀਜਾ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਅਧੀਨ ਸੀ। ਸਰਦਾਰ ਸ਼ਾਮ ਸਿੰਘ ਅਟਾਰੀ ਤੇ ਮਿਸਰ ਦੀਵਾਨ ਚੰਦ ਨੇ ਹੌਲੀਆਂ ਤੋਪਾਂ ਨਾਲ ਰਾਜੌਰੀ 'ਤੇ ਹੱਲਾ ਬੋਲ ਦਿੱਤਾ ਤੇ ਸਭ ਪਾਸਿਓਂ ਹੱਲਾ ਕਰ ਕੇ ਭਾਰੀ ਜੰਗ ਛੇੜ ਦਿੱਤੀ ਤੇ ਕਸ਼ਮੀਰ ਫ਼ਤਹਿ ਕਰ ਲਿਆ ਗਿਆ।



10 ਫਰਵਰੀ ਬਰਸੀ 'ਤੇ

ਮਾਰਚ 1822 ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਮੁਹੰਮਦ ਆਜ਼ਿਮ ਬਾਰਕਜ਼ਾਈ ਆਪਣੇ ਭਰਾ ਮੁਹੰਮਦ ਦੋਸਤ ਨਾਲ ਮਿਲ ਕੇ ਪਿਸ਼ਾਵਰ ਉੱਪਰ ਹੱਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਮਹਾਰਾਜਾ ਨੇ ਖ਼ਾਲਸਾ ਫ਼ੌਜਾਂ ਨੂੰ ਅਟਕ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਤੇ ਆਪ ਅਟਕ ਕਿਲ੍ਹੇ ਦੇ ਸਾਹਮਣੇ ਦਰਿਆ ਪਾਰਲੇ ਕਿਲ੍ਹੇ ਖ਼ੈਰਾਬਾਦ ਵੱਲ ਵਧੇ। ਆਪ ਦਾ ਟਾਕਰਾ ਅਕੌੜੇ ਦੇ ਮੈਦਾਨ ਵਿਚ ਬਾਰਕਜ਼ਾਈ ਦੀਆਂ ਫ਼ੌਜਾਂ ਨਾਲ ਹੋਇਆ। ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਬੜੀ ਸੂਰਬੀਰਤਾ ਦਾ ਪ੍ਰਦਰਸ਼ਨ ਕੀਤਾ ਤੇ ਅਖ਼ੀਰ ਜਿੱਤ ਖ਼ਾਲਸਾ ਫ਼ੌਜ ਦੀ ਹੋਈ। ਇਸ ਜਿੱਤ ਦੀ ਖ਼ੁਸ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਭਰੇ ਦਰਬਾਰ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਕੰਵਰ ਸ਼ੇਰ ਸਿੰਘ ਤੇ ਸਰਦਾਰ ਜੈ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਮੋਹਰਾਂ, ਈਰਾਨੀ ਬੰਦੂਕਾਂ, ਝੰਡੇ ਤੇ ਹਾਥੀ ਇਨਾਮ ਵਜੋਂ ਦਿੱਤੇ। ਪਿਸ਼ਾਵਰ ਦੀ ਮੁਹਿੰਮ ਤੋਂ ਵਾਪਸ ਆ ਕੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਆਪਣੀ ਬੇਟੀ ਨਾਨਕੀ ਦਾ ਸਾਕ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਪੱਕਾ ਕੀਤਾ। ਨਿਉਂਦਰੇ ਦੀ ਰਸਮ 6 ਮਾਰਚ 1837 ਨੂੰ ਹੋਈ। ਬਾਅਦ ਵਿਚ ਸਰਦਾਰ ਅਟਾਰੀ ਵਾਲਾ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਹੋ ਗਈ ਅਤੇ ਲਾਹੌਰ ਦਰਬਾਰ ਵਿਚ ਉਨ੍ਹਾਂ ਦਾ ਸਤਿਕਾਰ ਵਧ ਗਿਆ।

27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਅਸਤ ਹੋਣਾ ਸ਼ੁਰੂ ਹੋ ਗਿਆ ਹੌਲੀ-ਹੌਲੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਡੋਗਰਾਸ਼ਾਹੀ ਆਰੰਭ ਹੋ ਗਈ। ਲਾਹੌਰ ਵਿਚ ਕਤਲਾਂ ਤੇ ਗੱਦਾਰੀਆਂ ਦਾ ਮੁਢ ਬੱਝ ਗਿਆ। ਇੱਥੋਂ ਹੀ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਲੜਾਈ ਦਾ ਮੁੱਢ ਬੱਝਾ। ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਪੜ੍ਹਾਈ ਸਮੇਂ ਅੰਗਰੇਜ਼ ਫ਼ੌਜ 'ਚ 44000 ਜਵਾਨ ਤੇ 100 ਤੋਪਾਂ ਸਨ। ਅੰਗਰੇਜ਼ ਮੁਲਤਾਨ ਉੱਤੇ ਚੜ੍ਹਾਈ ਕਰਨ ਲੱਗੇ। ਸਿੱਖ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਤੇਜਾ ਸਿੰਘ ਤੇ ਵਜ਼ੀਰ ਲਾਲ ਸਿੰਘ ਸਨ। ਇਨ੍ਹਾਂ ਦੋਹਾਂ ਨੂੰ ਲਾਲਚ ਦੇ ਕੇ ਅੰਗਰੇਜ਼ਾਂ ਨੇ ਆਪਣਾ ਨਾਲ ਮਿਲਾ ਲਿਆ। ਜਿਸ ਕਾਰਨ ਸਿੱਖ ਫ਼ੌਜ ਦੀ ਯੋਜਨਾ ਉਨ੍ਹਾਂ ਦੋਹਾਂ ਨੇ ਸਫ਼ਲ ਨਾ ਹੋਣ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਲਾਹੌਰ ਦਰਬਾਰ ਦਾ ਕੰਮਕਾਜ ਮਹਾਰਾਣੀ ਜਿੰਦ ਕੌਰ ਦੀ ਦੇਖਰੇਖ ਹੇਠ ਸੀ। ਮਹਾਰਾਣੀ ਨੇ 10 ਘੋੜ ਸਵਾਰਾਂ ਦੇ ਹੱਥ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਭੇਜੇ ਸੁਨੇਹੇ ਵਿਚ ਆਖਿਆ ਕਿ ਉਹ ਲਾਹੌਰ ਵੱਲ ਵਧ ਰਹੀਆਂ ਬਰਤਾਨਵੀ ਫ਼ੌਜਾਂ ਨੂੰ ਰੋਕਣ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਖ਼ਾਲਸਾ ਫ਼ੌਜ ਦੀ ਕਮਾਂਡ ਸੰਭਾਲੀ ਤੇ ਫ਼ੌਜ ਨੂੰ ਅੰਗਰੇਜ਼ਾਂ ਵਿਰੁੱਧ ਸਭਰਾਵਾਂ ਵਿਖੇ ਲੜਾਈ ਦੇ ਮੈਦਾਨ ਵਿਚ ਆਣ ਟੱਕਰੇ।

10 ਫਰਵਰੀ 1846 ਨੂੰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਸਿੱਖ ਫ਼ੌਜ ਨੂੰ ਵੰਗਾਰਿਆ। ਅੰਗਰੇਜ਼ਾਂ ਨੇ ਤੋਪਾਂ ਨਾਲ ਸਿੱਖਾਂ ਦੇ ਮੋਰਚਿਆਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਗੋਲਿਆਂ ਦਾ ਜਵਾਬ ਗੋਲਿਆਂ ਨਾਲ ਮਿਲਣ 'ਤੇ ਲੜਾਈ ਭਖ ਗਈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਸਭ ਮੋਰਚਿਆਂ 'ਤੇ ਆਪ ਜਾ ਕੇ ਜਵਾਨਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਇਸ ਤਰ੍ਹਾਂ ਫ਼ੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ। ਸਿੱਖ ਫ਼ੌਜ ਦੇ ਜੈਕਾਰਿਆਂ ਨੇ ਫਿਰੰਗੀਆਂ ਦੇ ਹੌਸਲੇ ਪਸਤ ਕਰ ਦਿੱਤੇ। ਅੰਗਰੇਜ਼ ਮੈਦਾਨ 'ਚੋਂ ਭੱਜਣੇ ਸ਼ੁਰੂ ਹੋ ਗਏ ਪਰ ਗੱਦਾਰ ਲਾਲ ਸਿੰਘ ਤੇ ਤੇਜਾ ਸਿੰਘ ਨੇ ਸਿੱਖ ਫ਼ੌਜ ਨੂੰ ਅਸਲਾ ਤੇ ਗੋਲਾ-ਬਾਰੂਦ ਸਪਲਾਈ ਕਰਨ ਤੋਂ ਰੋਕਣ ਲਈ ਸਤਲੁਜ ਦਰਿਆ ਦਾ ਬੇੜੀਆਂ ਵਾਲਾ ਪੁਲ ਤੋੜ ਦਿੱਤਾ। ਅਸਲਾ-ਬਾਰੂਦ ਮੁੱਕਣ 'ਤੇ ਸਿੱਖ ਫ਼ੌਜਾਂ ਦਾ ਅੰਗਰੇਜ਼ਾਂ ਨੇ ਵੱਡਾ ਨੁਕਸਾਨ ਕੀਤਾ। ਲਾਲ ਸਿੰਘ ਤੇ ਤੇਜਾ ਸਿੰਘ ਨੇ ਕੌਮ ਨਾਲ ਹੋਰ ਗੱਦਾਰੀ ਕਰਦਿਆਂ ਅਸਲੇ ਦੀਆਂ ਜਿਹੜੀਆਂ ਪੇਟੀਆਂ ਲੜਾਈ ਦੇ ਮੈਦਾਨ ਵਿਚ ਭੇਜੀਆਂ ਗਈਆਂ ਸਨ, ਉਨ੍ਹਾਂ 'ਚ ਗੋਲੀ-ਸਿੱਕੇ ਦੀ ਬਜਾਏ ਰੇਤ ਤੇ ਸਰ੍ਹੋਂ ਨਿਕਲੀ। ਉੱਥੇ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਹੈ, 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ। ਉਸ ਦਾ ਇਸ਼ਾਰਾ ਮਹਾਰਾਜਾ ਰਣਜੀਤ ਸਿੰਘ ਵੱਲ ਹੈ, ਜਿਸ ਦੇ ਜਿਊਂਦਿਆਂ ਫਿਰੰਗੀ ਪੰਜਾਬ ਦੀ ਧਰਤੀ 'ਤੇ ਪੈਰ ਧਰਨ ਤੋਂ ਵੀ ਕੰਬਦੇ ਸਨ। ਅਖ਼ੀਰ ਫਿਰੰਗੀ ਫ਼ੌਜਾਂ ਦੀਆਂ ਗੋਲੀਆਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਸਰੀਰ ਛਾਨਣੀ ਕਰ ਦਿੱਤਾ ਅਤੇ ਮੈਦਾਨ-ਏ-ਜੰਗ ਵਿਚ ਉਹ ਸ਼ਹਾਦਤ ਦਾ ਜਾਮ ਪੀ ਗਏ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਦੇ ਸਨਮਾਨ ਵਜੋਂ ਪਿੰਡ ਅਟਾਰੀ ਵਿਖੇ ਉਨ੍ਹਾਂ ਦੇ ਵਾਰਿਸਾਂ ਵੱਲੋਂ ਇਕ ਸ਼ਾਨਦਾਰ ਸਮਾਰਕ ਉਸਾਰਿਆ ਗਿਆ ਹੈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਟਰੱਸਟ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 10 ਫਰਵਰੀ ਨੂੰ ਸਮਾਧਾਂ ਅਟਾਰੀ ਵਿਖੇ 172ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। •

# ਪਰਾਲੀ ਦੀਆਂ ਗੱਠਾਂ ਨੂੰ ਲੱਗੀ ਭਿਆਨਕ ਅੱਗ,ਅੱਗ ਬੁਝਾਉਣ ਲਈ 20 ਦੇ ਕਰੀਬ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀ ਲੱਗੀਆਂ



**ਸਮਰਾਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਰਾਲਾ ਨੇੜਲੇ ਪਿੰਡ ਮਾਣਕੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਦੇ ਨਾਲ ਬਣੇ ਪਰਾਲੀ ਦੇ ਡੰਪ ਨੂੰ ਸੋਮਵਾਰ ਸਵੇਰੇ ਅਚਾਨਕ ਅੱਗ ਲੱਗ ਗਈ। ਅੱਗ ਸਵੇਰੇ 6 ਵਜੇ ਲੱਗੀ, ਜਿਸ ਦੀ ਸੂਚਨਾ ਤੁਰੰਤ ਫਾਇਰ ਬ੍ਰਿਗੇਡ ਸਮਰਾਲਾ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਸਮਰਾਲਾ ਅਤੇ ਖੰਨਾ ਤੋਂ ਪਹੁੰਚਿਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਜਾਣਕਾਰੀ ਦਿੰਦਿਆਂ ਫਾਇਰ ਅਫ਼ਸਰ ਹਰਦੀਪ ਸਿੰਘ ਨੇ ਦੱਸਿਆ ਕਿ ਇਸ ਭਿਆਨਕ ਅੱਗ 'ਤੇ ਕਾਬੂ ਪਾਉਣ ਲਈ 20 ਦੇ ਕਰੀਬ ਪਾਣੀ ਦੀਆਂ ਗੱਡੀਆਂ ਦੀ ਵਰਤੋਂ ਕੀਤੀ ਗਈ ਅਤੇ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਜਾ ਸਕਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਆਟੋ ਸੇਲਜ਼ ਅਤੇ ਪਿੰਡੀ ਐਗਰੀਕਲਚਰ ਫਰਮ ਦੀਆਂ ਤੂੜੀ ਦੀਆਂ ਗੱਠਾਂ ਨੂੰ ਅੱਗ ਲੱਗ ਗਈ। ਕਿਸਾਨ ਆਟੋ ਸੇਲਜ਼ ਦੇ ਮਾਲਕ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 6 ਵਜੇ ਪਿੰਡ ਦੇ ਇੱਕ ਵਿਅਕਤੀ ਦਾ ਫ਼ੋਨ ਆਇਆ ਕਿ ਉਨ੍ਹਾਂ ਦੀ ਤੂੜੀ ਦੀਆਂ ਗੱਠਾਂ ਨੂੰ ਅੱਗ ਲੱਗ ਗਈ ਹੈ, ਜਿਸ ਤੋਂ ਬਾਅਦ ਉਹ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਉਣ ਦੇ ਯਤਨ ਸ਼ੁਰੂ ਕਰ ਦਿੱਤੇ। ਫਾਇਰ ਬ੍ਰਿਗੇਡ ਕਰਮਚਾਰੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਸਵੇਰੇ 6 ਵਜੇ ਸਾਨੂੰ ਫੋਨ ਆਇਆ ਕਿ ਪਿੰਡ ਮਾਣਕੀ 'ਚ ਤੂੜੀ ਦੀਆਂ ਗੱਠਾਂ ਨੂੰ ਅੱਗ ਲੱਗੀ ਹੈ। ਅਸੀਂ ਤੁਰੰਤ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਉਣਾ ਸ਼ੁਰੂ ਕੀਤਾ ਉਨ੍ਹਾਂ ਕਿਹਾ ਕਿ ਪਤਾ ਲੱਗਾ ਕਿ ਇਹ ਪਰਾਲੀ ਦਾ ਡੰਪ ਸਕੂਲ ਦੀ ਗਰਾਊਂਡ ਦੇ ਬਿਲਕੁਲ ਨਾਲ ਹੀ ਬਣਾਇਆ ਗਿਆ ਸੀ ਜੋ ਕਿ ਸਰਾਸਰ ਗਲਤ ਹੈ ਅਤੇ ਅੱਜ ਸਕੂਲ ਵੀ ਲੱਗਾ ਹੋਇਆ ਹੈ।

ਪਰਾਲੀ ਨੂੰ ਅੱਗ ਦੇ ਧੂੰਏਂ ਨਾਲ ਸਕੂਲ ਆਉਣ ਵਾਲੇ ਬੱਚਿਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ। ਪਰਾਲੀ ਦੇ ਡੰਪ ਦੇ ਮਾਲਕ ਕੋਲ ਪਰਾਲੀ ਦੀ ਅੱਗ ਬੁਝਾਉਣ ਲਈ ਪਾਣੀ ਦਾ ਢੁੱਕਵਾਂ ਪ੍ਰਬੰਧ ਵੀ ਨਹੀਂ ਸੀ, ਜੋ ਕਿ ਗੈਰ-ਜ਼ਿੰਮੇਵਾਰਾਨਾ ਹੈ। ਪ੍ਰਸ਼ਾਸਨ ਨੂੰ ਇਸ 'ਤੇ ਗੌਰ ਕਰਨਾ ਚਾਹੀਦਾ ਹੈ। ਫਾਇਰ ਅਫਸਰ ਹਰਦੀਪ ਸਿੰਘ ਨੇ ਦੱਸਿਆ ਕਿ ਸਕੂਲ ਦੇ ਨਾਲ ਲੱਗਦੇ ਪਰਾਲੀ ਦੇ ਡੰਪ ਨੂੰ ਉਥੋਂ ਹਟਾਇਆ ਜਾਵੇਗਾ।

# ਪਿੰਡ ਵਲਟੋਹਾ ਦੇ ਨੌਜਵਾਨ ਦੀ ਇਟਲੀ ਦੇ ਸ਼ਹਿਰ ਬਰੇਸ਼ੀਆ ਵਿਖੇ ਹੋਈ ਮੌਤ

**ਭਿੱਖੀਵਿੰਡ ਦਿਆਲਪੁਰਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਤਰਨਤਾਰਨ ਦੇ ਪਿੰਡ ਵਲਟੋਹਾ ਦੇ ਨੌਜਵਾਨ ਦੀ ਇਟਲੀ ਦੇ ਸ਼ਹਿਰ ਬਰੇਸ਼ੀਆ ਵਿਖੇ ਹੋਈ ਮੌਤ, ਨੌਜਵਾਨ ਦੀ ਪਹਿਚਾਣ ਅਜੈਪਾਲ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਵਲਟੋਹਾ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਜੋਂ ਹੋਈ।

ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ ਦੇ ਪਿਤਾ ਨੇ ਦੱਸਿਆ ਉਨ੍ਹਾਂ ਦਾ ਬੇਟਾ ਅਜੈਪਾਲ ਸਿੰਘ ਜੋ ਕਿ ਆਪਣੇ ਪਰਿਵਾਰ ਲਈ ਰੋਜ਼ੀ ਰੋਟੀ ਕਮਾਉਣ ਲਈ ਤਕਰੀਬਨ 2 ਸਾਲ ਪਹਿਲਾਂ ਇਟਲੀ ਵਿੱਚ ਕੰਮ ਕਰਨ ਲਈ ਗਏ ਸਨ, ਜ਼ੋ ਕਿ ਇੱਕ ਹਫ਼ਤੇ ਤੋਂ ਠੀਕ ਨਾ ਹੋਣ ਕਾਰਨ ਹਸਪਤਾਲ ਵਿੱਚ ਦਾਖ਼ਲ ਸੀ ਜਿਸ ਦੀ ਬੀਤੇ ਕੱਲ੍ਹ 12 ਫ਼ਰਵਰੀ ਸ਼ਾਮ ਨੂੰ ਉਹਨਾਂ ਦੀ ਮੌਤ ਹੋ ਗਈ ਹੈ, ਮੌਤ ਦੀ ਖ਼ਬਰ ਸੁਣ ਪਰਿਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ। ਜੋ ਕਿ ਪਰਿਵਾਰ ਲਈ ਇੱਕ ਅਸਹਿ ਦੁੱਖ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਬੱਚੇ ਨੂੰ ਪਹਿਲਾਂ ਹੀ 12 ਤੋਂ 14 ਲੱਖ ਰੁਪਏ ਲਗਾ ਕੇ ਇਟਲੀ ਭੇਜਿਆ ਸੀ। ਹੁਣ ਉਸਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਵੀ 10 ਤੋਂ 12 ਲੱਖ ਰੁਪਏ ਖ਼ਰਚਾ ਆਉਣਾ ਹੈ ਜ਼ੋ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਉਨ੍ਹਾਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੇ ਵਿਦੇਸ਼ ਵਿਚ ਬੈਠੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰ ਦੀ ਮੱਦਦ ਕਰਨ ਤਾਂ ਜੋ ਉਹਨਾਂ ਦੇ ਬੱਚੇ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਂਦਾ ਜਾਵੇ।

# ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਯਤਨਾਂ ਸਦਕਾ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਸੰਬੰਧੀ ਵੈਨ ਰਾਹੀਂ ਕੀਤਾ ਪ੍ਰਚਾਰ



**ਸ੍ਰੀ ਕੀਰਤਪੁਰ ਸਾਹਿਬ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਜੀ ਵਲੋ ਸਥਾਨਕ ਵਿਰਾਸਤ ਏ ਖਾਲਸਾ ਦੇ ਆਡੀਟੋਰੀਅਮ ਵਿੱਚ ਸਾਲ 2024-25 ਲਈ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਦੀ ਸੁਰੂਆਤ ਕੀਤੀ। ਉਨ੍ਹਾਂ ਨੇ ਸਰਕਾਰੀ ਸਕੂਲਾਂ ਵਿਚ ਆਈ ਸਿੱਖਿਆ ਕ੍ਰਾਂਤੀ ਬਾਰੇ ਵੱਧ ਤੋ ਵੱਧ ਲੋਕਾਂ ਨੂੰ ਜਾਗਰੂਕਨ ਕਰਨ ਲਈ ਤਿਆਰ ਵੈਨ ਨੂੰ ਝੰਡੀ ਦੇ ਕੇ ਰਵਾਨਾ ਕੀਤਾ।

ਸ.ਬੈਂਸ ਨੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਲਈ ਜਾਣਕਾਰੀ ਉਪਲੱਬਧ ਕਰਵਾਉਣ ਵਾਸਤੇ ਟੋਲ ਫਰੀ ਨੰ: 1800-180-2139 ਜਾਰੀ ਕੀਤਾ ਅਤੇ ਦਾਖਲੇ ਸੰਬੰਧੀ ਵੈਬਸਾਈਟ www.epunjabschool.gov.in ਵੀ ਲਾਂਚ ਕੀਤੀ।

ਇਸੇ ਤਹਿਤ ਅੱਜ ਦਾਖਲਾ ਵੈਨ ਰਾਹੀਂ ਚਾਰ ਬਲਾਕਾਂ ਸ੍ਰੀ ਕੀਰਤਪੁਰ ਸਾਹਿਬ, ਤਖਤਗੜ੍ਹ, ਝੱਜ,ਨੰਗਲ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਰਕਾਰੀ ਸਕੂਲਾਂ ਵਿਚ ਮਿਲਦੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸਰਕਾਰੀ ਸਕੂਲਾਂ ਵਿਚ ਦਾਖਲੇ ਸਬੰਧੀ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਰਬਜੀਤ ਸਿੰਘ ਅਤੇ ਸੁਨੀਲ ਕੁਮਾਰ ਨੇ ਦਸਿਆ ਕਿ ਅੱਜ ਵੈਨ ਰਾਹੀਂ ਪ੍ਰਚਾਰ ਦੀ ਸ਼ੁਰੂਆਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਪ੍ਰਾਇਮਰੀ ਸਕੂਲ ਸਰਸਾ ਨੰਗਲ ਤੋਂ ਕੀਤੀ ਗਈ। ਇਸਤੋਂ ਬਾਅਦ ਵੈਨ ਰਾਹੀਂ ਵੱਖ ਵੱਖ ਬਲਾਕਾਂ ਤੋਂ ਹੁੰਦੇ ਹੋਏ ਸ੍ਰੀ ਕੀਰਤਪੁਰ ਸਾਹਿਬ ਵਿਖੇ ਸਮਾਪਤੀ ਕੀਤੀ ਗਈ। ਆਮ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਚਲ ਵਿਕਾਸ ਦੇ ਕੰਮਾਂ, ਬਣਾਏ ਜਾ ਰਹੇ ਕਲਾਸਰੂਮ, ਪਖਾਨੇ, ਵਾਈ-ਫਾਈ, ਲੈਬ ਵਰਗੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਪਿਛਲੇ 22 ਮਹੀਨੇ ਵਿਚ ਸਰਕਾਰ ਦੀ ਬੇਮਿਸਾਲ ਮਿਹਨਤ ਸਦਕਾ ਸਰਕਾਰੀ ਸਕੂਲਾਂ ਵਿਚ ਦਾਖਲਿਆ ਦਾ ਗ੍ਰਾਫ ਤੇਜੀ ਨਾਲ ਉਪਰ ਜਾ ਰਿਹਾ ਹੈ, ਕਾਨਵੈਂਟ ਅਤੇ ਮਾਡਲ ਸਕੂਲਾਂ ਦੇ ਵਿਦਿਆਰਥੀ ਸਰਕਾਰੀ ਸਕੂਲਾਂ ਨੂੰ ਪ੍ਰਮੁੱਖਤਾ ਦੇ ਰਹੇ ਹਨ। ਅੱਜ ਸੰਸਾਰ ਭਰ ਵਿਚ ਚੱਲ ਰਹੇ ਮੁਕਾਬਲੇਬਾਜੀ ਦੇ ਦੌਰ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਮੇਂ ਦੇ ਹਾਣੀ ਬਣ ਰਹੇ ਹਨ। ਕਾਨਵੈਂਟ ਅਤੇ ਮਾਡਲ ਸਕੂਲਾਂ ਦੇ ਵਿਦਿਆਰਥੀ ਹੁਣ ਸਰਕਾਰੀ ਸਕੂਲਾਂ ਵਿੱਚ ਦਾਖਲਿਆ ਨੂੰ ਪ੍ਰਮੁੱਖਤਾ ਦੇ ਰਹੇ ਹਨ। ਇਹ ਪੰਜਾਬ ਦੇ ਸਿੱਖਿਆ ਢਾਚੇ ਦੀ ਬਦਲ ਰਹੀ ਤਸਵੀਰ ਦੀ ਸੁਰੂਆਤ ਹੈ, ਅਗਲੇ ਦੋ ਤਿੰਨ ਸਾਲਾ ਵਿੱਚ ਪੰਜਾਬ ਨੂੰ ਦੇਸ਼ ਦਾ ਨੰਬਰ-1 ਸੂਬਾ ਬਣਾਉਣ ਦਾ ਸੁਪਨਾ ਸਾਕਾਰ ਹੋਣ ਜਾ ਰਿਹਾ ਹੈ, ਜਿਸ ਵਿੱਚ ਸਿੱਖਿਆ ਦਾ ਪੱਧਰ ਉੱਪਰਲਿਆ ਸ਼ਿਖਰਾ ਛੂਹੇਗਾ।

ਇਸ ਮੌਕੇ ਬੀ ਪੀਂ ਈ ਓ ਇੰਦਰਪਾਲ ਸਿੰਘ ਰਣਜੀਤ ਸਿੰਘ ਸੀ ਐਚ ਟੀ, ਅਮਰਜੀਤ ਸਿੰਘ ਧਾਰਨੀ ਸੀ ਐਚ ਟੀ, ਸਰਬਜੀਤ ਸਿੰਘ, ਸੁਨੀਲ ਕੁਮਾਰ, ਸਿਮਰਨਜੀਤ ਸਿੰਘ, ਕੁਲਵੰਤ ਸਿੰਘ ਅਤੇ ਵੱਖ ਵੱਖ ਸਕੂਲਾਂ ਦੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਅੱਖਾ ਦੇ ਹੋ ਰਹੇ ਅਪ੍ਰੇਸ਼ਨਾ ਦੀ ਲਈ ਜਾਣਕਾਰੀ ਦਿਤੀ -ਸੰਨੀ ਸਿੰਗਲਾ ,ਅਮਰੀਕ ਗਿੱਲ



**ਨਾਭਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ ਕਲੱਬ ਨਾਭਾ ਵੱਲੋਂ ਪਿਛਲੇ ਦਿਨੀ ਲੱਗੇ ਆਈ ਕੈਂਪ ਦੁਰਾਨ ਜਿੰਨਾਂ ਮਰੀਜ਼ਾਂ ਦੇ ਅੱਖਾਂ ਦਾ ਅਪ੍ਰੈਸਨ ਡਾਂ ਲੌਂਗੀਆ ਸਾਹਿਬ ਵੱਲੋ ਲਿਖੇ ਸੀ ਉਹ ਲਗਾਤਾਰ ਹਰ ਰੋਜ਼ ਲੱਗਭਗ 20 ਮਰੀਜ਼ਾਂ ਦੇ ਲੈਨਿਜ ਪਾਏ ਜਾ ਰਹੇ ਹਨ ਉਹਨਾਂ ਮਰੀਜਾ ਦਾ ਹਾਲ ਚਾਲ ਪੁੱਛਣ ਲਈ ਲਾਇਨ ਕਲੱਬ ਦੇ ਸੈਕਟਰੀ ਸੰਨੀ ਸਿੰਗਲਾ,ਲਾਇਨ ਅਮਰੀਕ ਸਿੰਘ ਗਿੱਲ ਦੀਪਕ ਸੂਦ ਅਤੇ ਚਰਨਜੀਤ ਸਿੰਘ ਜਰਨਲ ਚੈਰੀਟੇਬਲ ਹਸਪਤਾਲ ਰੋਟੀ ਪੁਲ ਨਾਭਾ ਵਿਖੇ ਵਿਸ਼ੇਸ਼ ਤੋਰ ਤੇ ਪਹੁਚੇ। ਡਾਂ ਹਰਿੰਦਰ ਲੌਂਗੀਆ ਅਪਰੇਸਨ ਕੀਤੇ ਜਾ ਰਹੇ ਹਨ ਅਪਰੇਸਨ ਕੀਤੇ ਮਰੀਜਾ ਨਾਲ ਗੱਲਬਾਤ ਕਰਨ ਤੋ ਬੁਆਦ ਤਸੱਲੀ ਪ੍ਰਗਟ ਕਰਦਿਆਂ ਸਨੀ ਸਿੰਗਲਾ ਅਤੇ ਅਮਰੀਕ ਸਿੰਘ ਗਿੱਲ ਵੱਲੋਂ ਫੋਨ ਤੇ ਗੱਲ ਕਰਦਿਆਂ ਕਲੱਬ ਦੇ ਪ੍ਰਧਾਨ ਸੁਭਾਸ਼ ਸਾਇਗਲ ਲਾਇਨ ਸੁਰਿੰਦਰ ਬੀਰ ਸਿੰਘ ਸੇਠੀ,ਪਰਮਜੀਤ ਆਸਤਾ,ਸੁਰਿੰਦਰ ਪ੍ਰਕਾਸ਼, ਰਾਜੀਵ ਬਾਂਸਲ,ਪਵਨ ਸਿੰਗਲਾਂ,ਅਵਤਾਰ ਸਿੰਘ ਬੁੱਟਰ,ਸੁਰਿੰਦਰ ਸਿੰਗਲਾਂ,ਅਨਮੋਲ ਸਿੰਘ,ਵੀ ਕੇ ਜੈਨ, ਰਾਜ ਕੁਮਾਰ,ਚਰਨ ਸਿੰਘ, ਗਿਰਧਾਰੀ ਬਾਂਸਲ,ਕੇ ਐਸ ਬੱਬਰ, ਰੀਤ ਇਕਬਾਲ ਸਿੰਘ ਮਝੈਲ, ਡਾਂ ਮੁਲਖ ਰਾ ,ਅਤੇ ਭੂਸ਼ਣ ਗਰਗ ਨਾਲ ਕਲੱਬ ਦੇ ਹੋ ਰਹੇ ਕੰਮਾਂ ਦੀ ਖੁਸ਼ੀ ਜਾਹਰ ਕੀਤੀ।ਪ੍ਰਧਾਨ ਸੁਭਾਸ਼ ਸਾਇਗਲ ਅਤੇ ਰਜੇਸ ਬਾਸ਼ਲ ਬੱਬੂ ਨੇ ਕਿਹਾ ਹੈ ਕਿ ਭਵਿੱਖ ਵਿੱਚ ਆਮ ਜਨਤਾ ਦੀ ਭਲਾਈ ਦੇ ਕੰਮ ਕਰਨ ਲਈ ਕਲੱਬ ਕਈ ਪ੍ਰਜੈਕਟ ਤੇ ਕੰਮ ਕਰ ਰਿਹਾ ਹੈ

# ਅੰਮ੍ਰਿਤਪਾਲ ਸਿੰਘ ਨੇ ਹਲਕਾ ਕੇਂਦਰੀ ਵਿੱਚ ਨਵੀਂ ਸਟਰੀਟ ਲਾਈਟ ਲਈ ਵਿਧਾਇਕ ਰਮਨ ਅਰੋੜਾ ਨੂੰ 10 ਲੱਖ ਰੁਪਏ ਦਾ ਚੈੱਕ ਦਿੱਤਾ



**ਜਲੰਧਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਦੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅੰਮ੍ਰਿਤਪਾਲ ਸਿੰਘ ਨੇ ਸੋਮਵਾਰ ਨੂੰ ਸਰਕਟ ਹਾਊਸ ਵਿਖੇ ਵਿਧਾਇਕ ਰਮਨ ਅਰੋੜਾ ਨੂੰ ਕੇਂਦਰੀ ਖੇਤਰ ਵਿੱਚ ਨਵੀਆਂ ਸਟਰੀਟ ਲਾਈਟਾਂ ਲਗਾਉਣ ਲਈ 10 ਲੱਖ ਰੁਪਏ ਦਾ ਚੈੱਕ ਦਿੱਤਾ। ਇਸ ਦੌਰਾਨ ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਇਹ ਕੰਮ ਪਿਛਲੀਆਂ ਸਰਕਾਰਾਂ ਨੇ ਛੱਡ ਦਿੱਤਾ ਹੈ। ਪੰਜਾਬ ਸਰਕਾਰ ਇਸ ਨੂੰ ਪੂਰਾ ਕਰੇਗੀ। ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਸੈਂਟਰਲ ਇਲਾਕੇ ਦੀ ਕੋਈ ਵੀ ਗਲੀ ਜਾਂ ਸੜਕ ਸਟਰੀਟ ਲਾਈਟਾਂ ਤੋਂ ਬਿਨਾਂ ਨਹੀਂ ਰਹਿਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਕੇਂਦਰੀ ਸਰਕਲ ਦੇ ਸਾਰੇ ਵਾਰਡਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ।

ਜੋ ਕੰਮ ਪਿਛਲੇ ਕਈ ਸਾਲਾਂ ਤੋਂ ਨਹੀਂ ਕੀਤਾ ਜਾ ਰਿਹਾ ਹੈ। ਹੌਲੀ-ਹੌਲੀ ਸਾਰੇ ਵਿਕਾਸ ਕਾਰਜ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਚੋਣਾਂ ਸਮੇਂ ਜਨਤਾ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਨੇ ਕਿਹਾ ਕਿ ਸੂਬਾ ਸਰਕਾਰ ਖੇਤਰੀ ਵਿਕਾਸ ਲਈ ਉਪਰਾਲੇ ਕਰ ਰਹੀ ਹੈ।

# ਪ੍ਰਭ ਧਾਲੀਵਾਲ ਸਪੋਰਟਸ ਕਲੱਬ ਵੱਲੋਂ ਇੰਟਰਨੈਸ਼ਨਲ ਕਵੀਸ਼ਰ ਜੱਥਾ ਭਾਈ ਦਲਬੀਰ ਸਿੰਘ ਜੌੜ ਸਿੰਘ ਵਾਲਾ 'ਤੇ ਸਾਥੀਆਂ ਦਾ ਸਨਮਾਨ



ਪਿੰਡ ਧਾਰੀਵਾਲ ਵਿਖੇ ਵਿਖੇ ਇੰਟਰਨੈਸ਼ਨਲ ਕਵੀਸ਼ਰ ਜੱਥਾ ਭਾਈ ਦਲਬੀਰ ਸਿੰਘ ਜੌੜ ਸਿੰਘ ਵਾਲਾ 'ਤੇ ਸਾਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਭਜੋਤ ਸਿੰਘ ਪ੍ਰਭ ਧਾਲੀਵਾਲ ਹੋਰ ਸਖਸ਼ੀਅਤਾਂ

**ਭਿੱਖੀਵਿੰਡ ਦਿਆਲਪੁਰਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਝੇ ਦੇ ਇਤਿਹਾਸਕ 'ਤੇ ਖਿਡਾਰੀਆਂ ਦੀ ਨਰਸਰੀ ਵੱਜੋਂ ਜਾਣੇ ਜਾਂਦੇ ਪਿੰਡ ਧਾਰੀਵਾਲ ਵਿਖੇ ਗੋਲਡ ਮੈਡਲਿਸਟ ਇੰਟਰਨੈਸ਼ਨਲ ਕਵੀਸ਼ਰ ਜੱਥਾ ਭਾਈ ਦਲਬੀਰ ਸਿੰਘ ਜੌੜ ਸਿੰਘ ਵਾਲਾ, ਭਾਈ ਮਨਜੀਤ ਸਿੰਘ ਸੋਹੀ, ਭਾਈ ਅੰਗਰੇਜ਼ ਸਿੰਘ ਦੁੱਬਲੀ ਸਰਪੰਚ ਦਰਸ਼ਨ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਪਹੁੰਚਣ 'ਤੇ ਧਾਲੀਵਾਲ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ ਪ੍ਰਭਜੋਤ ਸਿੰਘ ਪ੍ਰਭ ਧਾਲੀਵਾਲ ਵੱਲੋਂ ਪਿੱਛਲੇ ਲੰਮੇ ਸਮੇਂ ਤੋਂ ਕਵੀਸ਼ਰੀ ਕਲਾਂ ਰਾਹੀਂ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕਰਕੇ ਪੰਥਕ ਸਫਾਂ ਵਿੱਚ ਚੜ੍ਹਦੀਆਂ ਕਲਾਂ ਨਾਲ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਮੱਦੇਨਜ਼ਰ ਰੱਖਦਿਆਂ ਸਨਮਾਨਿਤ ਕੀਤਾ ਗਿਆ ਇਸ ਮੌਕੇ ਭਾਈ ਦਲਬੀਰ ਸਿੰਘ ਜੌੜ ਸਿੰਘ ਵਾਲਾ 'ਤੇ ਸਾਥੀਆਂ ਨੇ ਸਰਪੰਚ ਦਰਸ਼ਨ ਸਿੰਘ ਧਾਲੀਵਾਲ ਹੋਣਾ ਦੀ ਸਿਹਤਯਾਬੀ ਲਈ ਅਕਾਲ ਪੁਰਖ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ 'ਤੇ ਧਾਲੀਵਾਲ ਸਪੋਰਟਸ ਕਲੱਬ ਦੇ ਸਮੂਹ ਸੇਵਾਦਾਰਾਂ ਅਤੇ ਪ੍ਰਭਜੋਤ ਸਿੰਘ ਪ੍ਰਭ ਧਾਲੀਵਾਲ ਦਾ ਧੰਨਵਾਦ ਕੀਤਾ ਉਨ੍ਹਾਂ ਨੇ ਦੱਸਿਆ ਕਿ ਜਿੱਥੇ ਪੰਜਾਬ ਦੀਆਂ ਸੰਗਤਾਂ ਸਾਡੇ ਕਵੀਸ਼ਰੀ ਜੱਥੇ ਨੂੰ ਬਹੁਤ ਮਾਣ ਸਤਿਕਾਰ ਦਿੰਦੀਆਂ ਹਨ ਉੱਥੇ ਹੀ ਕੈਨੇਡਾ, ਅਮਰੀਕਾ, ਇੰਗਲੈਂਡ, ਅਸਟ੍ਰੇਲੀਆ 'ਤੇ ਸਮੁੱਚੇ ਯੂਰਪ ਦੀਆਂ ਵੱਖ ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ 'ਤੇ ਸਿੱਖ ਸੰਗਤਾਂ ਮਣਾਂ ਮੂੰਹੀਂ ਪਿਆਰ 'ਤੇ ਸਤਿਕਾਰ ਸਾਡੇ ਕਵੀਸ਼ਰੀ ਜੱਥੇ ਨੂੰ ਬਖਸ਼ਦੀਆਂ ਹਨ ਇਸ ਮੌਕੇ ਸਰਪੰਚ ਦਰਸ਼ਨ ਸਿੰਘ ਧਾਲੀਵਾਲ, ਸਿਕੰਦਰ ਸਿੰਘ ਧਾਲੀਵਾਲ, ਮਹਿਲ ਸਿੰਘ ਧਾਲੀਵਾਲ, ਹਰਦੇਵ ਸਿੰਘ ਫੌਜੀ, ਗੁਰਪਿਆਰ ਸਿੰਘ, ਲਵਜੀਤ ਸਿੰਘ, ਕਬੱਡੀ ਕਮੈਂਟਰ ਰਾਣਾ ਸਿੰਘਪੁਰੀਆ, ਮਿਲਖਾ ਸਿੰਘ ਸੰਧੂ, ਮਨਪ੍ਰੀਤ ਸਿੰਘ ਠੇਕੇਦਾਰ ਅਮਰੀਕ ਸਿੰਘ, ਸਾਹਿਬ ਸਿੰਘ,ਸੁਰਜੀਤ ਸਿੰਘ,ਜਸਬੀਰ ਸਿੰਘ ਆਦਿ ਹਾਜ਼ਰ ਸਨ।

# ਭਾਰਤ ਬੰਦ: ਕਿਸਾਨਾਂ ਤੇ ਮੁਲਾਜ਼ਮਾਂ ਵੱਲੋਂ ਮਾਰਚ



**ਅੰਮ੍ਰਿਤਸਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਬੰਦ ਦੇ ਸੱਦੇ ਨੂੰ ਸਫਲ ਕਰਨ ਲਈ ਅੱਜ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਦੇ ਕਾਰਕੁਨਾਂ ਵਲੋਂ ਸ਼ਹਿਰ ਵਿਚ ਮਾਰਚ ਕੱਢਿਆ ਗਿਆ। ਇਸ ਤੋਂ ਪਹਿਲਾਂ ਜਥੇਬੰਦੀਆਂ ਵਲੋਂ ਭੰਡਾਰੀ ਪੁਲ 'ਤੇ ਇਕੱਠ ਕੀਤਾ ਗਿਆ ਜਿਸ ਵਿਚ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਲਖਬੀਰ ਸਿੰਘ ਨਿਜ਼ਾਮਪੁਰਾ, ਕੁਲਵੰਤ ਸਿੰਘ ਬਾਵਾ, ਸੁਰਿੰਦਰ ਕੁਮਾਰ ਸ਼ਰਮਾ, ਜਗਤਾਰ ਸਿੰਘ ਕਰਮਪੁਰਾ, ਨਰਿੰਦਰ ਬੱਲ, ਧਨਵੰਤ ਸਿੰਘ ਖਤਰਾਏ ਕਲਾਂ, ਸੁੱਚਾ ਸਿੰਘ ਅਜਨਾਲਾ, ਹਰਜੀਤ ਸਿੰਘ, ਗੁਰਦੇਵ ਸਿੰਘ ਬੱਲ ਨੇ ਸੰਬੋਧਨ ਕੀਤਾ। ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਮਾਰਚ ਅੰਮ੍ਰਿਤਸਰ ਸ਼ਹਿਰ ਦੇ ਹਾਲ ਗੇਟ, ਵਿਰਾਸਤੀ ਮਾਰਗ, ਸ਼ੇਰਾਂ ਵਾਲਾ ਦਰਵਾਜ਼ਾ, ਬੱਸ ਸਟੈਂਡ, ਘਾਹ ਮੰਡੀ, ਰੇਲਵੇ ਸਟੇਸ਼ਨ, ਮਾਡਲ ਟਾਊਨ ਆਦਿ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਪੁਤਲੀਘਰ ਚੌਂਕ ਵਿੱਚ ਸਮਾਪਤ ਹੋਇਆ। ਪ੍ਰਦਰਸ਼ਨਕਾਰੀ ਮੋਟਰਸਾਈਕਲਾਂ ਤੇ ਸਕੂਟਰਾਂ ਆਦਿ 'ਤੇ ਸਵਾਰ ਸਨ। ਇਸ ਮੌਕੇ ਆਗੂਆਂ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਮੋਦੀ ਸਰਕਾਰ ਦੇ ਕਾਰਪੋਰੇਟ ਪੱਖੀ ਏਜੰਡੇ ਖਿਲਾਫ 16 ਫਰਵਰੀ ਨੂੰ ਦੁਕਾਨਾਂ ਸਵੈਇੱਛਕ ਤੌਰ 'ਤੇ ਬੰਦ ਕਰਕੇ ਬੰਦ ਨੂੰ ਸਫਲ ਬਣਾਉਣ। ਉਨ੍ਹਾਂ ਦੋਸ਼ ਲਾਇਆ ਕਿ ਵੱਡੀਆਂ ਕੰਪਨੀਆਂ ਨੂੰ ਆਨਲਾਈਨ ਕਾਰੋਬਾਰ ਦੀ ਖੁੱਲ੍ਹ ਦੇ ਕੇ ਆਮ ਦੁਕਾਨਦਾਰਾਂ ਦੇ ਕਾਰੋਬਾਰ ਨੂੰ ਵੱਡੀ ਸੱਟ ਮਾਰ ਰਹੀ ਹੈ, ਕਿਸਾਨੀ ਧੰਦੇ ਨੂੰ ਘਾਟੇਵੰਦ ਬਣਾ ਕੇ ਤੇ ਕਿਸਾਨੀ ਨੂੰ ਕਰਜ਼ਾਈ ਕਰਕੇ ਕਿਸਾਨ ਦੀ ਖਰੀਦ ਸ਼ਕਤੀ ਬੇਹੱਦ ਕਮਜ਼ੋਰ ਕਰ ਦਿੱਤੀ ਗਈ ਹੈ ਜਿਸ ਕਾਰਨ ਬਾਜ਼ਾਰ ਵਿੱਚ ਮੰਦੀ ਚੱਲ ਰਹੀ ਹੈ ਤੇ ਦੁਕਾਨਦਾਰ ਪ੍ਰੇਸ਼ਾਨ ਹਨ।ਜਲੰਧਰ (ਹਤਿੰਦਰ ਮਹਿਤਾ): ਕਿਸਾਨਾਂ ਦੇ ਦਿੱਲੀ ਕੂਚ ਦਾ ਅਸਰ ਸ਼ਹਿਰ 'ਤੇ ਪਹਿਲਾਂ ਹੀ ਦਿਖਾਈ ਦੇ ਰਿਹਾ ਹੈ। ਹਰਿਆਣਾ 'ਚ ਰੋਡ ਬੰਦ ਹੋਣ ਕਾਰਨ ਬੱਸਾਂ 'ਚ ਸਵਾਰੀਆਂ ਦੀ ਗਿਣਤੀ ਅੱਧੀ ਰਹਿ ਗਈ ਹੈ। ਇਸ ਕਾਰਨ ਰੋਡਵੇਜ਼ ਨੇ ਜਲੰਧਰ-ਦਿੱਲੀ ਹਵਾਈ 'ਤੇ ਵੋਲਵੋ ਦੀ ਗਿਣਤੀ ਵੀ ਛੇ ਤੋਂ ਘਟਾ ਕੇ ਦੋ ਕਰ ਦਿੱਤੀ ਹੈ। ਇਸ ਦੇ ਨਾਲ ਹੀ ਯਾਤਰੀਆਂ ਦੀ ਗਿਣਤੀ ਨੂੰ ਧਿਆਨ 'ਚ ਰੱਖਦਿਆਂ ਹੀ ਆਮ ਬੱਸਾਂ ਚਲਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ ਜਿਸ ਕਾਰਨ ਸਵਾਰੀਆਂ ਕਾਫੀ ਪ੍ਰੇਸ਼ਾਨ ਹੋ ਰਹੇ ਹਨ। ਜਲੰਧਰ ਤੋਂ ਦਿੱਲੀ, ਉਤਰਾਖੰਡ, ਯੂਪੀ ਅਤੇ ਹੋਰ ਥਾਵਾਂ 'ਤੇ ਜਾਣ ਲਈ ਉਨ੍ਹਾਂ ਨੂੰ ਜ਼ੀਰਕਪੁਰ, ਪੰਚਕੂਲਾ ਤੋਂ ਸਾਹਿਬਾਬਾਦ ਰਾਹੀਂ ਦਿੱਲੀ ਜਾਣਾ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ 80 ਤੋਂ 100 ਕਿਲੋਮੀਟਰ ਦਾ ਵਾਧੂ ਸਫ਼ਰ ਤੈਅ ਕਰਨਾ ਪੈ ਰਿਹਾ ਹੈ। ਪੰਜਾਬ-ਹਰਿਆਣਾ ਸਰਹੱਦ 'ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਧਰਨੇ ਕਾਰਨ ਜਲੰਧਰ ਤੋਂ ਦਿੱਲੀ ਵੱਲ ਚੱਲਣ ਵਾਲੀ ਬੱਸ ਸੇਵਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਪੰਜਾਬ ਰੋਡਵੇਜ਼ ਜਲੰਧਰ ਦੀ ਮੈਨੇਜਮੈਂਟ ਨੇ ਇੰਦਰਾ ਗਾਂਧੀ ਇੰਟਰਨੈਸ਼ਨਲ ਆਈਜੀਆਈ ਏਅਰਪੋਰਟ, ਨਵੀਂ ਦਿੱਲੀ ਤੱਕ ਚੱਲਣ ਵਾਲੀਆਂ ਬੱਸਾਂ ਨੂੰ ਰੋਕ ਦਿੱਤਾ ਹੈ। ਹੁਣ ਜਲੰਧਰ ਤੋਂ ਏਅਰਪੋਰਟ ਲਈ ਸਿਰਫ ਦੋ ਵੋਲਵੋ ਰੋਡਵੇਜ਼ ਬੱਸਾਂ ਚੱਲ ਰਹੀਆਂ ਹਨ, ਜੋ ਦੁਪਹਿਰ 1 ਵਜੇ ਤੇ ਰਾਤ 8:30 ਵਜੇ ਚੱਲਦੀਆਂ ਹਨ। ਦਿੱਲੀ ਤੋਂ ਕੈਨੇਡਾ ਜਾਣ ਵਾਲੀ ਫਲਾਈਟ ਫੜਨ ਵਾਲੀ ਵੀਰ ਕੌਰ ਨੇ ਕਿਹਾ ਕਿ ਹੁਣ ਉਸ ਨੇ ਮਜਬੂਰੀ 'ਚ ਅੰਮ੍ਰਿਤਸਰ ਤੋਂ ਦਿੱਲੀ ਲਈ ਫਲਾਈਟ ਬੁੱਕ ਕਰਵਾਈ ਹੈ। ਇਸੇ ਤਰ੍ਹਾਂ ਕਈ ਹੋਰ ਯਾਤਰੀ ਹੁਣ ਦਿੱਲੀ ਜਾਣ ਲਈ ਅੰਮ੍ਰਿਤਸਰ ਤੋਂ ਫਲਾਈਟ ਲੈਣ ਨੂੰ ਤਰਜੀਹ ਦੇ ਰਹੇ ਹਨ। ਹਰਿਆਣਾ ਦੇ ਰਸਤੇ ਜਾਣ ਵਾਲੀਆਂ ਜ਼ਿਆਦਾਤਰ ਬੱਸਾਂ ਜਲੰਧਰ ਬੱਸ ਸਟੈਂਡ 'ਤੇ ਖੜ੍ਹੀਆਂ ਰਹੀਆਂ। ਪੰਜਾਬ ਰੋਡਵੇਜ਼ ਜਲੰਧਰ ਦੇ ਜਨਰਲ ਮੈਨੇਜਰ ਮਨਿੰਦਰ ਸਿੰਘ ਦਾ ਕਹਿਣਾ ਹੈ ਕਿ ਯਾਤਰੀਆਂ ਦੀ ਗਿਣਤੀ 'ਚ ਅਚਾਨਕ ਭਾਰੀ ਕਮੀ ਆਈ ਹੈ। ਕਿਸਾਨਾਂ ਦੇ ਦਿੱਲੀ ਕੂਚ ਕਾਰਨ ਜਲੰਧਰ ਦੀਆਂ ਸਨਅਤਾਂ ਨੂੰ ਵੀ ਚਿੰਤਾ ਸਤਾਉਣ ਲੱਗੀ ਹੈ। ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਕਾਰੋਬਾਰ ਨੂੰ ਘਾਟੇ ਦਾ ਡਰ ਸਤਾ ਰਿਹਾ ਹੈ। ਇਸ ਤੋਂ ਇਲਾਵਾ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਵੀ ਪਹਿਲਾਂ ਨਾਲੋਂ ਖਾਸੀਆਂ ਮਹਿੰਗੀਆਂ ਹੋ ਗਈਆਂ ਹਨ ਜਿਸ ਕਾਰਨ ਯਾਤਰੀਆਂ ਨੂੰ ?ਨੁਕਸਾਨ ਝੱਲਣਾ ਪੈ ਰਿਹਾ ਹੈ। ਹਵਾਈ ਕੰਪਨੀਆਂ ਨੇ ਵੀ ਮੰਗ ਵਧਣ ਕਾਰਨ ਉਡਾਣਾਂ ਦੀਆਂ ਟਿਕਟਾਂ ਮਹਿੰਗੀਆਂ ਕਰ ਦਿੱਤੀਆਂ ?ਹਨ ਪਰ ਸੰਕਟ ਕਾਰਨ ਲੋਕ ਮਹਿੰਗੇ ਭਾਅ ਟਿਕਟਾਂ ਖਰੀਦਣ ਲਈ ਮਜਬੂਰ ਹਨ। ਦੂਜੇ ਪਾਸੇ ਰੇਲਵੇ ਟਿਕਟਾਂ ਦੀ ਵੇਟਿੰਗ ਵੀ ਕਾਫੀ ਵੱਧ ਗਈ ਹੈ।

# ਜਗਰੂਪ ਸੇਖਵਾਂ ਵੱਲੋਂ ਪਿੰਡਾਂ ਵਿੱਚ ਕੈਂਪਾਂ ਦਾ ਜਾਇਜ਼ਾ

**ਗੁਰਦਾਸਪੁਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਅੱਜ ਬਲਾਕ ਧਾਰੀਵਾਲ ਦੇ ਪਿੰਡ ਪਸਨਾਵਾਲ ਅਤੇ ਦੂਲੂਆਣਾ ਵਿੱਚ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਕੈਂਪਾਂ ਵਿੱਚਚ ਪਹੁੰਚ ਕੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਦੀ ਮੁਸ਼ਕਲਾਂ ਸੁਣੀਆਂ। ਚੇਅਰਮੈਨ ਸੇਖਵਾਂ ਨੇ ਕਿਹਾ ਪੰਜਾਬ ਸਰਕਾਰ ਹਰੇਕ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲੋਕਾਂ ਨੂੰ ਬਿਨਾ ਕਿਸੇ ਖੱਜਲ-ਖੁਆਰੀ ਦੇ ਉਨ੍ਹਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਮੁਸ਼ਕਲਾਂ ਦਾ ਨਿਪਟਾਰਾ ਕਰਨ ਵਾਲਾ ਸਰਕਾਰ ਦਾ ਉਪਰਾਲਾ ਸਫਲਤਾ ਦੀ ਨਵੀਂ ਕਹਾਣੀ ਰਚੇਗਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਉਪਰਾਲਾ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਮੀਲ ਪੱਥਰ ਸਾਬਤ ਹੋਵੇਗਾ। ਚੇਅਰਮੈਨ ਸੇਖਵਾਂ ਨੇ ਦੱਸਿਆ ਉਨ੍ਹਾਂ ਵਲੋਂ ਅੱਜ ਪਿੰਡ ਪਸਨਾਵਾਲ, ਦੂੱਲੂਆਣਾ ਤੋਂ ਇਲਾਵਾ ਵੀ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਹਵੇਲੀ ਹਾਰਨੀ, ਸਠਿਆਲੀ, ਭਰੋ ਹਾਰਨੀ, ਭਿਖਾਰੀ ਹਾਰਨੀ ਅਤੇ ਬਸਰਾਏ ਵਿੱਚ ਲੱਗੇ ਕੈਂਪਾਂ ਦਾ ਵੀ ਦੌਰਾ ਕੀਤਾ ਹੈ ਅਤੇ ਕੈਂਪਾਂ ਵਿੱਚ ਸਰਕਾਰੀ ਸਕੀਮਾਂ/ਸਹੂਲਤਾਂ ਦਾ ਫਾਇਦਾ ਲੈਣ ਲਈ ਲੋਕ ਵੱਡੇ ਪੱਧਰ ਤੇ ਪਹੁੰਚੇ ਹੋਏ ਸਨ। ਧਿਕਾਰੀਆਂ ਵੱਲੋਂ ਲੋਕਾਂ ਨੂੰ ਸੇਵਾਵਾਂ ਦਾ ਲਾਭ ਦੇਣ ਦੇ ਨਾਲ-ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਵੀ ਕੀਤਾ ਗਿਆ।

ਪਿੰਡ ਦੂਲੂਆਣਾ ਵਿੱਚ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਲਗਾਏ ਕੈਂਪ ਦੌਰਾਨ ਬਿਜਲੀ ਸਪਲਾਈ ਬਿਲਕੁੱਲ ਠੱਪ ਰਹਿਣ ਕਾਰਨ ਸੇਵਾ ਕੇਂਦਰ ਨਾਲ ਸਬੰਧਿਤ ਸੇਵਾਵਾਂ ਦਾ ਲਾਭ ਲੈਣ ਵਾਲੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਪਿੰਡ ਦੇ ਮੋਹਤਬਰਾਂ ਨੇ ਜਨਰੇਟਰ ਦਾ ਪ੍ਰਬੰਧ ਕਰਕੇ ਮਹਿੰਗੇ ਭਾਅ ਡੀਜ਼ਲ ਫੂਕ ਕੇ ਥੋੜ੍ਹਾ ਸਮਾਂ ਜਨਰੇਟਰ ਚਲਾਇਆ ਤਾਂ ਕੁੱਝ ਲੋਕਾਂ ਦੇ ਜ਼ਰੂਰੀ ਦਸਤਾਵੇਜ਼ ਸੇਵਾ ਕੇਂਦਰ ਨਾਲ ਸਬੰਧਿਤ ਕਰਮਚਾਰੀਆਂ ਵਲੋਂ ਅਪਲੋਡ ਕੀਤੇ ਗਏ ਪਰ ਜ਼ਿਆਦਾਤਰ ਲੋਕ ਭਰੀਆਂ ਭਰਾਈਆਂ ਫਾਈਲਾਂ ਲੈ ਕੇ ਆਪਣੇ ਘਰਾਂ ਨੂੰ ਪਰਤ ਗਏ। ਇਸ ਕੈਂਪ ਵਿੱਚ ਪਾਵਰਕੌਮ ਵਿਭਾਗ ਦੀ ਸਬੰਧਿਤ ਸਬ ਡਿਵੀਜ਼ਨ ਕਾਹਨੂੰਵਾਨ ਦਾ ਕੋਈ ਵੀ ਅਧਿਕਾਰੀ ਦਿਖਾਈ ਸੇਖਵਾਂ ਨੇ ਕਿਹਾ ਪੰਜਾਬ ਸਰਕਾਰ ਹਰੇਕ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲੋਕਾਂ ਨੂੰ ਬਿਨਾ ਕਿਸੇ ਖੱਜਲ-ਖੁਆਰੀ ਦੇ ਉਨ੍ਹਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਮੁਸ਼ਕਲਾਂ ਦਾ ਨਿਪਟਾਰਾ ਕਰਨ ਵਾਲਾ ਸਰਕਾਰ ਦਾ ਉਪਰਾਲਾ ਸਫਲਤਾ ਦੀ ਨਵੀਂ ਕਹਾਣੀ ਰਚੇਗਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਉਪਰਾਲਾ ਲੋਕਾਂ ਨੂੰ ਸਰਕਾਰੀ ਸੇਵਾਵਾਂ ਨਾ ਦਿੱਤਾ। ਬਿਜਲੀ ਸਪਲਾਈ ਬੰਦ ਹੋਣ ਬਾਰੇ ਜਦੋਂ ਐਸ ਡੀ ਓ ਕਾਹਨੂੰਵਾਨ ਨਾਲ ਫੋਨ 'ਤੇ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਬਿਜਲੀ ਸਪਲਾਈ ਦਾ ਪਿੱਛੋਂ ਤਿੱਬੜੀ ਸਬ ਸ਼ਟੇਸ਼ਨ ਤੋਂ ਕੱਟ ਲੱਗਾ ਹੋਣ ਕਾਰਨ ਅੱਜ ਸਵੇਰ ਤੋਂ ਹੀ ਬਿਜਲੀ ਸਪਲਾਈ ਬੰਦ ਰਹੀ ਹੈ।

# ਪੀਆਈਐੱਮਐੱਲ ਲਿਬਰੇਸ਼ਨ ਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮੁਜ਼ਾਹਰਾ

**ਅਟਾਰੀ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਦੀ ਦਾਣਾ ਮੰਡੀ ਵਿਚ ਅੱਜ ਪੀਆਈਐਮਐਲ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮਾਈਕਰੋ ਫਾਇਨਾਂਸ ਕੰਪਨੀਆਂ ਦੀ ਕਰਜ਼ਾਧਾਰਕਾਂ ਦੀ ਵਿਆਜ ਰਾਹੀਂ ਬੇਤਹਾਸ਼ਾ ਲੁੱਟ ਵਿਰੁੱਧ ਰੈਲੀ ਅਤੇ ਮੁਜ਼ਾਹਰਾ ਕੀਤਾ ਗਿਆ। ਇਸ ਸਮੇਂ ਬਲਜੀਤ ਕੌਰ ਚੈਨਪੁਰ ਅਤੇ ਡਿਪਟੀ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਰੈਲੀ ਵਿੱਚ ਮਜ਼ਦੂਰ ਆਗੂ ਮੰਗਲ ਸਿੰਘ ਧਰਮਕੋਟ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਮੋਦੀ ਅਤੇ ਮਾਨ ਸਰਕਾਰ ਨੇ ਚੋਣਾਂ ਸਮੇਂ ਵਾਅਦੇ ਕੀਤੇ ਸਨ ਕਿ ਮਜ਼ਦੂਰਾਂ ਕਿਸਾਨਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ ਪਰ ਮਾਈਕਰੋ ਫਾਇਨਾਂਸ ਕੰਪਨੀਆਂ ਨੇ ਆਰਬੀਆਈ ਬੈਂਕ ਦੀਆਂ ਹਦਾਇਤਾਂ ਦੇ ਉਲਟ ਮੋਟੇ ਵਿਆਜ ਤਹਿਤ ਪਿੰਡਾਂ ਅਤੇ ਸ਼ਹਿਰਾਂ ਦੇ ਦਿਹਾੜੀਦਾਰ ਮਜ਼ਦੂਰ ਪਰਿਵਾਰਾਂ ਨੂੰ ਕਈ-ਕਈ ਕੰਪਨੀਆਂ ਨੇ ਕਰਜ਼ੇ ਦੇ ਕੇ ਆਪਣੇ ਕਰਜ਼ਾ ਜਾਲ ਵਿੱਚ ਇਸ ਕਦਰ ਫਸਾ ਲਿਆ ਹੈ ਕਿ ਉਹ ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਤੋਂ ਪੂਰੀ ਤਰ੍ਹਾਂ ਅਸਮਰਥ ਹਨ ਜਦੋਂ ਕਿ ਕੰਪਨੀਆਂ ਨੂੰ ਗਿਆਨ ਹੋਣਾ ਚਾਹੀਦਾ ਸੀ ਕਿ ਗਰੀਬ ਪਰਿਵਾਰ ਹਜ਼ਾਰਾਂ ਰੁਪਏ ਮਹੀਨੇ ਦੀਆਂ ਕਿਸ਼ਤਾਂ ਦੀ ਕਿਵੇਂ ਵਾਪਸੀ ਕਰਨਗੇ, ਜਦੋਂ ਕਿ ਹੁਣ ਕੰਪਨੀਆਂ ਦੇ ਕਰਿੰਦੇ ਕਰਜ਼ਾਧਾਰਕ ਪਰਿਵਾਰਾਂ ਨੂੰ ਇੰਨਾ ਜ਼ਿਆਦਾ ਪ੍ਰੇਸ਼ਾਨ ਕਰ ਰਹੇ ਹਨ ਕਿ ਇਨ੍ਹਾਂ ਪਰਿਵਾਰਾਂ ਦਾ ਆਮ ਵਾਂਗ ਜ਼ਿੰਦਗੀ ਜਿਊਣਾ ਮੁਸ਼ਕਲ ਹੋਇਆ ਪਿਆ ਹੈ। ਆਗੂਆਂ ਨੇ ਕਿਹਾ ਕਿ ਮਾਨ ਅਤੇ ਮੋਦੀ ਸਰਕਾਰ ਗਰੀਬਾਂ ਦੇ ਕਰਜ਼ੇ ਮੁਆਫ਼ ਕਰੇ ਪਰ ਗਰੀਬਾਂ ਦੀ ਸਾਰ ਲੈਣ ਦੀ ਬਜਾਏ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਵੱਡੀ ਰਾਹਤ ਦਿੱਤੀ ਹੈ।

ਆਗੂਆਂ ਨੇ ਕਿਹਾ ਕਿ ਕੰਪਨੀਆਂ ਲੋਕਾਂ ਤੋਂ ਕੋਰੇ ਕਾਗਜ਼ਾਂ 'ਤੇ ਦਸਤਖ਼ਤ ਕਰਵਾ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਮਾਨ ਸਰਕਾਰ ਪੰਜਾਬ ਵਿੱਚ ਕਰਜ਼ਾ ਦੇਣ ਵਾਲੀਆਂ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਸਮੁੱਚੇ ਰੋਲ ਦੀ ਜਾਂਚ ਕਰੇ, ਕਰਜ਼ਾਧਾਰਕਾਂ ਤੋਂ ਕੰਪਨੀਆਂ ਵੱਲੋਂ ਲਏ ਗਏ ਕੋਰੇ ਚੈੱਕਾਂ ਅਤੇ ਅਸ਼ਟਾਮਾਂ ਸਬੰਧੀ ਕੇਸ ਦਰਜ ਕੀਤੇ ਜਾਣ, ਮਜ਼ਦੂਰ ਪਰਿਵਾਰਾਂ ਦੇ ਲਾਲ ਲਕੀਰ ਅੰਦਰਲੇ ਘਰ ਮਾਲ ਵਿਭਾਗ ਵਿੱਚ ਦਰਜ ਕੀਤੇ ਜਾਣ ਅਤੇ ਇਸ ਅਧਾਰ ਉੱਤੇ ਉਨ੍ਹਾਂ ਦੀ ਘੱਟੋ-ਘੱਟ ਇੱਕ ਲੱਖ ਰੁਪਏ ਦੀ ਲਿਮਟ ਬਣਾਈ ਜਾਵੇ। ਗਰੀਬਾਂ ਦੇ ਕੱਟੇ ਗਏ ਰਾਸ਼ਨ ਕਾਰਡ ਬਹਾਲ ਕੀਤੇ ਜਾਣ। ਇਸ ਸਮੇਂ ਲਖਵਿੰਦਰ ਕੌਰ ਵਣੀਏਕੇ, ਵਿਜੇ ਮਿਸਤਰੀ ਭਰੋਵਾਲ, ਹਰਪਾਲ ਸਿੰਘ ਕਿੜੀਆਂ ਆਦਿ ਹਾਜ਼ਰ ਸਨ।

# ਦਿੱਲੀ ਕੂਚ: ਬੀਕੇਯੂ ਏਕਤਾ-ਉਗਰਾਹਾਂ ਨੇ 15 ਨੂੰ ਪੰਜਾਬ 'ਚ 4 ਘੰਟਿਆਂ ਲਈ ਰੇਲਾਂ ਰੋਕਣ ਦਾ ਐਲਾਨ ਕੀਤਾ

**ਮਾਨਸਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਚੱਲੋ ਅੰਦੋਲਨ ਦੌਰਾਨ ਹਰਿਆਣਾ ਸਰਕਾਰ ਵੱਲੋਂ ਸ਼ਾਂਤਮਈ ਢੰਗ ਨਾਲ ਅੱਗੇ ਵੱਧ ਰਹੇ ਕਿਸਾਨਾਂ ਮਜ਼ਦੂਰਾਂ ਉਤੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਵਰ੍ਹਾਉਣ ਦੇ ਵਿਰੋਧ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ 16 ਫਰਵਰੀ ਚਾਰ ਘੰਟਿਆਂ ਲਈ ਪੰਜਾਬ ਵਿੱਚ ਰੇਲਾਂ ਰੋਕਣ ਦਾ ਫੈਸਲਾ ਕੀਤਾ ਗਿਆ ਹੈ। ਰੇਲਾਂ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਰੋਕੀਆਂ ਜਾਣਗੀਆਂ। ਜਥੇਬੰਦੀ ਵਲੋਂ ਕਿਸਾਨੀ ਮੰਗਾਂ ਦੇ ਹੱਕ ਵਿੱਚ ਵੀ ਪਹਿਲਾਂ ਵਾਂਗ ਡਟਵੀਂ ਆਵਾਜ਼ ਉਠਾਉਣ ਦਾ ਵੀ ਫੈਸਲਾ ਲਿਆ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਅੱਜ ਲੁਧਿਆਣਾ ਵਿਖੇ ਬਾਅਦ ਦੁਪਹਿਰ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਹੋ ਰਹੀ ਹੈ,ਜਿਸ ਵਿਚ ਰੇਲਾਂ ਰੋਕਣ ਦਾ ਮਾਮਲਾ ਉਠਾਇਆ ਜਾਵੇਗਾ।ਇਸੇ ਦੌਰਾਨ ਹੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਨੇ ਵੱਖਰੇ ਤੌਰ 'ਤੇ ਦੱਸਿਆਰੇਲਾਂ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਰੋਕੀਆਂ ਜਾਣਗੀਆਂ। ਜਥੇਬੰਦੀ ਵਲੋਂ ਕਿਸਾਨੀ ਮੰਗਾਂ ਦੇ ਹੱਕ ਵਿੱਚ ਵੀ ਪਹਿਲਾਂ ਵਾਂਗ ਡਟਵੀਂ ਆਵਾਜ਼ ਉਠਾਉਣ ਦਾ ਵੀ ਫੈਸਲਾ ਲਿਆ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਿ ਯੂਨੀਅਨ ਵਲੋਂ ਭਲਕੇ ਮਾਨਸਾ ਦੇ ਰੇਲਵੇ ਸਟੇਸ਼ਨ ਉਤੇ ਚਾਰ ਘੰਟਿਆਂ ਲਈ ਰੇਲਾਂ ਰੋਕੀਆਂ ਜਾਣਗੀਆਂ।

# ਕਿਸਾਨਾਂ ਵੱਲੋਂ ਭੁੱਚੋ ਪੁਲੀਸ ਚੌਕੀ ਦਾ ਮੁਕੰਮਲ ਘਿਰਾਓ

**ਭੁੱਚੋ ਮੰਡੀ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਚਾਰ ਸਾਲ ਪੁਰਾਣੇ ਮਾਮਲੇ ਵਿੱਚ ਬਿਜਲੀ ਅਧਿਕਾਰੀਆਂ ਵਿਰੁੱਧ ਕਰਾਸ ਕੇਸ ਦਰਜ ਕਰਨ ਦੀ ਮੰਗ ਲਈ ਬਲਾਕ ਨਥਾਣਾ ਦੇ ਪ੍ਰਧਾਨ ਹੁਸ਼ਿਆਰ ਸਿੰਘ ਦੀ ਪ੍ਰਧਾਨਗੀ ਹੇਠ ਪੁਲੀਸ ਚੌਕੀ ਦਾ ਮੁਕੰਮਲ ਘਿਰਾਓ ਕੀਤਾ ਅਤੇ ਪੁਲੀਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਘਿਰਾਓ ਵਿੱਚ ਬੀਬੀਆਂ ਵੀ ਸ਼ਾਮਲ ਸਨ। ਪੁਲੀਸ ਵੱਲੋਂ ਕਥਿਤ ਤੌਰ 'ਤੇ ਟਾਲ ਮਟੋਲ ਦੀ ਨੀਤੀ ਅਪਨਾਏ ਜਾਣ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਸੀ। ਉਨ੍ਹਾਂ ਐਲਾਨ ਕੀਤਾ ਕਿ ਬਿਜਲੀ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕੀਤੇ ਜਾਣ ਤੱਕ ਘਿਰਾਓ ਜਾਰੀ ਰਹੇਗਾ।ਇਸ ਮੌਕੇ ਬਲਾਕ ਪ੍ਰਧਾਨ ਹੁਸ਼ਿਆਰ ਸਿੰਘ, ਜਗਸੀਰ ਸਿੰਘ ਝੁੰਬਾ, ਗੁਰਪਾਲ ਸਿੰਘ ਦਿਉਣ, ਅਮਰੀਕ ਸਿੰਘ ਸਿਵੀਆ, ਲਖਬੀਰ ਸਿੰਘ ਬੀਰਾ, ਔਰਤ ਆਗੂ ਕਰਮਜੀਤ ਕੌਰ ਲਹਿਰਾ ਅਤੇ ਸੁਖਜੀਤ ਕੌਰ ਚੱਕ ਨੇ ਕਿਹਾ ਕਿ ਸਾਲ 2019 ਵਿੱਚ ਬਿਜਲੀ ਅਧਿਕਾਰੀਆਂ ਨੇ ਪਿੰਡ ਚੱਕ ਫਤਿਹ ਸਿੰਘ ਵਾਲਾ ਵਿੱਚ ਮਾਰੇ ਗਏ ਛਾਪੇ ਦੌਰਾਨ ਉਹ ਕਿਸਾਨ ਅਜਮੇਰ ਸਿੰਘ ਅਤੇ ਤਰਸੇਮ ਸਿੰਘ ਦੇ ਘਰ ਵਿੱਚ ਗੁਆਂਢੀਆਂ ਦੀ ਕੰਧ ਗੈਰਕਾਨੂੰਨੀ ਢੰਗ ਨਾਲ ਕੰਧ ਟੱਪ ਕੇ ਦਾਖ਼ਲ ਹੋਏ ਸਨ। ਉਸ ਸਮੇਂ ਗੁਆਂਢੀਆਂ ਦੀ ਲੜਕੀ ਬਿਨਾਂ ਛੱਤ ਵਾਲੇ ਬਾਥਰੂਮ ਵਿੱਚ ਨਹਾ ਰਹੀ ਸੀ। ਉਨ੍ਹਾਂ ਕਿਹਾ ਕਿ ਲੜਕੀ ਦੀ ਮਾਂ ਨੇ ਬਿਜਲੀ ਅਧਿਕਾਰੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਰੁਕੇ। ਉਨ੍ਹਾਂ ਕਿਹਾ ਕਿ ਬਿਜਲੀ ਅਧਿਕਾਰੀਆਂ ਨੇ ਕਿਸਾਨਾਂ ਨੂੰ ਲਿਖਤੀ ਰੂਪ ਵਿੱਚ ਕੋਈ ਕਾਰਵਾਈ ਨਾ ਕਰਨ ਦਾ ਭਰੋਸਾ ਦਿੱਤਾ ਸੀ ਪਰ ਅਗਲੇ ਦਿਨ ਬਿਜਲੀ ਮੁਲਾਜ਼ਮਾਂ ਨੇ ਕਿਸਾਨ ਅਜਮੇਰ ਸਿੰਘ ਅਤੇ ਤਰਸੇਮ ਸਿੰਘ ਵਿਰੁੱਧ ਦਰਖ਼ਾਸਤ ਦੇ ਦਿੱਤੀ। ਪਤਾ ਲੱਗਣ 'ਤੇ ਕਿਸਾਨਾਂ ਨੇ ਵੀ ਬਿਜਲੀ ਅਧਿਕਾਰੀਆਂ ਵਿਰੁੱਧ ਗੈਰਕਾਨੂੰਨੀ ਢੰਗ ਨਾਲ ਕੰਧ ਟੱਪਣ ਦੀ ਦਰਖਾਸਤ ਦੇ ਦਿੱਤੀ।

# ਵਿਕਸਿਤ ਭਾਰਤ ਸੰਕਲਪ ਯਾਤਰਾ ਵਿਚ ਮੇਰੀ ਕਹਾਣੀ-ਮੇਰੀ ਜੁਬਾਨੀ ਰਾਹੀਂ ਸਫਲ ਜੀਵਨ ਲਈ ਲੋਕਾਂ ਨੂੰ ਕੀਤਾ ਜਾ ਰਿਹਾ ਹੈ ਜਾਗਰੂਕ

## 37 ਹਜਾਰ 971 ਮਹਿਲਾਵਾਂ, 49 ਹਜਾਰ 466 ਮੇਧਾਵੀ ਵਿਦਿਆਰਥੀਆਂ, 732 ਖਿਡਾਰੀਆਂ ਤੇ 6961 ਸਥਾਨਕ ਕਲਾਕਾਰਾਂ ਨੂੰ ਕੀਤਾ ਜਾ ਚੁੱਕਾ ਹੈ ਸਨਮਾਨਿਤ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ 30 ਨਵੰਬਰ, 2023 ਤੋਂ ਸ਼ੁਰੂ ਹੋਈ ਵਿਕਸਿਤ ਭਾਰਤ ਸੰਕਲਪ ਯਾਤਰਾ 6728 ਸਥਾਨਾਂ ਤਕ ਪਹੁੰਚ ਬਣਾ ਚੁੱਕੀ ਹੈ, ਜਿਸ ਵਿਚ ਲੱਭ ਤੋਂ ਵੱਧ ਯਮੁਨਾਨਗਰ ਵਿਚ 516, ਅੰਬਾਲਾ ਵਿਚ 448, ਕਰਨਾਲ ਵਿਚ 425 ਸਥਾਨ ਸ਼ਾਮਿਲ ਹਨ। ਯਾਤਰਾ ਵਿਚ ਨਿਰੋਗੀ ਹਰਿਆਣਾ, ਆਯੁਸ਼ਮਾਨ ਭਾਰਤ, ਚਿਰਾਯੂ ਹਰਿਆਣੇ, ਕੁਦਰਤੀ ਖੇਤੀ, ਮੇਰਾ ਫਸਲ ਮੇਰਾ ਬਿਊਰਾ, ਸਮਾਜਿਕ ਮਜ਼ਬੂਤੀਕਰਣ ਯੋਜਨਾਵਾਂ 'ਤੇ ਜੋਰ ਦਿੱਤਾ ਹੈ। ਯਾਤਰਾ ਵਿਚ ਹੁਣ ਤਕ 51 ਲੱਖ 54 ਹਜਾਰ 921 ਲੋਕਾਂ ਦੀ ਭਾਗੀਦਾਰੀ ਹੋ ਚੁੱਕੀ ਹੈ, ਜਿਸ ਵਿਚ 21 ਲੱਖ ਤੋਂ ਵੱਧ ਮਹਿਲਾਵਾਂ ਸ਼ਾਮਿਲ ਹਨ। ਇਹ ਹੀ ਨਹੀਂ, ਯਾਤਰਾ ਵਿਚ ਹੁਣ ਤਕ 62 ਹਜਾਰ ਤੋਂ ਵੱਧ ਲੋਕਾਂ ਨੇ ਆਪਣੀ ਸਫਲਤਾ ਦਾ ਰਾਜ ਮੇਰੀ ਕਹਾਣੀ-ਮੇਰੀ ਜੁਬਾਨੀ ਰਾਹੀਂ ਪ੍ਰਗਟਾਇਆ ਹੈ ਅਤੇ ਨੌਜਵਾਨ ਉਨ੍ਹਾਂ ਤੋਂ ਕਾਫੀ ਸਿੱਖ ਲੈ ਰਹੇ ਹਨ। ਯਾਤਰਾ ਵਿਚ ਮਾਈ ਭਾਰਤ ਵਾਲੰਟਿਅਰ ਰਜਿਸਟ੍ਰੇਸ਼ਨ ਦੇ ਪ੍ਰਤੀ ਵੀ ਨੌਜਵਾਨਾਂ ਵਿਚ ਖਾਸਾ ਉਤਸਾਹ ਹੈ। ਹੁਣ ਤਕ 1 ਲੱਖ 56 ਹਜਾਰ 980 ਯੁਵਾ ਰਜਿਸਟ੍ਰੇਸ਼ਨ ਕਰਵਾ ਕੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਾਲ 2047 ਤਕ ਵਿਕਸਿਤ ਭਾਰਤ ਬਨਾਉਣ ਦੇ ਵਿਜਨ ਨੂੰ ਪੂਰਾ ਕਰਨ ਵਿਚ ਜੁਟੇ ਹਨ।

**ਲੋਕਾਂ ਵਿਚ ਯਾਤਰਾ ਦੇ ਪ੍ਰਤੀ ਕਾਫੀ ਉਤਸਾਹ**

ਯਾਤਰਾ ਦੇ ਪ੍ਰਤੀ ਲੋਕਾਂ ਵਿਚ ਕਾਫੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਯਾਤਰਾ ਦੌਰਾਨ ਮੇਧਾਵੀ ਵਿਦਿਆਰਥੀਆਂ, ਪ੍ਰਤਿਭਾਵਾਨ ਖਿਡਾਰੀਆਂ, ਵੱਖ-ਵੱਖ ਖੇਤਰਾਂ ਵਿਚ ਵਰਣਨਯੋਗ ਕੰਮ ਕਰਨ ਵਾਲੀ ਮਹਿਲਾਵਾਂ ਅਤੇ ਸਥਾਨਕ ਲੋਕ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਪਹਿਲੀਵਾਰ ਹੋਇਆ ਹੈ ਕਿ ਇੰਨ੍ਹੇਂ ਵਿਆਪਕ ਪੱਧਰ 'ਤੇ ਸਥਾਨਕ ਪ੍ਰਤਿਭਾਵਾਂ ਨੂੰ ਉਨ੍ਹਾਂ ਦੇ ਖੇਤਰ ਵਿਚ ਸਨਮਾਨ ਮਿਲ ਰਿਹਾ ਹੈ। ਯਾਤਰਾ ਵਿਚ 37 ਹਜਾਰ 971 ਮਹਿਲਾਵਾਂ, 49 ਹਜਾਰ 466 ਮੇਧਾਵੀ ਵਿਦਿਆਰਥੀਆਂ, 7322 ਖਿਡਾਰੀਆਂ ਤੇ 6961 ਸਥਾਨਕ ਕਲਾਕਾਰਾਂ ਨੂੰ ਪੁਰਸਕਾਰ ਦਿੱਤਾ ਗਿਆ ਹੈ। ਇਹ ਸਾਰੇ ਲੋਕਾਂ ਵਿਚ ਸਮਾਜਿਕ ਭਾਈਚਾਰਾ ਦਾ ਨਤੀਜਾ ਬਣੇ ਹਨ। ਇੰਨ੍ਹਾਂ ਹੀ ਨਹੀਂ 41 ਲੱਖ 71 ਹਜਾਰ ਤੋਂ ਵੱਧ ਲੋਕਾਂ ਨੇ ਸਾਲ 2047 ਤਕ ਵਿਕਸਿਤ ਭਾਰਤ ਬਨਾਉਣ ਦੀ ਸੁੰਹ ਲਈ ਹੈ।

**ਕਿਸਾਨਾਂ ਨੂੰ ਦਿੱਤੇ ਜਾ ਰਹੇ ਹਨ ਖੇਤੀ ਦੇ ਨਵੇਂ-ਨਵੇਂ ਟਿਪਸ**

ਹਰਿਆਣਾ ਹਰਿਤ ਕ੍ਰਾਂਤੀ ਵਿਚ ਦੇਸ਼ ਵਿਚ ਮੋਹਰੀ ਹੈ। ਸ਼ਵੇਤ ਤੇ ਨੀਲ ਕ੍ਰਾਂਤੀ ਦੇ ਵੱਲ ਕਿਸਾਨਾਂ ਦਾ ਰੁੱਖ ਮੋੜਨ ਲਈ ਯਾਤਰਾ ਵਿਚ ਖੇਤੀਬਾੜੀ ਵਿਗਿਆਨਕ ਤੇ ਪ੍ਰਗਤੀਸ਼ੀਲ ਕਿਸਾਨ ਯਤਨਸ਼ੀਲ ਹਨ। ਯਾਤਰਾ ਦੌਰਾਨ ਖੇਤੀਬਾੜੀ ਵਿਗਿਆਨਕ ਕਿਸਾਨਾਂ ਨੂੰ ਨੈਨੋ ਯੂਰਿਆ ਦੇ ਵਰਤੋ ਦੇ ਟਿਪਸ ਦੇ ਰਹੇ ਹਨ। ਕਿਸਾਨਾਂ ਨੂੰ ਫਸਲ ਦੀ ਪੈਦਾਵਾਰ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦੀ ਫਸਲ ਵਿਵਿਧੀਕਰਣ ਨੂੰ ਅਪਨਾਉਣ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ।

ਪਦਮਸ਼੍ਰੀ ਕਵਲ ਸਿੰਘ ਚੌਹਾਨ, ਮੱਛੀ ਪਾਲਣ ਵਿਚ ਪਦਮਸ਼੍ਰੀ ਸੁਲਤਾਨ ਵਰਗੇ ਕਿਸਾਨਾਂ ਤੇ ਪਸ਼ੂ ਪਾਲਣ ਨੂੰ ਯਾਤਰਾ ਨਾਲ ਜੋੜ ਕੇ ਹੋਰ ਕਿਸਾਨਾਂ ਨੂੰ ਵੀ ਉਨ੍ਹਾਂ ਤੋਂ ਪ੍ਰੇਰਣਾ ਲੈਣ ਦੇ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

# ਕੁਰੂਕਸ਼ੇਤਰ ਯੂਨੀਵਰਸਿਟੀ ਨੇ ਓਵਰ ਆਲ ਰਨਨ-ਅੱਪ ਟ੍ਰਾਫੀ ਆਪਣੇ ਨਾਂਅ ਕੀਤੀ

**ਕੁਰੂਕਸ਼ੇਤਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਨੇ ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ, ਰੋਹਤਕ ਵਿਚ ਪ੍ਰਬੰਧਿਤ 37ਵੇਂ ਨਾਰਥ-ਵੈਸਟ ਜੋਨ ਸਭਿਆਚਾਰਕ ਅਤੇ ਕਲਾ ਮੁਕਾਬਲਿਆਂ ਵਿਚ ਇਤਿਹਾਸ ਰੱਚ ਕੇ ਓਵਰ ਆਲ ਰਨਨ-ਅੱਪ ਟ੍ਰਾਫੀ ਆਪਣੇ ਨਾਂਅ ਕਰ ਲਈ ਹੈ। ਕੁਰੂਕਸ਼ੇਤਰ ਯੂਨੀਵਰਸਿਟੀ, ਹਰਿਆਣਾ ਲੋਕ ਕਲਾ ਅਤੇ ਸਭਿਆਚਾਰ ਨੂੰ ਸੁਰੱਖਿਅਤ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਇਸ ਮੌਕੇ 'ਤੇ ਉੱਚੇਰੀ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਨੰਦ ਮੋਹਨ ਸ਼ਰਣ ਸਮਾਰੋਹ ਵਿਚ ਮੁੱਖ ਮਹਿਮਾਨ ਮੌਜੂਦ ਸਨ।

ਯੂਨੀਵਰਸਿਟੀ ਦੇ ਇਕ ਬੁਲਾਰੇ ਨੇ ਅੱਜ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਕੁਰੂਕਸ਼ੇਤਰ ਯੂਨੀਵਰਸਿਟੀ ਨੇ ਰਾਜ ਪੱਧਰੀ ਰਤਨਾਵਲੀ, ਹਰਿਆਣਾ ਪੈਵੇਲਿਅਨ, ਧਰੋਹਰ ਮਿਊਜੀਅਮ ਰਾਹੀਂ ਹਰਿਆਣਾ ਕਲਾ ਅਤੇ ਸਭਿਆਚਾਰ ਨੂੰ ਨਵੇਂ ਮੁਕਾਮ ਦੇ ਕੇ ਕੌਮੀ ਅਤੇ ਕੌਮਾਂਤਰੀ ਪੱਧਰੀ 'ਤੇ ਹਰਿਆਣਵੀ ਸਭਿਆਚਾਰ ਦਾ ਸੰਦੇਸ਼ ਪਹੁੰਚਾਉਣ ਦਾ ਮਹਤੱਵਪੂਰਨ ਕੰਮ ਕੀਤਾ ਹੈ। ਇਸ ਉਪਲਬਧੀ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਤੇ ਫੈਕੇਲਟੀ ਮੈਂਬਰ ਦੇ ਯੁਵਾ ਅਤੇ ਸਭਿਆਚਾਰਕ ਪ੍ਰੋਗ੍ਰਾਮ ਵਿਭਾਗ ਸਭਿਆਚਾਰਕ ਪਰਿਸ਼ਦ ਸਾਰੇ ਪ੍ਰਤੀਭਾਗੀ ਵਿਦਿਆਰਥੀ ਕਲਾਕਾਰਾਂ ਨੂੰ ਵਧਾਈ ਦਿੱਤੀ।

# ਹਰਿਆਣਾ ਬਿਜਲੀ ਵੰਡ ਨਿਗਮ ਬਿਨ੍ਹਾਂ ਰੁਕਾਵਟ ਬਿਜਲੀ ਦੀ ਸਪਲਾਈ ਉਪਲਬਧ ਕਰਵਾਉਣ ਲਈ ਪ੍ਰਤੀਬੱਧ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਹਰਿਆਣਾ ਬਿਜਲੀ ਵੰਡ ਨਿਗਮ (ਯੂਐਚਬੀਵੀਐਨ) ਖਪਤਕਾਰਾਂ ਨੂੰ ਬਿਨ੍ਹਾਂ ਰੁਕਾਵਟ ਬਿਜਲੀ ਦੀ ਸਪਲਾਈ ਉਪਲਬਧ ਕਰਵਾਉਣ ਲਈ ਪ੍ਰਤੀਬੱਧ ਹੈ। ਖਪਤਕਾਰਾਂ ਦੀ ਸਮਸਿਆਵਾਂ ਦੇ ਤੁਰੰਤ ਹੱਲ ਦੇ ਲਈ ਨਿਗਮ ਵੱਲੋਂ ਅਨੇਕ ਮਹਤੱਵਪੂਰਨ ਪ੍ਰੋਗ੍ਰਾਮ ਚਲਾਏ ਜਾ ਰਹੇ ਹਨ। ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਸਰਕਲ ਫੋਰਮ ਪੰਚਕੂਲਾ ਦੇ ਖਪਤਕਾਰ ਸ਼ਿਕਾਇਤ ਹੱਲ ਮੰਚ ਦੇ ਚੇਅਰਮੈਨ ਅਤੇ ਮੈਂਬਰ ਮੰਚ ਦੀ ਕਾਰਵਾਈ 16 ਫਰਵਰੀ, 2024 ਨੂੰ ਸੁਪਰਡੈਂਟ ਇੰਜੀਨੀਅਰ ਪੰਚਕੂਲਾ ਦੇ ਦਫਤਰ ਸੈਕਟਰ-5 ਪੰਚਕੂਲਾ ਵਿਚ ਕੀਤੀ ਜਾਵੇਗੀ।

ਯੂਐਚਬੀਵੀਐਨ ਦੇ ਬੁਲਾਰੇ ਨੇ ਅੱਜ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੰਚ ਦੇ ਮੈਂਬਰ, ਪੰਚਕੂਲਾ ਜਿਲ੍ਹੇ ਦੇ ਖਪਤਕਾਰਾਂ ਦੀ ਸਾਰੀ ਤਰ੍ਹਾ ਦੀਆਂ ਸਮਸਿਆਵਾਂ ਦੀ ਸੁਣਵਾਈ ਕਰਣਗੇ।

ਇੰਨ੍ਹਾਂ ਵਿਚ ਮੁੱਖ ਰੂਪ ਨਾਲ ਬਿਲਿੰਗ, ਮੀਟਰਿੰਗ ਨਾਲ ਸਬੰਧਿਤ ਸ਼ਿਕਾਇਤਾਂ, ਕਨੈਕਸ਼ਨ ਕੱਟਣ ਅਤੇ ਜੋੜ, ਬਿਜਲੀ ਸਪਾਈ ਵਿਚ ਰੁਕਾਵਟਾਂ, ਕਾਰਜਕੁਸ਼ਲਤਾ, ਸੁਰੱਖਿਆ ਅਤੇ ਹਰਿਆਣਾ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਆਦੇਸ਼ਾਂ ਦੀ ਉਲੰਘਣਾ ਆਦਿ ਾਮਿਲ ਹੈ। ਬਹਿਰਹਾਲ, ਮੰਚ ਵੱਲੋਂ ਬਿਜਲੀ ਐਕਟ ਦੀ ਧਾਰਾ 126 ਅਤੇ ਧਾਰਾ 135 ਤੋਂ 139 ਦੇ ਤਹਿਤ ਬਿਜਲੀ ਚੋਰੀ ਅਤੇ ਬਿਜਲੀ ਦੇ ਅਣਅਥੋਰਾਇਜਡ ਵਰਤੋ ਦੇ ਮਾਮਲਿਆਂ ਵਿਚ ਸਜਾ ਅਤੇ ਜੁਰਮਾਨਾਂ ਅਤੇ ਧਾਰਾ 161 ਤਹਿਤ ਜਾਂਚ ਅਤੇ ਦੁਰਘਟਨਾਵਾਂ ਨਾਲ ਸਬੰਧਿਤ ਮਾਮਲਿਆਂ ਦੀ ਸੁਣਵਾਈ ਨਹੀਂ ਕੀਤੀ ਜਾਵੇਗੀ।

# ਹਰਿਆਣਾ ਸਰਕਾਰ ਸਾਲ 2024 ਦੇ ਅੰਤ ਤਕ ਸੂਬੇ ਦੇ ਸਕੂਲਾਂ ਵਿਚ ਦੋਹਰੀ ਡੇਸਕ ਸਹੂਲਤ ਮਹੁਇਆ ਕਰਵਾਏਗੀ : ਕੰਵਰਪਾਲ ਸਿੰਘ



**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਕੂਲ ਸਿਖਿਆ ਮੰਤਰੀ ਕੰਵਰ ਪਾਲ ਨੇ ਕਿਹਾ ਕਿ ਸੂਬਾ ਸਰਕਾਰ ਸਾਲ 2024 ਦੇ ਅੰਤ ਤਕ ਸਾਰੇ ਸਰਕਾਰੀ ਸਕੂਲਾਂ ਵਿਚ ਦੋਹਰੀ ਡੇਸਕ ਦੀ ਜਰੂਰਤ ਨੂੰ ਪੂਰਾ ਕਰਵਾਏਗੀ।

ਸ੍ਰੀ ਕੰਵਰ ਪਾਲ ਅੱਜ ਇੱਥੇ ਸਕੂਲ ਸਿਖਿਆ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ 6 ਮੁੱਢਲੀ ਸਹੂਲਤਾਂ ਹਨ ਜਿਵੇਂ ਕਿ ਪੀਣ ਦਾ ਪਾਣੀ, ਪਖਾਨੇ, ਡਿਯੂਲ ਡੇਸਕ, ਚਾਰਦੀਵਾਰੀ, ਸਕੂਲਾਂ ਤਕ ਪਹੁੰਚਾਉਣ ਲਈ ਪੱਕੀ ਸੜਕਾਂ ਹਨ। ਜਿਨ੍ਹਾਂ ਦਾ ਸੂਬਾ ਸਰਕਾਰ ਵੱਲੋਂ ਨਿਯਮਤ ਅੰਤਰਾਮ 'ਤੇ ਮੁਲਾਂਕਨ ਕਰਵਾਇਆ ਜਾਵੇ। ਉਨ੍ਹਾਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਸੂਬਾ ਸਰਕਾਰ ਸੂਬੇ ਦੇ ਸਕੂਲਾਂ ਵਿਚ ਮੁੱਢਲੀ ਸਹੂਲਤਾਂ ਵਿਚ ਕਿਸੇ ਤਰ੍ਹਾ ਦੀ ਕਮੀ ਨਹੀਂ ਰਹਿਣ ਦਵੇਗੀ।

ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਹਰੇਕ ਸਕੂਲ ਪਰਿਸਰ ਵਿਚ ਕਾਫੀ ਬੁਨਿਆਦੀ ਢਾਂਚਾ ਯਕੀਨੀ ਕਰਨਾ ਸਾਡੀ ਸਰਵੋਚ ਪ੍ਰਾਥਮਿਕਤਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਦਿਅਕ ਸੰਸਥਾਨਾਂ ਵਿਚ ਲੰਬਿਤ ਸਿਵਲ ਕੰਮਾਂ ਨੂੰ ਤੈਅ ਸਮੇਂ 'ਤੇ ਪੂਰਾ ਕੀਤਾ ਜਾਵੇ।

ਸ੍ਰੀ ਕੰਵਰ ਪਾਲ ਨੇ ਆਉਣ ਵਾਲੇ ਵਿਦਿਅਕ ਸੈਸ਼ਨ ਦੌਰਾਨ ਵਿਦਿਅਕ ਅਤੇ ਗੈਰ-ਵਿਦਿਅਕ ਖਾਲੀ ਥਾਵਾਂ ਨੂੰ ਭਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਜੇਬੀਟੀ ਅਧਿਆਪਕਾਂ ਦੇ ਸਟੇਸ਼ਨਾਂ ਦੇ ਬਿਨੈ ਅਤੇ ਸਕੂਲਾਂ ਵਿਚ ਡਬਲ ਸ਼ਿਫਟ ਦੇ ਨਾਲ-ਨਾਲ ਖਾਲੀ ਥਾਵਾਂ ਦੇ ਵਿਰੁੱਧ ਅਧਿਆਪਕਾਂ ਦੇ ਅੰਦੂਰਣੀ ਸਮਾਯੋਜਨ 'ਤੇ ਚਰਚਾ ਕੀਤੀ।

ਮੀਟਿੰਗ ਬਾਅਦ ਮੰਤਰੀ ਨੇ ਕਈ ਯੂਨੀਅਨਾਂ ਜਿਵੇਂ ਕੰਪਿਊਟਰ ਲੈਬ ਅਟੈਂਡੇਂਟ, ਕਰਮਚਾਰੀ ਯੂਨੀਅਨ ਅਤੇ ਸਮਾਯੋਜਿਤ ਅਧਿਆਪਕ ਯੂਨੀਅਨ ਆਦਿ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ 'ਤੇ ਯੂਨੀਅਨ ਅਧਿਕਾਰੀਆਂ ਨੇ ਆਪਣੀ ਮੰਗਾਂ ਰੱਖੀਆਂ। ਮੰਤਰੀ ਨੇ ਉਨ੍ਹਾਂ ਦੀ ਵੈਧ ਮੰਗਾਂ ਅਤੇ ਮੁਸ਼ਕਲਾਂ ਨੂੰ ਦੂਰ ਕਰਨ ਦਾ ਭਰੋਸਾ ਦਿੱਤਾ।

ਮੀਟਿੰਗ ਵਿਚ ਸਕੂਲ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਮੁੱਢਲੀ ਸਿਖਿਆ ਸਕੂਲ ਵਿਭਾਗ ਦੇ ਮਹਾਨਿਦੇਸ਼ਕ ਰਿਪੂਦਮਨ ਸਿੰਘ ਢਿੱਲੋਂ ਤੋਂ ਇਲਾਵਾ ਸੀਨੀਅਰ ਅਧਿਕਾਰੀ ਮੌਜੂਦ ਸਨ।

# ਨੈਸ਼ਨਲ ਜੈਵਲਿਨ ਥ੍ਰੋਅ ਮੁਕਾਬਲੇ ਦੇ ਗੁਲਡ ਮੈਡਲ ਜੇਤੂ ਵਿਜੈ ਨੂੰ ਮਹਾਨਿਦੇਸ਼ਕ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਨੇ ਦਿੱਤੀ ਵਧਾਈ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਚੰਡੀਗੜ੍ਹ ਵਿਚ ਕੰਮ ਕਰ ਰਹੇ ਸਹਾਇਕ ਮੈਨੇਜਰ (ਪੀਆਰ ਐਂਡ ਇਵੇਂਟ) ਵਿਜੈ ਪਾਲ ਸਿੰਘ ਨੇ 5ਵੀਂ ਨੈਸ਼ਨਲ ਮਾਸਟਰ ਇਥੇਲੈਟਿਕਸ ਚੈਂਪੀਅਨਸ਼ਿਪ ਵਿਚ 48 ਮੀਟਰ ਜੈਵਲਿਨ ਥ੍ਰੋਅ ਕਰ ਕੇ ਗੋਲਡ ਮੈਡਲ ਜਿਤਿਆ।

ਇਹ ਮੁਕਾਬਲਾ 8 ਤੋਂ 11 ਫਰਵਰੀ ਤਕ ਹੈਦਰਾਬਾਦ ਦੇ ਗਾਜੀਬੋਵਲੀ ਸਟੇਡੀਅਮ ਵਿਚ ਹੋਈ। ਇਸ ਉਪਲਬਧੀ 'ਤੇ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਹਰਿਆਣਾ ਦੇ ਮਹਾਨਿਦੇਸ਼ਕ ਵੀ ਮਨਦੀਪ ਸਿੰਘ ਬਰਾੜ ਨੇ ਵਿਜੈ ਪਾਲ ਸਿੰਘ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਖੇਡਾਂ ਵਿਚ ਸੂਬੇ ਤੇ ਦੇਸ਼ ਦਾ ਨਾਂਅ ਕੌਮਾਂਤਰੀ ਪੱਧਰ 'ਤੇ ਰੋਸ਼ਨ ਕਰਨ ਦੇ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਹਰਿਆਣਾ ਦੇ ਸੰਯੁਕਤ ਨਿਦੇਸ਼ਕ ਡਾ. ਸਾਹਿਬ ਰਾਮ ਗੋਦਾਰਾ, ਡਿਪਟੀ ਡਾਇਰੈਕਟਰ ਸ੍ਰੀ ਦੇਵੇਂਦਰ ਸ਼ਰਮਾ ਅਤੇ ਸ੍ਰੀਮਤੀ ਸੀਮਾ ਅਰੋੜਾ ਮੌਜੂਦ ਰਹੇ।

ਹੈਦਰਾਬਾਦ ਵਿਚ ਹੋਈ ਇਸ ਨੈਸ਼ਨਲ ਮੁਕਾਬਲੇ ਵਿਚ ਦੇਸ਼ ਦੇ 22 ਖਿਡਾਰੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੂੰ ਪਛਾੜਦੇ ਹੋਏ ਵਿਜੈ ਪਾਲ ਨੇ ਸਫਲਤਾ ਹਾਸਲ ਕੀਤੀ। ਵਿਜੈ ਦਾ ਚੀਨ ਵਿਚ ਹੋਣ ਵਾਲੀ ਵਿਸ਼ਵ ਮਾਸਟਰ ਇਥੇਲੈਟਿਕਸ ਚੈਂਪੀਅਨਸ਼ਿਨ ਦੇ ਲਈ ਇੰਡੀਆ ਟੀਮ ਵਿਚ ਚੋਣ ਹੋ ਗਿਆ ਹੈ।

ਦੱਸ ਦੇਣ ਕਿ ਵਿਜੈ ਪਾਲ ਸਿੰਘ ਪਹਿਲਾਂ ਵੀ ਨੈਸ਼ਨਲ ਮਾਸਟਰ ਇਥੇਲੈਟਿਕਸ ਚੈਂਪੀਅਨਸ਼ਿਪ ਵਿਚ ਜੈਵਲਿਨ ਥ੍ਰੋਅ ਵਿਚ ਦੋ ਗੁਲਡ, ਇਕ ਸਿਲਵਰ ਅਤੇ ਇਕ ਬ੍ਰਾਂਜ ਮੈਡਲ ਜਿੱਤ ਚੁੱਕੇ ਹਨ।

ਓਹ ਜੂਨੀਆ ਨੈਸ਼ਨਲ ਜੈਵਲਿਨ ਥ੍ਰੋਅ ਚੈਂਪੀਅਨਸ਼ਿਪ ਵਿਚ ਬ੍ਰਾਂਜ ਮੈਡਲ ਜਿੱਤ ਚੁੱਕੇ ਹਨ।

# ਕਿਸਾਨ ਅੰਦੋਲਨ: ਹਰਿਆਣਾ ਸਾਡੇ ਇਲਾਕੇ 'ਚ ਡਰੋਨ ਨਾਲ ਉਡਾਏ: ਪੰਜਾਬ ਦੀ ਚਿਤਾਵਨੀ




**ਚੰਡੀਗੜ੍ਹ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੇ ਸ਼ੰਭੂ ਸਰਹੱਦ 'ਤੇ ਆਪਣੇ ਖੇਤਰ ਵਿੱਚ ਅੰਦੋਲਨ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਵੱਲੋਂ ਅੱਥਰੂ ਗੈਸ ਦੇ ਗੋਲੇ ਛੱਡਣ ਲਈ ਡਰੋਨ ਦੀ ਵਰਤੋਂ ਕਰਨ 'ਤੇ ਇਤਰਾਜ਼ ਜਤਾਇਆ ਹੈ। ਪਟਿਆਲਾ ਦੇ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅੰਬਾਲਾ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਸ਼ੰਭੂ ਸਰਹੱਦ 'ਤੇ ਪੰਜਾਬ ਦੇ ਅੰਦਰ ਆਪਣੇ ਡਰੋਨ ਨਾ ਭੇਜਣ ਲਈ ਕਿਹਾ ਹੈ। ਹਰਿਆਣਾ ਪੁਲੀਸ ਨੇ ਮੰਗਲਵਾਰ ਨੂੰ ਵੱਖ-ਵੱਖ ਮੰਗਾਂ ਨੂੰ ਲੈ ਕੇ ਕੇਂਦਰ 'ਤੇ ਦਬਾਅ ਬਣਾਉਣ ਲਈ ਦਿੱਲੀ ਵੱਲ ਮਾਰਚ ਕਰਦੇ ਹੋਏ ਬੈਰੀਕੇਡਾਂ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਕਿਸਾਨਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡਣ ਲਈ ਡਰੋਨ ਤਾਇਨਾਤ ਕੀਤਾ ਸੀ।

# ਕਲਾ ਕਿਰਤੀ ਭਵਨ ਵਿੱਚ ਬਸੰਤ ਉਤਸਵ ਦਾ ਆਗਾਜ਼



**ਸ਼ਾਹਬਾਦ ਮਾਰਕੰਡਾ,16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਾ ਕਿਰਤੀ ਭਵਨ ਕੁਰੂਕਸ਼ੇਤਰ ਵਿੱਚ ਅੱਠ ਰੋਜ਼ਾ ਬਸੰਤ ਉਤਸਵ ਆਗਾਜ਼ ਅੱਜ ਹੋ ਗਿਆ ਹੈ। ਇਹ ਉਤਸਵ ਹਰਿਆਣਾ ਕਲਾ ਪ੍ਰੀਸ਼ਦ ਵੱਲੋਂ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਅੱਜ ਪਹਿਲੇ ਦਿਨ ਸਮਾਗਮ ਵਿੱਚ ਹਰਿਆਣਾ ਤੇ ਪੰਜਾਬ ਦੇ ਕਲਾਕਾਰਾਂ ਨੇ ਆਪਣੇ ਸੂਬੇ ਦੇ ਲੋਕ ਰੰਗ ਪੇਸ਼ ਕੀਤੇ। ਬਸੰਤ ਉਤਸਵ ਦੀ ਸ਼ੁਰੂਆਤ ਡਾ. ਜਤਿੰਦਰ ਸ਼ਰਮਾ ਤੇ ਡਾਇਰੈਕਟਰ ਨਗਿੰਦਰ ਸ਼ਰਮਾ ਨੇ ਦੀਪ ਜਗਾ ਕੇ ਕੀਤੀ।ਨਾਗਿੰਦਰ ਸ਼ਰਮਾ ਨੇ ਆਪਣੇ ਸੰਬੋਧਨ ਵਿਚ ਸਭ ਨੂੰ ਬਸੰਤ ਰੁੱਤ ਦੀ ਆਮਦ ਦੀ ਵਧਾਈ ਦਿੱਤੀ ਤੇ ਉਤਸਵ ਦੀ ਰੂਪ-ਰੇਖਾ ਸਾਂਝੀ ਕੀਤੀ।

ਇਸ ਦੌਰਾਨ ਦੀਨ ਦਿਆਲ ਉਪਧਿਆਏ ਸਟੱਡੀ ਸੈਂਟਰ ਦੇ ਡਿਪਟੀ ਡਾਇਰੈਕਟਰ ਸੀ.ਪੀ ਜਤਿੰਦਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਕਲਾਕਾਰ ਹਮੇਸ਼ਾ ਆਪਣੇ ਹੁਨਰ ਨਾਲ ਆਪਣੇ ਸੂਬੇ ਦੇ ਸੱਭਿਆਚਾਰ ਨੂੰ ਪੇਸ਼ ਕਰਦੇ ਹਨ।ਉਨ੍ਹਾਂ ਕਿਹਾ ਕਿ ਲੋਕ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨਾ ਸਿਰਫ ਕਿਸੇ ਸੂਬੇ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਹਨ, ਸਗੋਂ ਉਸ ਸੂਬੇ ਦੇ ਸਮਾਜਿਕ ਮਾਹੌਲ ਦੀ ਝਲਕ ਵੀ ਦਿੰਦੀਆਂ ਹਨ। ਪ੍ਰੋਗਰਾਮ ਦੀ ਪਹਿਲੀ ਪੇਸ਼ਕਾਰੀ ਕੱਥਕ ਨਾਚ ਸੀ, ਜਿਸ ਵਿਚ ਕੁਰੂਕਸ਼ੇਤਰ ਤੋਂ ਡਾ. ਅਮਰਜੀਤ ਕੌਰ ਤੇ ਉਨ੍ਹਾਂ ਦੇ ਸਾਥੀ ਕਲਾਕਾਰਾਂ ਨੇ ਸ਼ਿਵਸਤੂਤੀ ਰੁਦਰਾਸ਼ਟਕਮ ਪੇਸ਼ ਕਰ ਦਰਸ਼ਕਾਂ ਦਾ ਮਨ ਮੋਹਿਆ।

ਰੋਹਤਕ ਤੋਂ ਆਏ ਸ਼ੀਸ਼ਪਾਲ ਤੇ ਉਨ੍ਹਾਂ ਦੇ ਸਾਥੀਆਂ ਨੇ ਬਮ ਲਹਿਰੀ ਨਾਚ, ਪੰਜਾਬ ਦੇ ਪਟਿਆਲਾ ਤੋਂ ਆਏ ਰਵੀ ਕੁੰਨਰ ਤੇ ਉਨ੍ਹਾਂ ਦੇ ਸਾਥੀ ਕਲਾਕਾਰਾਂ ਨੇ ਹੀਰ ਦੀ ਕਲੀ ਗੀਤ ਗਾ ਕੇ ਪੰਜਾਬ ਦੀ ਮਹਿਕ ਨੂੰ ਲੋਕਾਂ ਤੱਕ ਪਹੁੰਚਾਇਆ। ਹਰਿਆਣਵੀ ਪਹਿਰਾਵੇ ਵਿਚ ਕਲਾਕਾਰਾਂ ਨੇ ਘੁਮਾਰ ਨਾਚ ਨਾਲ ਸਭ ਦਾ ਮਨੋਰੰਜਨ ਕੀਤਾ।ਪੰਜਾਬ ਦਾ ਜਿੰਦੂਆ ਲੋਕਾਂ ਨੂੰ ਮੋਹਣ ਵਿਚ ਸਫਲ ਰਿਹਾ। ਇਸ ਤੋਂ ਇਲਾਵਾ ਕੱਥਕ ਨਾਚ ਵਿਚ ਵਰਸ਼ ਮੰਗਲ ਤੇ ਹਰਿਆਣਵੀ ਨਾਚ ਵਿਚ ਸਾਵਨ ਨਾਚ ਵੀ ਸਫਲ ਰਹੇ। ਲੋਕ ਗਾਇਕਾ ਪੂਨਮ ਰਾਣੀ ਨੇ ਗਾਇਕੀ ਵਿਚ ਹਰਿਆਣਵੀ ਸੱਭਿਆਚਾਰ ਦੀ ਝਲਕ ਪਾਈ। ਆਖਰੀ ਪੇਸ਼ਕਾਰੀ ਭੰਗੜਾ ਸੀ ਜਿਸ ਨੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪਹਿਲੇ ਦਿਨ ਦੀ ਸਮਾਪਤ ਮੌਕੇ ਮੁੱਖ ਮਹਿਮਾਨ ਡਾ. ਜਤਿੰਦਰ ਨੇ ਸਾਰੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# ਟਿਊਕਰ ਹੱਦ 'ਤੇ ਕਿਸਾਨਾਂ ਨੇ ਬੈਰੀਕੇਡਾਂ ਨੂੰ ਟੋਚਨ ਪਾਇਆ



**ਪਿਹੋਵਾ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਚੱਲੋ ਪ੍ਰੋਗਰਾਮ ਦੇ ਮੱਦੇਨਜ਼ਰ ਪੰਜਾਬ ਨਾਲ ਲੱਗਦੇ ਹਰਿਆਣਾ ਦੇ ਟਿਊਕਰ ਬਾਰਡਰ 'ਤੇ ਕਿਸਾਨਾਂ ਨੇ ਪੱਕਾ ਮੋਰਚਾ ਲਾ ਦਿੱਤਾ ਹੈ। ਜਾਣਕਾਰੀ ਅਨੁਸਾਰ ਬਾਰਡਰ ਖੋਲ੍ਹਣ ਲਈ ਲਗਪਗ ਦੁਪਹਿਰ ਇੱਕ ਵਜੇ ਦੇ ਕਰੀਬ ਜਦੋਂ ਕਿਸਾਨ ਟਰੈਕਟਰਾਂ ਨਾਲ ਟੋਚਨ ਪਾ ਕੇ ਵੱਡੇ-ਵੱਡੇ ਬੈਰੀਕੇਡਾਂ ਨੂੰ ਖਿੱਚਣ ਲੱਗੇ ਤਾਂ ਪੁਲੀਸ ਪ੍ਰਸ਼ਾਸਨ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਇਸ ਮਗਰੋਂ ਹਰਕਤ ਵਿੱਚ ਆਉਂਦਿਆਂ ਡੀਐੱਸਪੀ ਰਜਤ ਗੁਲੀਆ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਕਿਸਾਨਾਂ ਨੂੰ ਸਮਝਾ ਕੇ ਰੋਕਿਆ ਤਾਂ ਕਿਸਾਨ ਪੰਜਾਬ ਵਾਲੇ ਪਾਸੇ ਤੋਂ ਪਟਿਆਲਾ ਰੋਡ 'ਤੇ ਜਾਮ ਲਗਾ ਕੇ ਬੈਠ ਗਏ। ਕੁਝ ਸਮੇਂ ਬਾਅਦ ਐੱਸਪੀ ਸੁਰਿੰਦਰ ਭੌਰੀਆ ਵੀ ਬਾਰਡਰ 'ਤੇ ਪਹੁੰਚ ਗਏ। ਕਰੀਬ 2 ਘੰਟੇ ਤੱਕ ਟਯੁਕਰ ਬਾਰਡਰ 'ਤੇ ਤਣਾਅਪੂਰਨ ਸਥਿਤੀ ਬਣੀ ਰਹੀ। ਤਣਾਅਪੂਰਨ ਸਥਿਤੀ ਨੂੰ ਦੇਖਦੇ ਹੋਏ ਪੁਲੀਸ ਨੇ ਫਾਇਰ ਬ੍ਰਿਗੇਡ ਅਤੇ ਦੰਗਾ ਵਿਰੋਧੀ ਦਸਤੇ ਨੂੰ ਤਿਆਰ ਰਹਿਣ ਦੇ ਆਦੇਸ਼ ਦਿੱਤੇ ਅਤੇ ਰੈਪਿਡ ਐਕਸ਼ਨ ਫੋਰਸ ਨੂੰ ਤਿਆਰ ਰਹਿਣ ਦੇ ਆਦੇਸ਼ ਦਿੱਤੇ। ਸ਼ਾਮ 5 ਵਜੇ ਤੱਕ ਕਿਸਾਨ ਪੰਜਾਬ ਦੀ ਸਰਹੱਦ 'ਤੇ ਟਰੈਕਟਰ ਲੈਕੇ ਖੜ੍ਹੇ ਸਨ ਅਤੇ ਹਰਿਆਣਾ ਦੀ ਭਾਰੀ ਪੁਲੀਸ ਤਾਇਨਾਤ ਸੀ। ਇਸ ਦੌਰਾਨ ਕਿਸਾਨਾਂ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਬੈਰੀਅਰ ਤੋੜ ਕੇ ਅੱਗੇ ਵਧਣਗੇ।

ਗੂਹਲਾ ਚੀਕਾ (ਰਾਮ ਕੁਮਾਰ ਮਿੱਤਲ): ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਪੁਲੀਸ ਨੇ ਘੱਗਰ ਦਰਿਆ ਦੇ ਪੁਲ 'ਤੇ ਸਖ਼ਤ ਪ੍ਰਬੰਧ ਕੀਤੇ ਹੋਏ ਹਨ। ਜਾਣਕਾਰੀ ਅਨੁਸਾਰ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਕੀਤੀਆਂ ਤਿਆਰੀਆਂ ਵਜੋਂ ਚੀਕਾ ਤੋਂ ਹਰਿਆਣਾ ਹੱਦ ਤੱਕ ਲਗਪਗ 5 ਕਿਲੋਮੀਟਰ ਦਾ ਖੇਤਰ ਅੱਜ ਪੂਰਾ ਦਿਨ ਪੁਲੀਸ ਛਾਉਣੀ ਬਣੀ ਰਹੀ। ਇਸ ਦੌਰਾਨ ਸਥਾਨਕ ਪੁਲੀਸ ਦੇ ਨਾਲ-ਨਾਲ ਪੈਰਾ ਮਿਲਟਰੀ ਫੋਰਸ ਦੇ ਜਵਾਨ ਜਗ੍ਹਾ-ਜਗ੍ਹਾ ਤਾਇਨਾਤ ਰਹੇ। ਪਤਾ ਲੱਗਾ ਹੈ ਕਿ ਇੱਥੇ ਪ੍ਰਸ਼ਾਸਨ ਵੱਲੋਂ ਅੱਥਰੂ ਗੈਸ, ਵਾਟਰ ਕੈਨਨ, ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਬੱਸਾਂ, ਫਾਇਰ ਬ੍ਰਿਗੇਡ, ਐਂਬੂਲੈਂਸ, ਕੰਟੇਨਰ ਅਤੇ ਕੰਕਰੀਟ ਦੀਆਂ ਕੱਧਾਂ ਨਾਲ ਕਿਲ੍ਹਾਬੰਦੀ ਕੀਤੀ ਗਈ ਹੈ। ਇਸ ਦੇ ਨਾਲ ਹੀ ਆਈਜੀ ਕਰਨਾਲ ਸਤੇਂਦਰ ਗੁਪਤਾ, ਡਿਪਟੀ ਕਮਿਸ਼ਨਰ ਪ੍ਰਸ਼ਾਂਤ ਕੁਮਾਰ ਤੇ ਹੋਰ ਉਚ ਅਧਿਕਾਰੀ ਇੱਥੇ ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਦਿਨ ਭਰ ਮੌਜੂਦ ਰਹੇ।

ਇਸ ਦੌਰਾਨ ਪੰਜਾਬ ਤੋਂ ਕੁਝ ਕਿਸਾਨ ਹਾਲਾਤ ਦਾ ਜਾਇਜ਼ਾ ਲੈਣ ਲਈ ਪੈਦਲ ਆਏ ਪਰ ਪੁਲੀਸ ਨੇ ਉਨ੍ਹਾਂ ਨੂੰ ਨਾ ਤਾਂ ਨਾਕੇ 'ਤੇ ਰੁਕਣ ਦਿੱਤਾ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਵੀਡੀਓ ਬਣਾਉਣ ਦੀ ਇਜਾਜ਼ਤ ਦਿੱਤੀ। ਪੁਲੀਸ ਅਧਿਕਾਰੀਆਂ ਨੇ ਸਖਤੀ ਨਾਲ ਅੱਧਾ ਦਰਜਨ ਕਿਸਾਨਾਂ ਨੂੰ ਵਾਪਸ ਪੰਜਾਬ ਭੇਜ ਦਿੱਤਾ। ਇਸ ਮਗਰੋਂ ਕੋਈ ਕਿਸਾਨ ਗੂਹਲਾ-ਚੀਕਾ ਬਾਰਡਰ ਅਤੇ ਹੋਰ ਸੜਕਾਂ ਰਾਹੀਂ ਇੱਤੇ ਨਹੀਂ ਪੁੱਜਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਈਜੀ ਸਤੇਂਦਰ ਗੁਪਤਾ ਨੇ ਕਿਹਾ ਕਿ ਕਿਸਾਨ ਨਹੀਂ ਆਏ ਤਾਂ ਇਹ ਚੰਗੀ ਗੱਲ ਹੈ ਪਰ ਪ੍ਰਸ਼ਾਸਨ ਨੇ ਆਪਣੀ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਪੁਖਤਾ ਪ੍ਰਬੰਧ ਕੀਤੇ ਹੋਏ ਹਨ।

# ਟਰਾਂਸਫਾਰਮਰਾਂ 'ਚੋਂ ਤੇਲ ਚੋਰੀ ਕਰਨ 'ਤੇ ਕੇਸ ਦਰਜ

**ਰਤੀਆ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਪਿਲਛੀਆਂ ਦੇ ਖੇਤਾਂ ਵਿੱਚ ਲੱਗੇ ਬਿਜਲੀ ਦੇ ਟਰਾਂਸਫਾਰਮਰਾਂ 'ਚੋਂ ਤੇਲ ਚੋਰੀ ਹੋ ਗਿਆ ਹੈ। ਇਸ ਸਬੰਧੀ ਸਦਰ ਥਾਣਾ ਪੁਲੀਸ ਨੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਉਪ ਮੰਡਲ ਅਧਿਕਾਰੀ ਅਸ਼ੋਕ ਪੰਨੂ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਵਿਅਕਤੀਆਂ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਅਧਿਕਾਰੀ ਨੇ ਪੁਲੀਸ ਨੂੰ ਦੱਸਿਆ ਕਿ ਉਨ੍ਹਾਂ ਦੇ ਦਫਤਰ ਵਿਚ ਬੀਤੇ ਦਿਨ ਪਿੰਡ ਪਿਲਛੀਆਂ ਦੇ ਪਿਆਰਾ ਸਿੰਘ ਅਤੇ ਮੰਗਤੂ ਸਿੰਘ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਖੇਤ ਵਿਚ ਲੱਗੇ ਬਿਜਲੀ ਦੇ ਟਰਾਂਸਫਾਰਮਰਾਂ 'ਚੋਂ ਤੇਲ ਚੋਰੀ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਉਪਰੋਕਤ ਸ਼ਿਕਾਇਤ ਮਿਲਣ ਉਪਰੰਤ ਜੇ.ਈ ਅਤੇ ਇੰਚਾਰਜ ਅਰੁਣ ਕੁਮਾਰ ਨੇ ਘਟਨਾ ਸਥਾਨ ਦੀ ਜਾਂਚ ਕੀਤੀ ਸੀ। ਇਸ ਮਗਰੋਂ ?ਕੇਸ ਦਰਜ ਕੀਤਾ ਗਿਆ ?ਹੈ।

# ਬੱਸਾਂ ਸਬੰਧੀ ਦਿੱਕਤਾਂ ਦੇ ਹੱਲ ਲਈ ਵਿਦਿਆਰਥੀਆਂ ਵੱਲੋਂ ਮਾਰਚ

**ਬਠਿੰਡਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੀ ਅਗਵਾਈ ਹੇਠ ਬਠਿੰਡਾ ਸ਼ਹਿਰ ਦੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਵੱਲੋਂ ਬੱਸਾਂ ਸਬੰਧੀ ਲਟਕਦੇ ਮਸਲਿਆਂ ਦੇ ਹੱਲ ਲਈ ਰੋਸ ਮਾਰਚ ਕੱਢਿਆ ਗਿਆ।

ਇਸ ਮੌਕੇ ਬਠਿੰਡਾ ਡਿੱਪੂ ਦੇ ਜਨਰਲ ਮੈਨੇਜਰ ਦੇ ਦਫ਼ਤਰ ਅੱਗੇ ਧਰਨਾ ਦੇਣ ਤੋਂ ਬਾਅਦ ਮੰਗ ਪੱਤਰ ਸੌਂਪਿਆ ਗਿਆ। ਧਰਨੇ ਨੂੰ ਜਥੇਬੰਦੀ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ, ਗੁਰਵਿੰਦਰ ਕੁਸਲਾ (ਰੀਜ਼ਨਲ ਸੈਂਟਰ) ਅਤੇ ਪਰਮਿੰਦਰ ਕੌਰ (ਰਜਿੰਦਰਾ ਕਾਲਜ) ਨੇ ਸੰਬੋਧਿਤ ਕੀਤਾ।

ਧਰਨੇ ਵਿੱਚ ਪੀ.ਆਰ.ਟੀ.ਸੀ. ਕੱਚੇ ਮੁਲਾਜ਼ਮਾਂ ਦੀ ਜਥੇਬੰਦੀ ਹਮਾਇਤ ਵਜੋਂ ਸ਼ਾਮਲ ਹੋਈ ਅਤੇ ਆਗੂਆਂ ਕੁਲਵੰਤ ਸਿੰਘ ਮਨੇਸ, ਕੁਲਦੀਪ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਵਫਦ ਵੱਲੋਂ ਜਨਰਲ ਮੈਨੇਜਰ ਪੀਆਰਟੀਸੀ ਰਾਹੀਂ ਟਰਾਂਸਪੋਰਟ ਮੰਤਰੀ ਨੂੰ ਮੰਗ ਪੱਤਰ ਦਿੱਤਾ।

ਉਨ੍ਹਾਂ ਕਿਹਾ ਕਿ ਵਿਦਿਆਰਥੀ ਕਈ-ਕਈ ਘੰਟੇ ਬੱਸ ਸਟੈਂਡਾਂ 'ਤੇ ਖੜ੍ਹੇ ਰਹਿੰਦੇ ਹਨ ਪਰ ਬੱਸਾਂ ਉਨ੍ਹਾਂ ਨੂੰ ਚੜ੍ਹਾਏ ਬਿਨਾਂ ਹੀ ਲੰਘ ਜਾਂਦੀਆਂ ਹਨ।

ਵਿਦਿਆਰਥੀਆਂ ਨੇ ਮੰਗ ਕੀਤੀ ਕਿ ਸਾਰੇ ਬੱਸ ਸਟੈਂਡਾਂ 'ਤੇ ਬੱਸਾਂ ਰੋਕੀਆਂ ਜਾਣ, ਵਿਦਿਆਰਥੀਆਂ ਨੂੰ ਚੜ੍ਹਾਇਆ ਜਾਵੇ, ਨਿੱਜੀ ਬੱਸਾਂ ਵਿੱਚ ਪਾਸ ਦੀ ਸਹੂਲਤ ਦਿੱਤੀ ਜਾਵੇ ਤੇ ਸਰਕਾਰੀ ਬੱਸਾਂ ਦੀ ਗਿਣਤੀ ਵਧਾਈ ਜਾਵੇ। ਧਰਨੇ ਵਿੱਚ ਖੁਸ਼ਪ੍ਰੀਤ ਕੌਰ, ਰੁਪਿੰਦਰ ਕੌਰ, ਜਸ਼ਨਪ੍ਰੀਤ ਸਿੰਘ, ਰਾਜਦੀਪ ਸਿੰਘ, ਅਮਰਜੀਤ ਸਿੰਘ, ਅਵਤਾਰ ਸਿੰਘ, ਰਾਜਪਾਲ ਸਿੰਘ, ਰਾਜਵੀਰ ਕੌਰ, ਪ੍ਰਭਜੋਤ ਕੌਰ ਸ਼ਾਮਲ ਸਨ।

# ਕਰੇਟਾ ਸਵਾਰਾਂ ਨੇ ਤਿੰਨ ਵਾਹਨਾਂ ਨੂੰ ਟੱਕਰ ਮਾਰੀ; ਲੜਕੀ ਹਲਾਕ




**ਦੀਨਾਨਗਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰੇਟਾ ਗੱਡੀ 'ਚ ਸਵਾਰ ਤਿੰਨ ਹੁੱਲੜਬਾਜ਼ਾਂ ਨੇ ਅੱਜ ਦੀਨਾਨਗਰ ਸ਼ਹਿਰ 'ਚੋਂ ਲੰਘਦੇ ਮੁੱਖ ਰੋਡ 'ਤੇ ਤਿੰਨ ਵਾਹਨਾਂ ਨੂੰ ਟੱਕਰ ਮਾਰੀ ਜਿਸ ਕਾਰਨ 17 ਸਾਲਾ ਲੜਕੀ ਦੀ ਮੌਤ ਹੋ ਗਈ ਤੇ ਚਾਰ ਗੰਭੀਰ ਜ਼ਖ਼ਮੀ ਹੋ ਗਏ।

ਹਾਦਸੇ 'ਚ ਮਾਰੀ ਗਈ ਲੜਕੀ ਦੀ ਪਛਾਣ ਕਿਰਨ ਵਾਸੀ ਨਜ਼ਦੀਕ ਓਹਰੀ ਨਰਸਰੀ ਦੀਨਾਨਗਰ ਵਜੋਂ ਹੋਈ ਹੈ ਜਦਕਿ ਗੰਭੀਰ ਹਾਲਤ 'ਚ ਜ਼ਖ਼ਮੀ ਉਸ ਦੀ ਰਿਸ਼ਤੇਦਾਰ ਵਸ਼ਿਕਾ (14 ਸਾਲ) ਵੈਂਟੀਲੇਟਰ 'ਤੇ ਪਈ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ। ਇਹ ਦੋਨੋਂ ਕਿਰਨ ਹਸਪਤਾਲ 'ਚ ਦਾਖ਼ਲ ਆਪਣੇ ਭਰਾ ਨੂੰ ਮਿਲ ਕੇ ਘਰ ਪਰਤ ਰਹੀਆਂ ਸਨ। ਹਾਦਸੇ ਤੋਂ ਬਾਅਦ ਦੋਨਾਂ ਨੂੰ ਅਬਰੋਲ ਹਸਪਤਾਲ ਗੁਰਦਾਸਪੁਰ ਦਾਖ਼ਲ ਕਰਵਾਇਆ ਗਿਆ ਸੀ।

ਦੂਸਰੇ ਹਾਦਸੇ ਵਿੱਚ ਕਰੇਟਾ ਗੱਡੀ ਵੱਲੋਂ ਐਸਐਸਐਮ ਕਾਲਜ ਦੀਨਾਨਗਰ ਦੇ ਬਾਹਰ ਖੜ੍ਹੀ ਮਾਰੂਤੀ ਕਾਰ ਨੰਬਰ ਪੀਬੀ 06 ਡੀ 4580 ਨੂੰ ਟੱਕਰ ਮਾਰੀ ਗਈ ਅਤੇ ਇਸ ਵਿੱਚ ਬੈਠੀ ਇੱਕ ਔਰਤ ਤੇ ਉਸਦੇ ਫ਼ੌਜੀ ਲੜਕੇ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਹਾਦਸੇ ਵਿੱਚ ਔਰਤ ਦੀ ਜੀਭ ਕੱਟੀ ਗਈ ਹੈ ਜਦਕਿ ਫ਼ੌਜੀ ਨੌਜਵਾਨ ਦੇ ਵੀ ਗੰਭੀਰ ਸੱਟਾਂ ਲੱਗੀਆਂ ਹਨ। ਇਹ ਦੋਨੋਂ ਮਿਲਟਰੀ ਹਸਪਤਾਲ ਪਠਾਨਕੋਟ ਵਿਖੇ ਜ਼ੇਰੇ ਇਲਾਜ ਹਨ। ਕਰੇਟਾ ਗੱਡੀ ਵੱਲੋਂ ਤੀਸਰੀ ਟੱਕਰ ਮਾਰ ਕੇ ਇੱਕ ਕਾਲਜ ਵਿਦਿਆਰਥਣ ਨੂੰ ਜ਼ਖ਼ਮੀ ਕਰਨ ਦੀ ਖ਼ਬਰ ਵੀ ਹੈ ਪਰ ਇਸਦੀ ਪੁਸ਼ਟੀ ਨਹੀਂ ਹੋ ਸਕੀ। ਪੁਲੀਸ ਨੇ ਐਸਐਸਐਮ ਕਾਲਜ ਨੇੜੇ ਐਕਸੀਡੈਂਟ ਤੋਂ ਬਾਅਦ ਹੁੱਲੜਬਾਜ਼ ਨੌਜਵਾਨਾਂ ਨੂੰ ਕਾਬੂ ਕਰ ਲਿਆ ਪਰ ਇਸ ਦੌਰਾਨ ਇਕ ਜਣਾ ਫ਼ਰਾਰ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਕਰੇਟਾ ਸਵਾਰ ਤਿੰਨਾਂ ਨੌਜਵਾਨਾਂ ਨੇ ਨਸ਼ਾ ਕੀਤਾ ਹੋਇਆ ਸੀ, ਜਿਨ੍ਹਾਂ ਦੀ ਆਮ ਲੋਕਾਂ ਨੇ ਫੜ ਕੇ ਕੁਟਾਈ ਵੀ ਕੀਤੀ ਗਈ।

# ਆਰੀਆ ਸਕੂਲ ਦਾ ਸਥਾਪਨਾ ਦਿਵਸ ਮਨਾਇਆ

**ਯਮੁਨਾਨਗਰ, 13 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਗਾਧਰੀ ਵਿੱਚ 77ਵਾਂ ਸਥਾਪਨਾ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਵਿੱਚ ਸਕੂਲ ਸਿੱਖਿਆ ਮੰਤਰੀ ਕੰਵਰਪਾਲ ਗੁੱਜਰ ਮੁੱਖ ਮਹਿਮਾਨ ਅਤੇ ਆਰੀਆ ਪ੍ਰਤੀਨਿੱਧੀ ਸਭਾ ਹਰਿਆਣਾ ਦੇ ਮੁਖੀ ਸੇਠ ਰਾਧਾ ਕ੍ਰਿਸ਼ਨ ਆਰੀਆ ਅਤੇ ਗੁਰੂਕੁਲ ਕੁਰੂਕਸ਼ੇਤਰ ਦੇ ਮੁਖੀ ਰਾਜਕੁਮਾਰ ਗਰਗ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਮੌਕੇ ਕੌਮੀ ਬਾਸਕਟਬਾਲ ਖਿਡਾਰਨ ਕੋਮਲ ਕੁਮਾਰੀ ਨੂੰ ਮੰਤਰੀ ਵੱਲੋਂ ਸਨਮਾਨਿਤ ਕੀਤਾ ਤੇ ਆਸ਼ੀਰਵਾਦ ਦਿੰਦਿਆਂ ਉੱਜਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਗਾਧਰੀ ਦੀ ਵਿਦਿਆਰਥਣ ਕੋਮਲ ਕੁਮਾਰੀ ਨੇ ਅੰਡਰ-17 ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਕਰਵਾਏ ਬਾਸਕਟਬਾਲ ਮੁਕਾਬਲੇ ਵਿੱਚ ਕੌਮੀ ਪੱਧਰ 'ਤੇ ਹਰਿਆਣਾ ਦੀ ਤਰਫੋਂ ਦੂਜਾ ਸਥਾਨ ਹਾਸਲ ਕੀਤਾ।

ਹਰਿਆਣਾ ਦੇ 22 ਜ਼ਿਲ੍ਹਿਆਂ ਦੀਆਂ 300 ਦੇ ਕਰੀਬ ਖਿਡਾਰਨਾਂ ਵਿੱਚੋਂ ਯਮੁਨਾਨਗਰ ਦੀ ਇਕਲੌਤੀ ਕੋਮਲ ਕੁਮਾਰੀ ਪਹਿਲੀਆਂ 12 ਖਿਡਾਰਨਾਂ ਵਿੱਚੋਂ ਚੁਣੀ ਗਈ ਅਤੇ 67ਵੇਂ ਸਥਾਨ 'ਤੇ ਹਰਿਆਣਾ ਦੀ ਤਰਫੋਂ ਦੂਜਾ ਸਥਾਨ ਹਾਸਲ ਕਰਕੇ ਨਾ ਸਿਰਫ਼ ਹਰਿਆਣਾ ਸਗੋਂ ਆਪਣੇ ਦੇਸ਼ ਦਾ ਨਾਂ ਰੌਸ਼ਨ ਕੀਤਾ। ਯਮੁਨਾਨਗਰ ਬਾਸਕਟਬਾਲ ਐਸੋਸੀਏਸ਼ਨ ਦੇ ਸਕੱਤਰ ਡਾ. ਗੋਪਾਲ ਸਿੰਘ ਨੇ ਇਸ ਮੌਕੇ ਕੋਮਲ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਯਮੁਨਾਨਗਰ ਲਈ ਇਹ ਖੁਸ਼ੀ ਦਾ ਮੌਕਾ ਹੈ। ਪ੍ਰਿੰਸੀਪਲ ਸਵਿਤਾ ਸ਼ਰਮਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਕਰਦਿਆਂ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸਮਾਗਮ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਰਿਸ਼ਵਤ ਲੈਂਦਾ ਏਐੱਸਆਈ ਰੰਗੇ ਹੱਥੀਂ ਗ੍ਰਿਫ਼ਤਾਰ

**ਜਲਾਲਾਬਾਦ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਥਾਣਾ ਜਲਾਲਾਬਾਦ ਸਿਟੀ ਵਿੱਚ ਤਾਇਨਾਤ ਸਹਾਇਕ ਏਐੱਸਆਈ ਸਰੂਪ ਸਿੰਘ ਨੂੰ 4,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਨੂੰ ਸੁਰਜੀਤ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।



ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੋਸ਼ ਲਾਇਆ ਸੀ ਕਿ ਉਕਤ ਪੁਲੀਸ ਮੁਲਾਜ਼ਮ ਨੇ ਉਸ ਖਿਲਾਫ਼ ਦਰਜ ਪੁਲੀਸ ਕੇਸ ਵਿੱਚ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕਰਨ ਬਦਲੇ ਉਸ ਤੋਂ 20,000 ਰੁਪਏ ਰਿਸ਼ਵਤ ਮੰਗੀ ਸੀ ਅਤੇ ਸੌਦਾ 17,000 ਰੁਪਏ ਵਿੱਚ ਤੈਅ ਹੋਇਆ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਪੁਲੀਸ ਮੁਲਾਜ਼ਮ ਉਸ ਤੋਂ ਪਹਿਲਾਂ ਵੀ ਤਿੰਨ ਕਿਸ਼ਤਾਂ 'ਚ 10,000, 2,000 ਅਤੇ 1,000 ਰੁਪਏ ਲੈ ਚੁੱਕਾ ਸੀ ਅਤੇ ਰਿਸ਼ਵਤ ਦੇ ਬਾਕੀ 4,000 ਰੁਪਏ ਮੰਗ ਰਿਹਾ ਸੀ। ਸ਼ਿਕਾਇਤਕਰਤਾ ਨੇ ਸਬੂਤ ਵਜੋਂ ਮੁਲਜ਼ਮ ਵੱਲੋਂ ਰਿਸ਼ਵਤ ਮੰਗਣ ਦੀ ਕਾਲ ਰਿਕਾਰਡ ਵੀ ਵਿਜੀਲੈਂਸ ਨੂੰ ਸੌਂਪੀ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਰੇਂਜ ਨੇ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਜਾਲ ਵਿਛਾਇਆ ਅਤੇ ਉਕਤ ਪੁਲੀਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ। ਇਸ ਸਬੰਧੀ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿੱਚ ਕੇਸ ਦਰਜ ਕਰ ਕੇ ਕਾਰਵਾਈ ਆਰੰਭ ਦਿੱਤੀ ਗਈ ਹੈ।

# ਵਿਧਾਇਕ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਰਤੀਆ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਲਛਮਣ ਨਾਪਾ ਨੇ ਪਿੰਡ ਚੱਲੋ ਮੁਹਿੰਮ ਤਹਿਤ ਭਿਰਡਾਨਾ ਵਿੱਚ ਕਰਵਾਏ ਇੱਕ ਰੋਜ਼ਾ ਠਹਿਰਾਓ ਦੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪ੍ਰੋਗਰਾਮ ਵਿੱਚ ਹਾਜ਼ਰ ਲੋਕਾਂ ਨੂੰ ਕੇਂਦਰ ਅਤੇ ਹਰਿਆਣਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਅਤੇ ਨੀਤੀਆਂ ਬਾਰੇ ਜਾਣੂ ਕਰਵਾਇਆ।ਉਨ੍ਹਾਂ ਬੂਥ ਪ੍ਰਧਾਨ, ਵਰਕਰਾਂ, ਆਸ਼ਾ ਵਰਕਰਾਂ ਅਤੇ ਪਿੰਡ ਦੇ ਪਤਵੰਤਿਆਂ ਨਾਲ ਗੱਲਬਾਤ ਕੀਤੀ ਅਤੇ ਇੱਕ ਵਾਰ ਫਿਰ ਮੋਦੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਇਸ ਦੌਰਾਨ ਵਿਧਾਇਕ ਲਛਮਣ ਨਾਪਾ ਨੇ ਪੀਐਚਸੀ ਭਿਰਡਾਨਾ ਅਤੇ ਸਰਕਾਰੀ ਸਕੂਲ ਦਾ ਨਿਰੀਖਣ ਕੀਤਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਵਰਕਰਾਂ ਨੂੰ ਡਿਊਟੀ 'ਤੇ ਲਗਾ ਕੇ ਸਰਕਾਰੀ ਸਕੀਮਾਂ ਦਾ ਲਾਭ ਪਿੰਡ ਦੇ ਹਰ ਘਰ ਤੱਕ ਪਹੁੰਚਾਉਣਾ ਯਕੀਨੀ ਬਣਾਇਆ। ਉਨ੍ਹਾਂ ਕਿਹਾ ਕਿ ਭਾਜਪਾ ਦੇ ਵਰਕਰ ਪਿੰਡਾਂ ਵਿੱਚ ਘਰ-ਘਰ ਜਾ ਕੇ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾ ਰਹੇ ਹਨ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਵਿਧਾਇਕ ਬਣਾ ਕੇ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਹਮੇਸ਼ਾ ਲੋਕਾਂ ਦੀ ਭਲਾਈ ਲਈ ਵਰਤਣਗੇ। ਕੋਈ ਵੀ ਵਿਅਕਤੀ ਇਸ ਨੂੰ ਆਪਣਾ ਅਧਿਕਾਰ ਸਮਝਦੇ ਹੋਏ ਆਪਣੀ ਸਮੱਸਿਆ ਜਾਂ ਰਾਏ ਉਨ੍ਹਾਂ ਨਾਲ ਸਾਂਝਾ ਕਰ ਸਕਦਾ ਹੈ। ਇਸ ਦੌਰਾਨ ਵਿਧਾਇਕ ਨੇ ਭਾਜਪਾ ਵਰਕਰ ਸੰਦੀਪ ਕੰਬੋਜ ਦੀ ਰਿਹਾਇਸ਼ 'ਤੇ ਰੱਖੇ ਰਿਫਰੈਸ਼ਮੈਂਟ ਪ੍ਰੋਗਰਾਮ 'ਚ ਸ਼ਿਰਕਤ ਕੀਤੀ। ਇਸ ਮੌਕੇ ਜ਼ਿਲਾ ਮੀਤ ਪ੍ਰਧਾਨ ਇੰਦਰ ਗਾਵੜੀ, ਮੰਡਲ ਪ੍ਰਧਾਨ ਹਵਾ ਸਿੰਘ, ਹਰੀਸ਼ ਆਹੂਜਾ, ਮੱਖਣ ਬੁੱਕ, ਕਾਰਜਕਾਰਨੀ ਮੈਂਬਰ ਰਮੇਸ਼ ਮਹਿਤਾ, ਮੁਕੇਸ਼ ਗੋਦਾਰਾ, ਮਨੋਜ ਚੰਦੇਲ, ਮੋਹਨ ਲਾਲ ਸਮੇਤ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਸੁਪਰੀਮ ਕੋਰਟ ਨੇ ਚੋਣ ਬਾਂਡ ਯੋਜਨਾ ਰੱਦ ਕੀਤੀ, ਗ਼ੈਰ-ਸੰਵਿਧਾਨਕ ਕਰਾਰ




**ਨਵੀਂ ਦਿੱਲੀ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਚੋਣ ਬਾਂਡ ਯੋਜਨਾ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਸੂਚਨਾ ਦੇ ਅਧਿਕਾਰ ਅਤੇ ਸੰਵਿਧਾਨ ਵੱਲੋਂ ਗਾਰੰਟੀਸ਼ੁਦਾ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਕਰਦੀ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਯੋਜਨਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਦੋ ਵੱਖ-ਵੱਖ ਪਰ ਸਰਬਸੰਮਤੀ ਨਾਲ ਫ਼ੈਸਲਾ ਸੁਣਾਏ। ਚੀਫ਼ ਜਸਟਿਸ ਨੇ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਹੈ।

ਬੈਂਚ ਨੇ ਕਿਹਾ ਕਿ ਨਾਗਰਿਕਾਂ ਦੀ ਨਿੱਜਤਾ ਦੇ ਮੌਲਿਕ ਅਧਿਕਾਰ ਵਿੱਚ ਸਿਆਸੀ ਨਿੱਜਤਾ ਦਾ ਅਧਿਕਾਰ ਵੀ ਸ਼ਾਮਲ ਹੈ। ਸਰਕਾਰ ਵੱਲੋਂ 2 ਜਨਵਰੀ, 2018 ਨੂੰ ਚੋਣ ਬਾਂਡ ਯੋਜਨਾ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ।

# ਸਾਨੂੰ ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕੇ 'ਤੇ ਇਤਰਾਜ਼ ਹੈ: ਖੱਟਰ



**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਸਾਨ ਅੰਦੋਲਨ ਬਾਰੇ ਅੱਜ ਕਿਹਾ ਕਿ ਹਰ ਕਿਸੇ ਦਾ ਜਮਹੂਰੀ ਹੱਕ ਹੈ। ਕਿਸਾਨ ਦਿੱਲੀ ਜਾ ਸਕਦੇ ਹਨ ਪਰ ਇਸ ਦੇ ਪਿੱਛੇ ਦੀ ਨੀਅਤ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ। ਸਰਕਾਰ ਨੂੰ ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕਿਆਂ 'ਤੇ ਇਤਰਾਜ਼ ਹੈ। ਪ੍ਰਦਰਸ਼ਨਕਾਰੀ ਇੰਝ ਅੱਗੇ ਵਧ ਰਹੇ ਹਨ, ਜਿਵੇਂ ਕੋਈ ਫੌਜ ਹਮਲਾ ਕਰਨ ਲਈ ਅੱਗੇ ਵਧ ਰਹੀ ਹੋਵੇ। ਉਨ੍ਹਾਂ ਕੋਲ ਜੇਸੀਬੀ, ਇੱਕ ਸਾਲ ਦਾ ਰਾਸ਼ਨ ਤੇ ਟਰੈਕਟਰ-ਟਰਾਲੀਆਂ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਅੱਜ ਚੰਡੀਗੜ੍ਹ 'ਚ ਕਿਸਾਨਾਂ ਤੇ ਕੇਂਦਰੀ ਮੰਤਰੀਆਂ ਵਿਚਾਲੇ ਹੋਣ ਵਾਲੀ ਗੱਲਬਾਤ 'ਚੋਂ ਕੋਈ ਨਤੀਜਾ ਨਿਕਲੇਗਾ।

# ਕੇਂਦਰ ਤੇ ਕਿਸਾਨ ਆਗੂਆਂ ਵਿਚਾਲੇ ਤੀਜੀ ਬੈਠਕ ਵੀ ਰਹੀ ਬੇਸਿੱਟਾ, ਐਤਵਾਰ ਨੂੰ ਫਿਰ ਹੋਵੇਗੀ ਮੀਟਿੰਗ



**ਚੰਡੀਗੜ੍ਹ, 16 ਫਰਵਰੀ**
**-ਸ਼ਿਵ ਨਰਾਇਣ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਸੈਕਟਰ 26 ਸਥਿਤ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਿਸਟ੍ਰੇਸ਼ਨ ਵਿਖੇ ਕਰੀਬ 6 ਘੰਟੇ ਤੱਕ ਚੱਲੀ ਕੇਂਦਰੀ ਮੰਤਰੀਆਂ ਤੇ ਕਿਸਾਨਾਂ ਦੀ ਮੀਟਿੰਗ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਜਾਣਕਾਰੀ ਮੁਤਾਬਕ ਕਿਸਾਨਾਂ ਅਤੇ ਕੇਂਦਰ ਵਿਚਾਲੇ ਐੱਮ.ਐੱਸ.ਪੀ. ਗਾਰੰਟੀ ਨੂੰ ਲੈ ਕੇ ਸਹਿਮਤੀ ਨਹੀਂ ਬਣ ਸਕੀ ਹੈ।

ਜਾਣਕਾਰੀ ਮੁਤਾਬਕ ਕਿਸਾਨ ਆਗੂਆਂ ਤੇ ਕੇਂਦਰੀ ਮੰਤਰੀਆਂ ਵਿਚਾਲੇ ਮੀਟਿੰਗ ਵਧੀਆ ਮਾਹੌਲ 'ਚ ਹੋਈ ਹੈ। ਇਸ ਦੌਰਾਨ ਕਿਸਾਨ ਲਗਾਤਾਰ ਐੱਮ.ਐੱਸ.ਪੀ. ਦੀ ਗਾਰੰਟੀ ਦੀ ਮੰਗ 'ਤੇ ਅੜੇ ਹੋਏ ਸਨ, ਪਰੰਤੂ ਕਿਸਾਨ ਸੰਗਠਨਾਂ ਤੇ ਕੇਂਦਰੀ ਮੰਤਰੀਆਂ ਵਿਚਾਲੇ ਇਸ ਗੱਲ ਨੂੰ ਲੈ ਕੇ ਸਹਿਮਤੀ ਨਹੀਂ ਬਣ ਸਕੀ। ਹਾਲਾਂਕਿ ਕਿਸਾਨ ਆਗੂਆਂ ਮੁਤਾਬਕ ਇਹ ਮੀਟਿੰਗ ਵਧੀਆ ਮਾਹੌਲ 'ਚ ਹੋਈ ਹੈ ਤੇ ਕੇਂਦਰੀ ਮੰਤਰੀਆਂ ਨੇ ਐਤਵਾਰ ਨੂੰ ਇਸ ਬਾਰੇ ਵਧੀਆ ਤੇ ਵਿਸਥਾਰਪੂਰਵਕ ਚਰਚਾ ਕਰਨ ਦਾ ਵੀ ਭਰੋਸਾ ਦਿਵਾਇਆ ਹੈ। ਹੁਣ ਕਿਸਾਨਾਂ ਤੇ ਕੇਂਦਰ ਵਿਚਾਲੇ ਚੌਥੇ ਗੇੜ ਦੀ ਬੈਠਕ ਐਤਵਾਰ 18 ਜਨਵਰੀ ਨੂੰ ਸੱਦੀ ਗਈ ਹੈ।

ਜ਼ਿਕਰਯੋਗ ਹੈ ਕਿ ਇਸ ਮੀਟਿੰਗ 'ਚ 17 ਕਿਸਾਨ ਆਗੂਆਂ ਤੋਂ ਇਲਾਵਾ ਦਿੱਲੀ ਤੋਂ ਕੇਂਦਰੀ ਮੰਤਰੀ ਪੀਯੂਸ਼ ਗੋਇਲ, ਅਰਜੁਨ ਮੁੰਡਾ ਤੇ ਨਿਤਿਆਨੰਦ ਰਾਏ ਸ਼ਾਮਲ ਹੋਣ ਲਈ ਚੰਡੀਗੜ੍ਹ ਆਏ ਸਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਵਿੱਤ ਮੰਤਰੀ ਹਰਪਾਲ ਚੀਮਾ ਵੀ ਕਿਸਾਨਾਂ ਦਾ ਪੱਖ ਰੱਖਣ ਲਈ ਮੀਟਿੰਗ 'ਚ ਮੌਜੂਦ ਸਨ।

ਕਿਸਾਨਾਂ ਨਾਲ ਮੀਟਿੰਗ ਮਗਰੋਂ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਅਰਜੁਨ ਮੁੰਡਾ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਖੁੱਲ੍ਹ ਕੇ ਸੁਣਿਆ ਗਿਆ ਹੈ। ਇਨ੍ਹਾਂ ਮੰਗਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ। ਐਤਵਾਰ ਨੂੰ ਅਗਲੀ ਮੀਟਿੰਗ ਵਿਚ ਕਿਸਾਨਾਂ ਨਾਲ ਗੱਲਬਾਤ ਜਾਰੀ ਰੱਖੀ ਜਾਵੇਗੀ। ਉਨ੍ਹਾਂ ਆਸ ਜਤਾਈ ਕਿ ਸਰਕਾਰ ਤੇ ਕਿਸਾਨ ਰੱਲ ਕੇ ਸ਼ਾਂਤੀਪੂਰਨ ਢੰਗ ਨਾਲ ਮਸਲੇ ਦਾ ਹੱਲ ਲੱਭ ਲੈਣਗੇ।

ਇਸ ਦੌਰਾਨ ਜਿੱਥੇ ਹਰਿਆਣਾ ਦੇ ਕਈ ਇਲਾਕਿਆਂ ਵਿਚ ਇੰਟਰਨੈੱਟ ਬੰਦ ਕੀਤਾ ਗਿਆ ਹੈ, ਉੱਥੇ ਹੀ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਵਿਚ ਵੀ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਹੈ। ਵੀਰਵਾਰ ਰਾਤ ਨੂੰ ਕਿਸਾਨਾਂ ਅਤੇ ਕੇਂਦਰੀ ਮੰਤਰੀਆਂ ਵਿਚਾਲੇ ਹੋਈ ਮੀਟਿੰਗ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਇੰਟਰਨੈੱਟ ਸੇਵਾਵਾਂ ਬਹਾਲ ਕਰਨ @ਤੇ ਸਹਿਮਤੀ ਬਣ ਗਈ ਹੈ।

ਮੀਟਿੰਗ ਮਗਰੋਂ ਕਿਸਾਨ ਆਗੂਆਂ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਦਾ ਅਹਿਮ ਬਿਆਨ ਸਾਹਮਣੇ ਆਇਆ ਹੈ। ਦੋਹਾਂ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਵਿਸਥਾਰਪੂਰਵਕ ਚਰਚਾ ਹੋਈ ਹੈ ਤੇ ਜੇ ਇਨ੍ਹਾਂ ਗੱਲਾਂ ਨੂੰ ਅਮਲੀ ਜਾਮਾ ਵੀ ਪਹਿਨਾ ਦਿੱਤਾ ਜਾਵੇ ਤਾਂ ਗੱਲ ਬਣ ਸਕਦੀ ਹੈ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਐਤਵਾਰ ਤਕ ਦੋਹਾਂ ਪਾਸੇ ਤੋਂ ਸੀਜ਼ਫਾਇਰ ਰਹੇਗਾ। ਸਹਿਮਤੀ ਨਾ ਬਣਨ @ਤੇ ਦਿੱਲੀ ਕੂਚ ਦਾ ਪ੍ਰੋਗਰਾਮ ਕਾਇਮ ਰਹੇਗਾ। ਐਤਵਾਰ ਤਕ ਕਿਸਾਨ ਬਾਰਡਰ @ਤੇ ਹੀ ਬੈਠਣਗੇ।

# ਲਾਲਜੀਤ ਸਿੰਘ ਭੁੱਲਰ ਵੱਲੋਂ ਓਵਰਲੋਡ ਗੱਡੀਆਂ ਅਤੇ ਦੂਜੇ ਸੂਬਿਆਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਆਉਣ ਵਾਲੇ ਟਰੱਕਾਂ ਵਿਰੁੱਧ ਸਖ਼ਤ ਕਾਰਵਾਈ ਦੇ ਨਿਰਦੇਸ਼



**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਐਲਾਨ ਕੀਤਾ ਕਿ ਓਵਰਲੋਡ ਗੱਡੀਆਂ ਅਤੇ ਦੂਜੇ ਸੂਬਿਆਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਸੂਬੇ ਵਿੱਚ ਦਾਖ਼ਲ ਹੋਣ ਵਾਲੇ ਟਰੱਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਆਪਣੇ ਦਫ਼ਤਰ ਵਿਖੇ ਟਰੱਕ ਆਪ੍ਰੇਟਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਦਿਆਂ ਟਰਾਂਸਪੋਰਟ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਉਲੰਘਣਾ ਕਰਨ ਵਾਲੇ ਟਰੱਕਾਂ ਨੂੰ ਜ਼ਬਤ ਕਰਨ।

ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਟਰੱਕ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਅਤੇ ਇਸ ਕਾਰੋਬਾਰ ਨਾਲ ਜੁੜੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਮਾਨ ਸਰਕਾਰ ਸੂਬੇ ਵਿੱਚ ਰੁਜ਼ਗਾਰ ਦੇ ਸਾਧਨ ਪੈਦਾ ਕਰ ਰਹੀ ਹੈ, ਇਸ ਲਈ ਕਿਸੇ ਵੀ ਵਿਅਕਤੀ ਦਾ ਰੁਜ਼ਗਾਰ ਬੰਦ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਵਿਭਾਗ ਦੇ ਜ਼ਿਲ੍ਹਾ ਦਫ਼ਤਰਾਂ ਵਿੱਚ ਟਰੱਕ ਕਾਰੋਬਾਰ ਨਾਲ ਸਬੰਧਤ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਕਿਹਾ।

ਉਨ੍ਹਾਂ ਆਖਿਆ ਕਿ ਹਰ ਕੰਮ ਦਾ ਸਮਾਂ ਤੈਅ ਹੋਵੇ ਤਾਂ ਕਿ ਲੋਕਾਂ ਦੀ ਖੱਜਲ-ਖੁਆਰੀ ਨੂੰ ਰੋਕਿਆ ਜਾ ਸਕੇ। ਸ. ਲਾਲਜੀਤ ਸਿੰਘ ਭੁੱਲਰ ਨੇ ਭਰੋਸਾ ਦਿਵਾਇਆ ਕਿ ਟਰੱਕ ਆਪ੍ਰੇਟਰਾਂ ਦੀਆਂ ਹੋਰਨਾਂ ਮੰਗਾਂ ਨੂੰ ਵੀ ਹਮਦਰਦੀ ਨਾਲ ਵਿਚਾਰਿਆ ਜਾਵੇਗਾ। ਮੀਟਿੰਗ ਦੌਰਾਨ ਸਕੱਤਰ ਟਰਾਂਸਪੋਰਟ ਸ. ਦਿਲਰਾਜ ਸਿੰਘ ਸੰਧਾਵਾਲੀਆ, ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਸੁਖਵਿੰਦਰ ਕੁਮਾਰ, ਡਿਪਟੀ ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਮਨਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਮੋਦੀ ਦੋਹਾ ਪੁੱਜੇ, ਕਤਰ ਦੇ ਪ੍ਰਧਾਨ ਮੰਤਰੀ ਨਾਲ ਦੁਵੱਲੇ ਸਬੰਧਾਂ 'ਤੇ ਚਰਚਾ



**ਦੋਹਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁੱਲਰਹਿਮਾਨ ਅਲ ਥਾਨੀ ਨਾਲ ਉਨ੍ਹਾਂ ਦੀ ਮੁਲਾਕਾਤ ਸ਼ਾਨਦਾਰ ਰਹੀ ਅਤੇ ਇਸ ਦੌਰਾਨ ਦੋਹਾਂ ਨੇਤਾਵਾਂ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ??ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਸ੍ਰੀ ਮੋਦੀ ਸੰਯੁਕਤ ਅਰਬ ਅਮੀਰਾਤ ਦੇ ਦੋ ਦਿਨਾਂ ਦੌਰੇ ਤੋਂ ਬਾਅਦ ਬੁੱਧਵਾਰ ਨੂੰ ਦੋਹਾ ਪਹੁੰਚੇ। ਪ੍ਰਧਾਨ ਮੰਤਰੀ ਦੀ ਇਹ ਦੂਜੀ ਕਤਰ ਯਾਤਰਾ ਹੈ, ਜਿਸ ਤੋਂ ਪਹਿਲਾਂ ਉਹ ਜੂਨ 2016 ਵਿੱਚ ਕਤਰ ਗਏ ਸਨ।

# ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਤਰੱਕੀਆਂ ਦਾ ਦੌਰ ਜਾਰੀ: ਡਾ.ਬਲਜੀਤ ਕੌਰ



**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜਮਾਂ ਨੂੰ ਸਮੇਂ ਸਿਰ ਬਣਦੀਆਂ ਤਰੱਕੀਆਂ ਦੇਣ ਲਈ ਵਚਨਬੱਧ ਹੈ। ਇਸੇ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ 18 ਸੁਪਰਵਾਈਜ਼ਰਾਂ ਨੂੰ ਬਤੌਰ ਸੀ.ਡੀ.ਪੀ.ਓਜ਼ ਤਰੱਕੀ ਦਿੱਤੀ ਗਈ ਹੈ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸੂਬਾ ਸਰਕਾਰ ਨੇ ਮੁਲਾਜਮਾਂ ਦੀਆਂ ਤਰੱਕੀਆਂ ਸਬੰਧੀ ਮੰਗਾਂ ਪੂਰੀਆਂ ਕਰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵਿੱਚ ਤਰੱਕੀਆਂ ਦਾ ਦੌਰ ਜਾਰੀ ਹੈ, ਇਸ ਸੰਦਰਭ ਵਿੱਚ 18 ਸੁਪਰਵਾਈਜ਼ਰਾਂ ਨੂੰ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ (ਸੀ.ਡੀ.ਪੀ.ਓਜ਼) ਵਜੋਂ ਤਰੱਕੀ ਦਿੱਤੀ ਗਈ ਹੈ।

ਇਸ ਮੌਕੇ ਪਦਉਨਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਸਮਰਪਣ ਭਾਵਨਾ ਅਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਵਿਭਾਗ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਦਾ ਹੈ। ਇਸ ਲਈ ਮੁਲਾਜ਼ਮਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਹਮੇਸ਼ਾ ਸੇਵਾ ਭਾਵਨਾ ਨਾਲ ਡਿਊਟੀ ਨਿਭਾਉਣ।

ਜ਼ਿਕਰਯੋਗ ਹੈ ਕਿ ਵਿਭਾਗ ਦੇ ਪਦਉੱਨਤ 18 ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਵਿੱਚ ਚਾਰ ਅਨੁਸੂਚਿਤ ਸ਼੍ਰੇਣੀ ਨਾਲ ਸਬੰਧਤ ਅਤੇ ਇੱਕ ਦਿਵਿਆਂਗ ਸ਼੍ਰੇਣੀ ਨਾਲ ਸਬੰਧਤ ਹਨ।

# ਰਿਸ਼ਵਤ ਮੰਗਣ ਵਾਲਾ ਮਾਲ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਹਲਕਾ ਹਰਪੁਰਾ, ਜ਼ਿਲਾ ਗੁਰਦਾਸਪੁਰ ਵਿਖੇ ਤਾਇਨਾਤ ਮਾਲ ਪਟਵਾਰੀ ਕੇਵਲ ਸਿੰਘ ਵਾਸੀ ਪਿੰਡ ਕੰਢਿਆਲਾ ਨੂੰ ਰਿਸ਼ਵਤ ਮੰਗਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਟੇਟ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਮਾਮਲਾ ਜੀਵਨਜੋਤ ਸਿੰਘ ਵਾਸੀ ਪਿੰਡ ਖੋਖਰ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਪਟਵਾਰੀ ਵੱਲੋਂ ਉਸ ਦੀ ਜ਼ਮੀਨ ਦੀ ਮਾਲਕੀ ਸਬੰਧੀ ਮਾਲ ਰਿਕਾਰਡ ਵਿੱਚ ਸੋਧ ਕਰਨ ਲਈ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਹੈ। ਸ਼ਿਕਾਇਤਕਰਤਾ ਨੇ ਉਕਤ ਪਟਵਾਰੀ ਵੱਲੋਂ ਰਿਸ਼ਵਤ ਦੀ ਮੰਗ ਕਰਨ ਸਮੇਂ ਰਿਕਾਰਡਿੰਗ ਕਰ ਲਈ ਜਿਸ ਨੂੰ ਸਬੂਤ ਵਜੋਂ ਵਿਜੀਲੈਂਸ ਬਿਊਰੋ ਕੋਲ ਸੌਂਪ ਦਿੱਤਾ।

ਇਸ ਸਬੰਧੀ ਵਿਜੀਲੈਂਸ ਰੇਂਜ ਅੰਮ੍ਰਿਤਸਰ ਵੱਲੋਂ ਸ਼ਿਕਾਇਤ ਦੀ ਪੜਤਾਲ ਕੀਤੀ ਗਈ ਜਿਸ ਵਿੱਚ ਸ਼ਿਕਾਇਤਕਰਤਾ ਵੱਲੋਂ ਲਗਾਏ ਦੋਸ਼ ਸਹੀ ਪਾਏ ਗਏ। ਇਸ ਰਿਪੋਰਟ ਦੇ ਆਧਾਰ 'ਤੇ ਉਕਤ ਦੋਸ਼ੀ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਬਲਕਾਰ ਸਿੰਘ ਵੱਲੋਂ ਡੀਸੀ ਨੂੰ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ ਨੂੰ ਸਥਾਪਤ ਕਰਨ ਲਈ ਤੁਰੰਤ ਰੂਪ ਰੇਖਾ ਉਲੀਕਣ ਦੇ ਆਦੇਸ਼



**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ÷ ਨੂੰ ਸਥਾਪਤ ਕਰਨ ਲਈ ਡੇਰੇ ਦੇ ਪ੍ਰਬੰਧਕਾਂ ਨਾਲ ਮਿਲਕੇ ਤੁਰੰਤ ਰੂਪ ਰੇਖਾ ਉਲੀਕਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ ਅਧਿਐਨ ਸੈਂਟਰ ਦੀ ਉਸਾਰੀ ਲਈ ਵਚਨਬੱਧ ਹੈ। ਸੂਬਾ ਸਰਕਾਰ ਵੱਲੋਂ 25 ਕਰੋੜ ਰੁਪਏ ਦੀ ਰਾਸ਼ੀ ਨਾਲ ਇਹ ਸੈਂਟਰ ਸਥਾਪਤ ਕੀਤਾ ਜਾ ਰਿਹਾ ਹੈ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਵੱਲੋਂ ਅੱਜ ਇੱਥੇ ਪੰਜਾਬ ਭਵਨ ਵਿਖੇ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ÷ ਨੂੰ ਸਥਾਪਤ ਕਰਨ ਸਬੰਧੀ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਤੇ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੀ ਹਾਜ਼ਰੀ ਵਿੱਚ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਅਤੇ ਡੇਰੇ ਦੇ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ।

ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਜੇਕਰ ਇਸ ਕਾਰਜ ਲਈ ਹੋਰ ਫੰਡਾਂ ਦੀ ਜ਼ਰੂਰਤ ਪਵੇਗੀ ਤਾਂ ਉਹ ਵੀ ਸੂਬਾ ਸਰਕਾਰ ਵੱਲੋਂ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਕਿ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ ਦੇ ਕੰਮ ਨੂੰ ਵਿਸ਼ੇਸ਼ ਤਰਜੀਹ ਦਿੰਦੇ ਹੋਏ ਲੋੜੀਂਦੀ ਜਗ੍ਹਾਂ ਦੀ ਭਾਲ ਕੀਤੀ ਜਾਵੇ ਅਤੇ ਡੇਰੇ ਦੇ ਪ੍ਰਬੰਧਕਾਂ ਨਾਲ ਮਿਲਕੇ ਮੁਕੰਮਲ ਰੂਪ ਰੇਖਾ ਜਲਦੀ ਤੋਂ ਜਲਦੀ ਤਿਆਰ ਕਰ ਲਈ ਜਾਵੇ।

ਉਨ੍ਹਾਂ ਕਿਹਾ ਕਿ ਇਸ ਕੰਮ ਦੀ ਪ੍ਰਗਤੀ ਸਬੰਧੀ ਜਲਦ ਹੀ ਅਗਲੀ ਮੀਟਿੰਗ ਬੁਲਾਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ ਦੇ ਕੰਮ ਕਾਜ ਵਿੱਚ ਕਿਸੇ ਤਰ੍ਹਾਂ ਦੀ ਵੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਸੈਂਟਰ ਦੀ ਉਸਾਰੀ ਲਈ ਤਤਪਰ ਹੈ।

ਇਸ ਮੀਟਿੰਗ ਵਿੱਚ ਪੰਜਾਬ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲੇ ਦੇ ਪ੍ਰਬੰਧਕੀ ਸਕੱਤਰ ਅਮਿਤ ਢਾਕਾ, ਪੰਜਾਬ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲੇ ਦੇ ਡਾਇਰੈਕਟਰ ਨੀਰੂ ਕਤਿਆਲ, ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਸ਼ੇਨਾ ਅਗਰਵਾਲ, ਡਿਪਟੀ ਕਮਿਸ਼ਨਰ ਜਲੰਧਰ ਵਿਸ਼ੇਸ ਸਾਰੰਗਲ, ਵਿੱਤ ਵਿਭਾਗ ਦੇ ਡਿਪਟੀ ਸਕੱਤਰ,ਜਸਵਿੰਦਰ ਸਿੰਘ ਅਤੇ ਗੁਰੂ ਰਵਿਦਾਸ ਬਾਣੀ ਅਧਿਐਨ ਸੈਂਟਰ ਡੇਰਾ ਸਚਖੰਡ ਬੱਲਾਂ ਦੇ ਜਨਰਲ ਸਕੱਤਰ ਸ੍ਰੀ ਸਤ ਪਾਲ ਹੀਰ, ਸੰਯੁਕਤ ਸਕੱਤਰ ਸ੍ਰੀ ਜੋਗਿੰਦਰ ਪਾਲ, ਆਈ.ਆਰ.ਐਸ .(ਰਿਟਾ.) ਟਰੱਸਟੀ ਸ੍ਰੀ ਹਰਦੇਵ ਰਾਮ ਅਤੇ ਸ੍ਰੀ ਪਰਵਿੰਦਰ ਕੁਮਾਰ ਅਤੇ ਹੋਰ ਸੀਨੀਅਰ ਅਧਿਕਾਰੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪਟਿਆਲਾ, ਸੰਗਰੂਰ ਤੇ ਫ਼ਤਹਿਗੜ੍ਹ ਸਾਹਿਬ ਦੇ ਕਈ ਇਲਾਕਿਆਂ 'ਚ 16 ਤੱਕ ਇੰਟਰਨੈੱਟ ਸੇਵਾਵਾਂ ਬੰਦ

**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਟਿਆਲਾ, ਸੰਗਰੂਰ ਅਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ ਵਿਚ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ 16 ਫਰਵਰੀ ਰਾਤ 11.59 ਵਜੇ ਤੱਕ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਇਹ ਹੁਕਮ ਕਿਸਾਨਾਂ ਦੇ 'ਦਿੱਲੀ ਚਲੋ' ਮਾਰਚ ਦੇ ਮੱਦੇਨਜ਼ਰ ਦਿੱਤਾ ਗਿਆ ਹੈ। ਮੰਤਰਾਲੇ ਦੇ ਹੁਕਮਾਂ ਅਨੁਸਾਰ ਪਟਿਆਲਾ ਦੇ ਥਾਣਾ ਸ਼ੁਤਰਾਣਾ, ਸਮਾਣਾ, ਘਨੌਰ, ਦੇਵੀਗੜ੍ਹ ਅਤੇ ਬਲਬੇੜਾ ਅਧੀਨ ਖੇਤਰਾਂ, ਸੰਗਰੂਰ ਦੇ ਥਾਣਾ ਖਨੌਰੀ, ਮੂਨਕ, ਲਹਿਰਾ, ਸੁਨਾਮ, ਛਾਜਲੀ ਅਧੀਨ ਖੇਤਰਾਂ ਅਤੇ ਫ਼ਤਹਿਗੜ੍ਹ ਸਾਹਿਬ ਅਧੀਨ ਖੇਤਰਾਂ ਵਿੱਚ ਇੰਟਰਨੈੱਟ 'ਤੇ ਪਾਬੰਦੀ ਰਹੇਗੀ।

# ਭਾਕਿਯੂ ਏਕਤਾ (ਉਗਰਾਹਾਂ) ਵੱਲੋਂ ਪੰਜਾਬ 'ਚ ਰੇਲਾਂ ਰੋਕਣ ਲਈ ਪਟੜੀਆਂ 'ਤੇ ਧਰਨੇ ਤੇ ਟੌਲ ਪਲਾਜ਼ੇ ਪਰਚੀ ਮੁਕਤ ਕੀਤੇ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਕਿਯੂ (ਏਕਤਾ-ਉਗਰਾਹਾਂ) ਅਤੇ ਭਾਕਿਯੂ ਡਕੌਂਦਾ (ਧਨੇਰ) ਵੱਲੋਂ ਰੇਲ ਰੋਕੋ ਦੇ ਸੱਦੇ ਤਹਿਤ ਅੱਜ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਪੰਜਾਬ ਵਿੱਚ 7 ਥਾਵਾਂ ਉਤੇ ਰੇਲ ਪਟੜੀਆਂ ਉਪਰ ਧਰਨ ਦਿੱਤੇ ਗਏ। ਇਹ ? ਧਰਨੇ ਕਿਸਾਨ ਮੰਗਾਂ ਖਾਤਰ ਸੰਘਰਸ਼ ਲਈ ਦਿੱਲੀ ਜਾ ਰਹੇ ਕਿਸਾਨਾਂ 'ਤੇ ਪੁਲੀਸ ਕਾਰਵਾਈ ਦੇ ਵਿਰੋਧ ਵਿੱਚ ਦਿੱਤੇ ਜਾ ਰਹੇ ਹਨ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਅੱਜ ਇਥੇ ਦੱਸਿਆ ਕਿ ਪੰਜਾਬ ਵਿੱਚ ਜਥੇਬੰਦੀ ਵਲੋਂ ਇਹ ਧਰਨੇ ਮਾਨਸਾ ਸਮੇਤ ਜੇਠੂਕੇ, ? ਸੁਨਾਮ, ਰਾਜਪੁਰਾ, ਮੋਗਾ, ਮਲੋਊ, ਵੱਲਾ ਫਾਟਕ ਅੰਮ੍ਰਿਤਸਰ ਵਿਖੇ ਅਮਨ ਸ਼ਾਂਤੀ ਪੂਰਵਕ ਦਿੱਤੇ ਜਾ ਰਹੇ ਹਨ। ਮਾਨਸਾ ਵਿਖੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਨੇ ਦੱਸਿਆ ਕਿ ਲੋਕਾਂ ਵਿਚ ਸਰਕਾਰੀ ਜਬਰ ਦਾ ਬੇਹੱਦ ਵਿਰੋਧ ਹੈ। ਉਧਰ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ ਨੇ ਦੱਸਿਆ ਕਿ ਮੋਰਚੇ ਦੇ ਸੱਦੇ ਉੱਤੇ ਪੰਜਾਬ ਭਰ ਵਿੱਚ ਇਸੇ ਧੱਕੇਸ਼ਾਹੀ ਖ਼ਿਲਾਫ਼ ਸਾਰੇ ਟੌਲ ਪਲਾਜ਼ਿਆਂ ਨੂੰ ਤਿੰਨ ਘੰਟਿਆਂ ਲਈ ਪਰਚੀ ਮੁਕਤ ਕਰ ਦਿੱਤਾ ਗਿਆ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਅਗਵਾਈ ਵਿੱਚ ਕੇਂਦਰ ਤੇ ਹਰਿਆਣਾ ਸਰਕਾਰ ਖਿਲਾਫ਼ ਬਰਨਾਲਾ ਰੇਲਵੇ ਸਟੇਸ਼ਨ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਭਦੌੜ ਦੀ ਅਗਵਾਈ ਵਿੱਚ ਦੁਪਹਿਰ 12 ਵਜੇ ਤੋਂ ਬਾਅਦ ਸ਼ਾਮ 4 ਵਜੇ ਤੱਕ ਰੇਲਾਂ ਦਾ ਮੁਕੰਮਲ ਚੱਕਾ ਜਾਮ ਕੀਤਾ ਗਿਆ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਧਨੇਰ ਨੇ ਮੋਦੀ ਹਕੂਮਤ ਦੇ ਜਾਬਰ ਫਾਸ਼ੀ ਕਦਮਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਾਰੀਆਂ ਰੋਕਾਂ ਖ਼ਤਮ ਕਰਕੇ ਕਿਸਾਨਾਂ ਨੂੰ ਦਿੱਲੀ ਵੱਲ ਜਾਣ ਦੇਣ ਦੀ ਜ਼ੋਰਦਾਰ ਮੰਗ ਕੀਤੀ। ਆਗੂ ਬਲਵੰਤ ਸਿੰਘ ਉੱਪਲੀ, ਸਾਹਿਬ ਸਿੰਘ ਬਡਬਰ, ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਬਾਬੂ ਸਿੰਘ ਖੁੱਡੀਕਲਾਂ, ਭੋਲਾ ਸਿੰਘ ਛੰਨਾਂ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਕੁਲਵਿੰਦਰ ਸਿੰਘ,ਕਾਲਾ ਸਿੰਘ ਜੈਦ ਨੇ ਵੀ ਸੰਬੋਧਨ ਕੀਤਾ।

ਅੱਜ ਬਠਿੰਡਾ-ਚੰਡੀਗੜ੍ਹ ਕੌਮੀ ਮਾਰਗ 'ਤੇ ਕਾਲਾਝਾੜ ਟੌਲ ਪਲਾਜ਼ਾ ਨੂੰ ਕਿਸਾਨਾਂ ਨੇ 3 ਘੰਟੇ ਲਈ ਪਰਚੀ ਮੁਕਤ ਕੀਤਾ। ਆਵਾਜਾਈ ਵਿੱਚ ਕੋਈ ਵਿਘਨ ਨਹੀਂ ਪਾਇਆ ਗਿਆ। ਧਰਨੇ ਨੂੰ ਭਾਕਿਯੂ ਡਕੌਂਦਾ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ, ਭਾਕਿਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਆਗੂ ਮੁਕੇਸ਼ ਮਲੌਦ ਅਤੇ ਡੀਟੀਐਫ ਦੇ ਆਗੂ ਰਘਬੀਰ ਸਿੰਘ ਭਵਾਨੀਗੜ੍ਹ ਨੇ ਸੰਬੋਧਨ ਕੀਤਾ। ਇਸ ਮੌਕੇ ਕਿਸਾਨ ਆਗੂ ਕਰਮ ਸਿੰਘ ਬਲਿਆਲ, ਨਿਰਮਲ ਸਿੰਘ, ਜਸਪਾਲ ਸਿੰਘ ਘਰਾਚੋਂ, ਬਲਜਿੰਦਰ ਸਿੰਘ ਸੰਘਰੇੜੀ, ਜਰਨੈਲ ਸਿੰਘ ਘਰਾਚੋਂ, ਅਜੈਬ ਸਿੰਘ ਸੰਘਰੇੜੀ, ਗਿਆਨ ਸਿੰਘ ਭਵਾਨੀਗੜ੍ਹ, ਗੁਰਚਰਨ ਸਿੰਘ ਘਰਾਚੋਂ, ਮਨਜਿੰਦਰ ਸਿੰਘ ਘਾਬਦਾਂ, ਚਮਕੌਰ ਸਿੰਘ ਭੱਟੀਵਾਲ, ਅਤੇ ਸੁਖਵੀਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

## ਖੇਡਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਪੰਜਾਬ ਸਰਕਾਰ ਨੇ ਖੇਡ ਐਸੋਸੀਏਸ਼ਨਾਂ ਲਈ ਬਣਾਇਆ ਸਪੋਰਟਸ ਕੋਡ

# ਸਪੋਰਟਸ ਕੋਡ ਨੂੰ ਲਾਗੂ ਕਰਨ ਤੋਂ ਪਹਿਲਾਂ ਖੇਡਾਂ ਨਾਲ ਸਬੰਧਤ ਅਤੇ ਆਮ ਲੋਕਾਂ ਤੋਂ 10 ਮਾਰਚ ਤੱਕ ਸੁਝਾਅ ਮੰਗੇ: ਮੀਤ ਹੇਅਰ



**ਚੰਡੀਗੜ੍ਹ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਖੇਡਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਖੇਡ ਐਸੋਸੀਏਸ਼ਨਾਂ ਲਈ ਸਪੋਰਟਸ ਕੋਡ ਬਣਾਇਆ ਗਿਆ ਹੈ।

ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡਾਂ ਦੀ ਬਿਹਤਰੀ ਲਈ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਨੂੰ ਅੱਗੇ ਵਧਾਉਂਦਿਆਂ ਸੂਬੇ ਅੰਦਰ ਚੱਲ ਰਹੀਆਂ ਖੇਡਾਂ ਦੀਆਂ ਐਸੋਸੀਏਸ਼ਨਾਂ ਦੀ ਬਿਹਤਰ ਕਾਰਗੁਜ਼ਾਰੀ ਲਈ ਖੇਡ ਵਿਭਾਗ ਵੱਲੋਂ ਮਾਹਿਰਾਂ ਦੀ ਰਾਏ ਨਾਲ ਸਪੋਰਟਸ ਕੋਡ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ। ਇਸ ਕੋਡ ਨੂੰ ਲਾਗੂ ਕਰਨ ਤੋਂ ਪਹਿਲਾਂ ਲੋਕਾਂ ਦੀ ਰਾਏ ਵੀ ਮੰਗੀ ਗਈ ਹੈ ਤਾਂ ਜੋ ਇਸ ਨੂੰ ਹੋਰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾ ਸਕੇ।

ਮੀਤ ਹੇਅਰ ਨੇ ਅੱਗੇ ਦੱਸਿਆ ਕਿ ਸਪੋਰਟਸ ਕੋਡ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਪਹਿਲਾਂ ਖੇਡਾਂ ਨਾਲ ਜੁੜੇ ਲੋਕਾਂ, ਐਸੋਸੀਏਸ਼ਨਾਂ ਅਤੇ ਆਮ ਲੋਕਾਂ ਤੋਂ ਸੁਝਾਅ ਲੈਣ ਲਈ ਇਸ ਕੋਡ ਦੇ ਖਰੜੇ ਦੀ ਕਾਪੀ ਵਿਭਾਗ ਦੀ ਵੈਬਸਾਈਟ www.pbsports.punjab.gov.in ਉਪਰ ਅਪਲੋਡ ਕੀਤੀ ਗਈ ਹੈ। ਕੋਈ ਵੀ ਚਾਹਵਾਨ ਵਿਅਕਤੀ 10 ਮਾਰਚ 2024 ਤੱਕ ਕੋਡ ਸਬੰਧੀ ਵਿਭਾਗ ਦੀ ਈਮੇਲ dir.sportspb@ punjab.gov.in ਉਪਰ ਸੁਝਾਅ ਦੇ ਸਕਦਾ ਹੈ ਤਾਂ ਜੋ ਸਪੋਰਟਸ ਕੋਡ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਲੋਕ ਰਾਏ ਅਤੇ ਖੇਡਾਂ ਨਾਲ ਜੁੜੇ ਲੋਕਾਂ ਦੇ ਸੁਝਾਵਾਂ ਨੂੰ ਸ਼ਾਮਲ ਕੀਤਾ ਜਾ ਸਕੇ।

ਖੇਡ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਵੀਂ ਖੇਡ ਨੀਤੀ ਵੀ ਖੇਡ ਮਾਹਿਰਾਂ ਦੀ ਰਾਏ ਨਾਲ ਆਮ ਲੋਕਾਂ ਦੇ ਸੁਝਾਅ ਲੈਣ ਤੋਂ ਬਾਅਦ ਲਾਗੂ ਕੀਤੇ ਹੈ ਜਿਸ ਦੇ ਏਸ਼ਿਆਈ ਖੇਡਾਂ ਵਿੱਚ ਹੀ ਚੰਗੇ ਨਤੀਜੇ ਸਾਹਮਣੇ ਆਏ ਜਦੋਂ ਪੰਜਾਬ ਦੇ ਖਿਡਾਰੀਆਂ ਨੇ 72 ਸਾਲ ਦੇ ਰਿਕਾਰਡ ਤੋੜਦਿਆਂ ਪਹਿਲੀ ਵਾਰ 20 ਤਮਗ਼ੇ ਜਿੱਤੇ। ਹੁਣ ਖੇਡ ਵਿਭਾਗ ਵੱਲੋਂ ਸਪੋਰਟਸ ਕੋਡ ਲਾਗੂ ਕਰਨ ਲਈ ਵੀ ਤਿਆਰੀ ਕਰ ਦਿੱਤੀ ਗਈ ਹੈ ਜਿਸ ਦੇ ਲਾਗੂ ਹੋਣ ਨਾਲ ਸੂਬੇ ਵਿੱਚ ਖੇਡਾਂ ਦੇ ਪ੍ਰਬੰਧਨ ਵਿੱਚ ਵੱਡਾ ਸੁਧਾਰ ਹੋਵੇਗਾ।

# ਐਚਡੀਐਫਸੀ ਬੈਂਕ ਦਾ ਹੋਮ ਲੋਨ ਕਾਰੋਬਾਰ ਬਹੁਤ ਵਧੀਆ ਪ੍ਰਦਰਸ਼ਨ ਕਰਨ ਵਿੱਚ ਸਫਲ ਰਿਹਾ



**ਲੁਧਿਆਣਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਚਡੀਐਫਸੀ ਬੈਂਕ, ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ, ਨੇ ਅੱਜ ਆਪਣੇ ਹੋਮ ਲੋਨ ਕਾਰੋਬਾਰ ਬਾਰੇ ਇੱਕ ਅਪਡੇਟ ਸਾਂਝਾ ਕੀਤਾ, ਜਿਸ ਵਿੱਚ ਐਚਡੀਐਫਸੀ ਲਿਮਟਿਡ ਦੇ ਰਲੇਵੇਂ ਤੋਂ ਬਾਅਦ ਇਸ ਦੇ ਮਜ਼ਬੂਤ ਵਿਕਾਸ ਨੂੰ ਉਜਾਗਰ ਕੀਤਾ ਗਿਆ ਹੈ। ਸ਼੍ਰੀ ਅਰਵਿੰਦ ਕਪਿਲ, ਕੰਟਰੀ ਹੈਡ-ਮੌਰਗੇਜ ਬੈਂਕਿੰਗ, ਹੋਮ ਲੋਨ, ਐਲਏਪੀ, ਐਚਡੀਐਫਸੀ ਬੈਂਕ ਦਾ ਕਹਿਣਾ ਹੈ, ਸਭ ਤੋਂ ਵੱਡੇ ਮੌਕਿਆਂ ਵਿੱਚੋਂ ਇੱਕ CASA ਪੀੜ੍ਹੀ ਵਿੱਚ ਸੀ ਅਤੇ ਸ਼ੁਰੂਆਤੀ ਸੰਕੇਤ ਉਤਸ਼ਾਹਜਨਕ ਹਨ। ਰਲੇਵੇਂ ਤੋਂ ਪਹਿਲਾਂ, ਐਚਡੀਐਫਸੀ ਬੈਂਕ ਬਚਤ ਖਾਤੇ ਦੇ ਗਾਹਕਾਂ ਨੂੰ ਲਗਭਗ 30% ਤੋਂ 35% ਵਧੀ ਹੋਈ ਵੰਡ ਹੁੰਦੀ ਸੀ। ਇਹ ਰਲੇਵੇਂ ਤੋਂ ਬਾਅਦ ਵਧੀ ਹੋਈ ਵੰਡ ਦੇ ਲਗਭਗ 80 ਫੀਸਦੀ ਤੱਕ ਪਹੁੰਚ ਗਿਆ ਹੈ। ਹੋਮ ਲੋਨ ਦਾ ਕਾਰੋਬਾਰ ਬੈਂਕ ਲਈ ਸੰਪੱਤੀ ਅਤੇ ਦੇਣਦਾਰੀ ਜਨਰੇਟਰ ਬਣ ਗਿਆ ਹੈ ਅਤੇ ਮਹੱਤਵਪੂਰਨ ਤੌਰ 'ਤੇ ਵਧ ਰਿਹਾ ਹੈ। ਇਹ ਗਾਹਕਾਂ ਦੀ ਧਾਰਨਾ ਦੇ ਉੱਚ ਪੱਧਰਾਂ ਅਤੇ ਬੈਂਕ ਨਾਲ ਲੰਬੇ ਸਮੇਂ ਲਈ ਮਜ਼ਬੂਤ ਸਬੰਧਾਂ ਵੱਲ ਲੈ ਜਾਂਦਾ ਹੈ। ਇਹ ਸਭ ਕੁਝ ਬੈਂਕ ਦੇ ਰਵਾਇਤੀ ਅੰਡਰਰਾਈਟਿੰਗ ਮਿਆਰਾਂ ਨਾਲ ਸਮਝੌਤਾ ਕੀਤੇ ਬਿਨਾਂ ਕੀਤਾ ਗਿਆ ਹੈ। ਹੁਣ ਬੁਨਿਆਦ ਸਥਾਪਿਤ ਹੈ ਅਤੇ ਹੋਮ ਲੋਨ ਦਾ ਕਾਰੋਬਾਰ ਗਾਹਕਾਂ ਦੀ ਵਧੇਰੇ ਸ਼ਮੂਲੀਅਤ ਲਈ ਇੱਕ ਸਪਰਿੰਗ ਬੋਰਡ ਬਣਨ ਦੇ ਰਾਹ 'ਤੇ ਹੈ। ਮੌਜੂਦਾ ਰੁਝਾਨ ਦਿਲਚਸਪ ਅਤੇ ਉਤਸ਼ਾਹਜਨਕ ਹਨ ਜੋ ਇਹ ਦਰਸਾਉਂਦੇ ਹਨ ਕਿ ਬੈਂਕ ਉੱਚ ਕ੍ਰੈਡਿਟ ਸਕੋਰ ਵਾਲੇ ਗਾਹਕਾਂ ਲਈ ਇੱਕ ਤਰਜੀਹੀ ਵਿਕਲਪ ਵਜੋਂ ਉੱਭਰ ਰਿਹਾ ਹੈ, ਰਲੇਵੇਂ ਤੋਂ ਬਾਅਦ 10 ਪ੍ਰਤੀਸ਼ਤ ਤੱਕ ਵਾਧਾ ਦਰਜ ਕਰ ਰਿਹਾ ਹੈ। ਦੋਵਾਂ ਦੇ ਰਲੇਵੇਂ ਤੋਂ ਬਾਅਦ ਵਧੀ ਹੋਈ ਵੰਡ ਦੇ ਆਧਾਰ 'ਤੇ ਬੈਂਕ ਦੀ ਬਾਜ਼ਾਰ ਹਿੱਸੇਦਾਰੀ ਲਗਭਗ 18 ਫੀਸਦੀ ਤੋਂ ਵਧ ਕੇ 20 ਫੀਸਦੀ ਹੋ ਗਈ ਹੈ। ਇਸ ਨੇ ਰਲੇਵੇਂ ਤੋਂ ਬਾਅਦ ਪਹਿਲੇ ਛੇ ਮਹੀਨਿਆਂ ਵਿੱਚ ਆਪਣੇ ਹੋਮ ਲੋਨ ਕਾਰੋਬਾਰ ਵਿੱਚ ਸਾਲ-ਦਰ-ਸਾਲ ਮਜ਼ਬੂਤ ਅਤੇ ਲਗਾਤਾਰ ਉੱਚ ਦੋ ਅੰਕਾਂ ਵਿੱਚ ਵਾਧਾ ਦਿਖਾਇਆ ਹੈ।

# ਸਰਪੰਚ ਸੋਨੀ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 31000 ਦੀ ਰਾਸ਼ੀ ਭੇਂਟ

**ਮਾਛੀਵਾੜਾ ਸਾਹਿਬ-16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਖੇਤਰ ਵਿੱਚ ਭਾਵੇਂ ਕੋਈ ਧਾਰਮਿਕ ਸਮਾਗਮ ਹੋਵੇ ,ਸਮਾਜਿਕ ਸਮਾਗਮ ਹੋਵੇ ਜਾਂ ਕੋਈ ਖੇਡ ਸਮਾਗਮ ਐੱਸ.ਐੱਸ. ਪ੍ਰੋਪਰਟੀ ਹੱਬ ਵਾਲੇ ਸੁਖਦੀਪ ਸਿੰਘ ਸੋਨੀ ਸਰਪੰਚ ਮੰਡ ਸ਼ੇਰੀਆ ਵਾਲਿਆ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਹੈ। ਪੁਰਾਣੀ ਸਬਜ਼ੀ ਮੰਡੀ ਨਜ਼ਦੀਕ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਬੰਧਕ ਕਮੇਟੀ ਨਾਲ ਪਹਿਲੇ ਦਿਨ ਤੋਂ ਹੀ ਨਿੱਜੀ ਤੌਰ ਤੇ ਜੁੜੇ ਸੁਖਦੀਪ ਸਿੰਘ ਸੋਨੀ ਸਰਪੰਚ ਵੱਲੋਂ ਇਸ ਵਾਰ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਧਿਆਨ ਵਿੱਚ ਰੱਖਦਿਆਂ ਉਸ ਦੀਆਂ ਤਿਆਰੀਆਂ ਦੇ ਲਈ ਆਪਣੇ ਦਸਾਂ ਨੌਹਾਂ ਦੀ ਕਿਰਤ ਕਮਾਈ ਵਿੱਚੋਂ 31000/ ਦੀ ਰਾਸ਼ੀ ਪ੍ਰਬੰਧਕ ਕਮੇਟੀ ਨੂੰ ਭੇਟ ਕੀਤੀ ਗਈ ਹੈ। ਕਮੇਟੀ ਮੈਂਬਰਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਦੀ ਉਸਾਰੀ ਦੇ ਕੰਮ ਵਿੱਚ, ਗੁਰਦੁਆਰਾ ਸਾਹਿਬ ਦੇ ਲੰਗਰਾਂ ਦੇ ਵਿੱਚ ,ਹਰ ਸਾਲ ਮਨਾਏ ਜਾਂਦੇ ਗੁਰਪੁਰਬ ਵਿੱਚ ਜਾਂ ਪ੍ਰਭਾਤ ਫੇਰੀਆਂ ਦੇ ਵਿੱਚ, ਜਾਂ ਗੁਰਦੁਆਰਾ ਸਾਹਿਬ ਲਈ ਕਿਸੇ ਵੀ ਤਰ੍ਹਾਂ ਦੇ ਸਾਜੋ ਸਮਾਨ ਦੀ ਖਰੀਦੋ ਫਰੋਖਤ ਦੇ ਲਈ ਸੋਨੀ ਸਰਪੰਚ ਵੀਰ ਦਾ ਵੱਡਾ ਯੋਗਦਾਨ ਰਹਿੰਦਾ ਹੈ ਜਿਸ ਦੇ ਲਈ ਸਾਰੀ ਪ੍ਰਬੰਧਕ ਕਮੇਟੀ ਉਹਨਾਂ ਦਾ ਤਹਿ ਦਿਲੋਂ ਧੰਨਵਾਦੀ ਹੈ। ਗੱਲਬਾਤ ਦੌਰਾਨ ਸੁਖਦੀਪ ਸਿੰਘ ਸੋਨੀ ਸਰਪੰਚ ਨੇ ਕਿਹਾ ਕਿ ਉਹਨਾਂ ਨੂੰ ਗੁਰੂ ਘਰ ਆ ਕੇ ਇੱਕ ਵੱਖਰੀ ਹੀ ਖੁਸ਼ੀ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ ਤੇ ਜੋ ਆਨੰਦ ਗੁਰੂ ਘਰ ਬਹਿ ਕੇ ਮਿਲਦਾ ਹੈ ਉਸ ਨੂੰ ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ। ਉਹਨੇ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਸਾਧੂ ਸੰਤਾਂ ਤੇ ਫਕੀਰਾਂ ਦੀ ਧਰਤੀ ਹੈ ਇਸ ਤੇ ਰਹਿਣ ਵਾਲਾ ਹਰ ਜੀਵ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਪਿੱਛੋਂ ਕੁਝ ਨਾ ਕੁਝ ਜਰੂਰ ਧਾਰਮਿਕ ,ਸਮਾਜਿਕ ਕਾਰਜਾਂ ਦੇ ਲਈ ਵੱਖਰਾ ਰੱਖਦਾ ਹੈ ਤੇ ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਜਿੱਥੇ ਕਿਤੇ ਵੀ ਕੋਈ ਲੋੜਵੰਦ ਹੋਵੇ,ਜਾਂ ਇਸ ਤਰ੍ਹਾਂ ਧਾਰਮਿਕ ,ਸਮਾਜਿਕ ਸਮਾਗਮ ਹੋਣ ਉਹ ਆਪਣਾ ਬਣਦਾ ਯੋਗਦਾਨ ਪਾਉਣ ।ਇਸ ਯੋਗਦਾਨ ਦੇ ਲਈ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਕਿ ਉਹਨਾਂ ਨੇ ਬਖਸ਼ਿਸ਼ ਕੀਤੀ ਹੈ ਤਦ ਹੀ ਉਹ ਇਸ ਕਾਬਲ ਹੋਏ ਹਨ ਕਿ ਉਹ ਆਪਣੇ ਭਰਾਵਾਂ ਦੇ ਨਾਲ ਮਿਲ ਕੇ ਸੰਸਥਾਵਾਂ ਦੀ ਕਿਸੇ ਤਰ੍ਹਾਂ ਮਦਦ ਕਰ ਸਕਣ।

ਉਹਨਾਂ ਪ੍ਰਬੰਧਕ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਉਹ ਜਦੋਂ ਵੀ ਗੁਰੂ ਘਰ ਦੇ ਲਈ ਕਿਸੇ ਵਸਤ ਦੀ ਜਰੂਰਤ ਹੋਵੇਗੀ ਜਾਂ ਇਮਾਰਤਾਂ ਦੀ ਉਸਾਰੀ ਦੀ ਗੱਲ ਹੋਵੇਗੀ ਉਹ ਤਨੋ ਮਨੋ ਅਤੇ ਧਨੋ ਕਮੇਟੀ ਦੇ ਨਾਲ ਹਰ ਵਕਤ ਮੋਢੇ ਨਾਲ ਮੋਢਾ ਜੋੜ ਕੇ ਤਿਆਰ ਖੜੇ ਹਨ। ਪ੍ਰਬੰਧਕ ਕਮੇਟੀ ਵੱਲੋਂ ਸੁਖਦੀਪ ਸਿੰਘ ਸੋਨੀ ਸਰਪੰਚ ਨੂੰ ਸਿਰੋਪਾਓ ਪਾਕੇ ਯਾਦਗਾਰੀ ਚਿੰਨ ਭੇਟ ਕਰਦਿਆਂ ਸਨਮਾਨਿਤ ਕੀਤਾ ਗਿਆ। ਇਸ ਵਕਤ ਕਮੇਟੀ ਮੈਂਬਰਾਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ॥



ਮਨਜਿੰਦਰ ਸਿੰਘ ਸਰੌਦ
94634-63136



# ਗਾਇਕੀ ਦੇ ਨਾਂ ’ਤੇ ਹੋ ਰਿਹੈ ਲੱਚਰਤਾ ਦਾ ਵਪਾਰ

ਲੰਘੇ ਹਫ਼ਤੇ ਇਕ ਚੈਨਲ ਤੇ ਪ੍ਰੋਗਰਾਮ ਸਮੇਂ ਮੈਨੂੰ ਕਿਸੇ ਸਰੋਤੇ ਵੱਲੋਂ ਗਾਇਕ ਗੁਰਵਿੰਦਰ ਬਰਾੜ ਦੇ ਗਾਏ ਇਕ ਪੁਰਾਣੇ ਗੀਤ ‘ਪਸਤੌਲ ਬੰਦੂਕਾਂ ਦੇ ਕਲਚਰ ਤੋਂ ਤੰਗ ਆ ਗਏ ਹਾਂ ਡਾਢੇ’ ਬਾਰੇ ਸਵਾਲ ਕੀਤਾ ਗਿਆ। ਇਹ ਗੀਤ ਰਾਹੀਂ ਕੁਰਾਹੇ ਪਈ ਗਾਇਕੀ ਨਾਲ ਸਬੰਧਤ ਸੀ। ਸ਼ਾਇਦ ਉਸ ਸਮੇਂ ਗੀਤ-ਸੰਗੀਤ ਦੀ ਹੋ ਰਹੀ ਧੂ-ਘੜੀਸ ਨੂੰ ਵੇਖਦਿਆਂ ਗੁਰਵਿੰਦਰ ਬਰਾੜ ਨੇ ਇਸ ਗੀਤ ਨੂੰ ਸੰਗੀਤਕ ਫ਼ਿਜ਼ਾ ’ਚ ਬਿਖੇਰਨ ਦਾ ਯਤਨ ਕੀਤਾ ਹੋਵੇ ਪਰ ਹੁਣ ਇਹ ਗੱਲਾਂ ਬੀਤੇ ਜ਼ਮਾਨੇ ਦੀਆਂ ਹੋ ਗਈਆਂ ਨੇ ਕਿਉਂਕਿ ਅੱਜ ਪੰਜਾਬੀ ਗਾਇਕੀ ਦੇ ਅਖੌਤੀ ਖ਼ੈਰ-ਖਵਾਹਾਂ ਨੇ ਉਨ੍ਹਾਂ ਲੋਕਾਂ ਨੂੰ ਵੀ ਸਟਾਰ ਬਣਾ ਦਿੱਤਾ ਹੈ ਜਿਨ੍ਹਾਂ ਨੂੰ ਨਾ ਸੁਰ ਦੀ ਸਮਝ ਹੈ, ਨਾ ਤਾਲ ਦੀ, ਨਾ ਹੀ ਇਹ ਲੋਕ ਗਾਇਕੀ ਦੇ ਇਤਿਹਾਸ ਤੋਂ ਵਾਕਫ਼ ਹਨ। ਪੰਜਾਬੀ ਸੱਭਿਅਤਾ ਤੋਂ ਕੋਰੇ ਲੋਕਾਂ ਨੇ ਹੁਣ ਪੰਜਾਬੀ ਗਾਇਕੀ ਦੀ ਲਗਾਮ ਆਪਣੇ ਹੱਥਾਂ ’ਚ ਲੈ ਕੇ ਪੈਸੇ ਤੇ ਸ਼ੋਹਰਤ ਦੇ ਘੋੜੇ ਨੂੰ ਸਰਪੱਟ ਦੁੜਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਘੋੜਾ ਜਿੱਧਰ ਧਿਆਨ ਗਿਆ, ਓਧਰ ਨੂੰ ਭੱਜ ਨਿਕਲਿਆ ਕਿ ਮੰਜ਼ਿਲਾਂ ਪਿੱਛੇ ਰਹਿੰਦੀਆਂ ਗਈਆਂ।

ਸੋਸ਼ਲ ਮੀਡੀਆ ਤੇ ਕਈ ਨਿੱਜੀ ਚੈਨਲ ਸੰਗੀਤ ਕੋਰੇ ਕੁਝ ਲੋਕਾਂ ਨੂੰ ਹੱਲਾਸ਼ੇਰੀ ਦੇਣ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ। ਭਾਵੇਂ ਕਾਫ਼ੀ ਲੋਕ ਇਨ੍ਹਾਂ ਨੌਜਵਾਨਾਂ ਨੂੰ ਮਾੜਾ ਵੀ ਆਖਦੇ ਹਨ ਪਰ ਲੱਚਰਤਾ ਦਾ ਇਹ ਜ਼ਹਿਰੀ ਨਾਗ ਅਜੇ ਵੀ ਪਟਾਰੀ ਤੋਂ ਬਾਹਰ ਫੁੰਕਾਰੇ ਮਾਰ ਰਿਹਾ ਹੈ।

### ਸੰਗੀਤ ਦੇ ਗਿਆਨ ਤੋਂ ਸੱਖਣਾਪਨ

ਪਿਛਲੇ ਪੰਜ ਕੁ ਸਾਲਾਂ ਤੋਂ ਖ਼ੁਦ ਨੂੰ ਤੇਜ਼ ਤਰਾਰ, ਸੂਝ-ਬੂਝ ਤੇ ਲਿਆਕਤ ਦੇ ਧਨੀ ਮੰਨਦੇ ਕਈ ਭੱਦਰ ਪੁਰਸ਼ਾਂ ਨੇ ਸਿਖਾਂਦਰੂ ਗਾਇਕਾਂ ਰਾਹੀਂ ਜਨਤਾ ਦਾ ਧਿਆਨ ਆਪਣੇ ਵੱਲ ਖਿੱਚਣ ਦਾ ਯਤਨ ਕੀਤਾ ਹੈ। ਉਨ੍ਹਾਂ ਵੱਲੋਂ ਪ੍ਰਮੋਟ ਕੀਤੇ ਫ਼ਨਕਾਰ ਕੁਝ ਸਮੇਂ ਲਈ ਸੁਰਖ਼ੀਆਂ ਬਟੋਰਨ ਵਿਚ ਕਾਮਯਾਬ ਜ਼ਰੂਰ ਹੁੰਦੇ ਨੇ ਪਰ ਫਿਰ ਸਾਉਣ ਦੀ ਬੱਦਲੀ ਵਾਂਗ ਅਲੋਪ ਹੋ ਜਾਂਦੇ ਹਨ। ਇਨ੍ਹਾਂ ਅਲਬੇਲੇ ਕਲਾਕਾਰਾਂ ਵੱਲੋਂ ਪਾਏ ਗਏ ਖਿਲਾਰੇ ਦੀ ਗਿਣਤੀ-ਮਿਣਤੀ ਕਰੀਏ ਤਾਂ ਹੋ ਸਕਦੈ ਕਿ ਇਨ੍ਹਾਂ ਦੇ ਪਾਏ ਪੂਰਨੇ ਕਈ ਸਾਲਾਂ ਤਕ ਮਾਂ ਬੋਲੀ ਨੂੰ ਖ਼ੂਨ ਦੇ ਅੱਥਰੂ ਕੇਰਨ ਲਈ ਮਜਬੂਰ ਕਰਦੀ ਰਹੇ। ਜੇ ਖੌਰੂ ਪਾਉਂਦੇ ਇਨ੍ਹਾਂ ਫ਼ਨਕਾਰਾਂ ਨੂੰ ਕਿਸੇ ਨੇ ਰੋਕਣ ਦੀ ਕੋਸ਼ਿਸ਼ ਵੀ ਕੀਤੀ ਤਾਂ ਇਨ੍ਹਾਂ ਦੇ ਪਿੱਛੇ ਖੜ੍ਹੇ ਲੋਕ ਰੋਹਬ ਨਾਲ ਸੱਚ ਆਖਣ ਵਾਲੇ ਦੀ ਜ਼ੁਬਾਨ ਬੰਦ ਕਰਵਾਉਣ ਦੇ ਲਈ ਆਖ਼ਰ ਤਕ ਜਾਂਦੇ ਹਨ। ਅਸੀਂ ਇਹ ਨਹੀਂ ਕਹਿਣਾ ਚਾਹੁੰਦੇ ਕਿ ਗਾਉਣਾ ਗ਼ਲਤ ਗੱਲ ਹੈ ਜਾਂ ਗਾਉਣ ਦਾ ਕਿਸੇ ਖ਼ਾਸ ਨੂੰ ਹੱਕ ਨਹੀਂ ਹੈ ਪਰ ਜੋ ਸੱਚ ਹੈ, ਉਸ ਨੂੰ ਵੀ ਕਬੂਲ ਕਰਨਾ ਚਾਹੀਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੇ ਅਸੀਂ ਖ਼ੁਦ ਆਪਣੇ ਵਿਰਸੇ ਤੇ ਸੱਭਿਆਚਾਰ ਦੇ ਵਾਰਿਸ ਉਨ੍ਹਾਂ ਲੋਕਾਂ ਨੂੰ ਬਣਾਵਾਂਗੇ ਜਿਹੜੇ ਆਪਣੇ ਮਾਣਮੱਤੇ ਪਿਛੋਕੜ ਬਾਰੇ ਦੋ ਸ਼ਬਦ ਵੀ ਨਹੀਂ ਜਾਣਦੇ ਅਤੇ ਜਿਨ੍ਹਾਂ ਨੂੰ ਸ਼ੋਹਰਤ ਤੇ ਦੌਲਤ ਤੋਂ ਬਿਨਾਂ ਕੌਮੀ ਜਜ਼ਬੇ ਦਾ ਭੋਰਾ ਵੀ ਗਿਆਨ ਨਾ ਹੋਵੇ ਅਤੇ ਅਸੀਂ ਉਨ੍ਹਾਂ ਨੂੰ ਸਮਾਜਿਕ ਸ਼ੀਸ਼ੇ ਦੇ ਰੂਪ ’ਚ ਪੇਸ਼ ਕਰੀਏ ਤਾਂ ਵਿਵਾਦ ਦਾ ਹੋਣਾ ਜ਼ਰੂਰੀ ਹੋ ਜਾਂਦਾ ਹੈ। ਕਲਾਕਾਰ ਬਣੋ ਜੀ ਸਦਕੇ, ਕਿਸੇ ਨੂੰ ਕੋਈ ਰੋਕ ਨਹੀਂ, ਬਸ਼ਰਤੇ ਅਸੀਂ ਇਕ ਕਲਾਕਾਰ ਦੀ ਪਰਿਭਾਸ਼ਾ ਤੋਂ ਜਾਣੂ ਜ਼ਰੂਰ ਹੋਈਏ ਕਿ ਇਨ੍ਹਾਂ ਲੋਕਾਂ ਦੀ ਜ਼ਿੰਮੇਵਾਰੀ ਤੇ ਫ਼ਰਜ਼ ਸਾਡੇ ਸਮਾਜ ਪ੍ਰਤੀ ਕੀ ਹਨ। ਇਹ ਨਹੀਂ ਕਿ ਜੋ ਮੂੰਹ ਆਇਆ ਬੋਲੀ ਜਾਉ, ਇਹ ਕਲਾਕਾਰੀ ਨਹੀਂ। ਹਾਂ ਕਲਾਕਾਰੀ ਦੇ ਨਾਂ ’ਤੇ ਡਰਾਮਾ ਜ਼ਰੂਰ ਮੰਨ ਸਕਦੇ ਹਾਂ।

### ਗਾਲ੍ਹਾਂ ਹੋਈਆਂ ਗਾਇਕੀ ’ਚ ਸ਼ਾਮਲ

ਮੈਨੂੰ ਸ਼ੱਕ ਹੈ ਕਿ ਲੰਘੇ ਸਮੇਂ ਤੋਂ ਅੱਧੀ ਦਰਜਨ ਦੇ ਕਰੀਬ ਅਟਪਟੇ ਕਲਾਕਾਰਾਂ ਨੂੰ ਗਾਇਕਾਂ ਦੇ ਤੌਰ ’ਤੇ ਬੇਸ਼ੱਕ ਪੇਸ਼ ਕੀਤਾ ਗਿਆ ਪਰ ਇਨ੍ਹਾਂ ਨੌਜਵਾਨਾਂ ਨੂੰ ਆਪ ਇਸ ਗੱਲ ਦੀ ਸਮਝ ਅੱਜ ਤਕ ਨਹੀਂ ਲੱਗੀ ਕਿ ਉਨ੍ਹਾਂ ਨੂੰ ਕਿਤੇ ਨਾ ਕਿਤੇ ਵਰਤਿਆ ਜਾ ਰਿਹਾ ਹੈ। ਠੀਕ ਹੈ ਕਿ ਸਾਇੰਸ ਦਾ ਯੁੱਗ ਹੈ ਮਸ਼ਹੂਰੀ ਸਵੇਰ ਤੋਂ ਲੈ ਕੇ ਸ਼ਾਮ ਤਕ ਖ਼ਰੀਦੀ ਜਾ ਸਕਦੀ ਹੈ ਪਰ ਕਦੇ ਇਹ ਵੀ ਸੋਚਿਐ ਕਿ ਗੀਤਾਂ ’ਚ ਮਾਰੀਆਂ ਇਨ੍ਹਾਂ ਗਾਇਕਾਂ ਦੀਆਂ ਯੱਭਲੀਆਂ ਦੇ ਅਰਥ ਕੀ ਹਨ ਤੇ ਤਰਕ ਕੀ ਹੈ। ਇਹ ਕਿਸੇ ਦਾ ਕੀ ਸੰਵਾਰਨਗੇ? ਗੀਤ-ਸੰਗੀਤ ਸਮੇਂ ਦੇ ਹਾਣ ਦਾ ਜ਼ਰੂਰ ਹੋਣਾ ਚਾਹੀਦਾ ਹੈ ਪਰ ਸਮੇਂ ਨਾਲੋਂ ਅੱਗੇ ਲੰਘ ਕਿ ਮਾਰੀਆਂ ਡੀਂਗਾਂ ਅਕਸਰ ਵਿਨਾਸ਼ ਦਾ ਕਾਰਨ ਬਣਦੀਆਂ ਹਨ। ਕਿੱਥੇ ਉਹ ਲੋਕ ਜਿਹੜੇ ਬੋਲਾਂ ਰਾਹੀਂ ਉੱਡਦੇ ਪੰਛੀਆਂ ਨੂੰ ਹੇਠਾਂ ਉਤਰਨ ਲਈ ਮਜਬੂਰ ਕਰ ਦਿੰਦੇ ਸਨ ਤੇ ਕਿੱਥੇ ਇਹ ਅਖੌਤੀ ਕਲਾਕਾਰ ਗੀਤਾਂ ’ਚ ਗਾਲ੍ਹਾਂ ਕੱਢ ਕੇ ਸਥਾਪਤੀ ਤੇ ਬੁਲੰਦੀਆਂ ਨੂੰ ਛੂਹਣ ਦੇ ਸੁਪਨੇ ਦੇਖ ਰਹੇ ਹਨ। ਇਨ੍ਹਾਂ ਅਜੋਕੇ ਅਖੌਤੀ ਗਾਇਕਾਂ ਨੂੰ ਕੋਈ ਪੁੱਛੇ ਕਿ ਇਨ੍ਹਾਂ ਨੂੰ ਕਿਸ ਬੰਦੇ ਨੇ ਭਰਮਾ ਦਿੱਤਾ ਹੈ ਕਿ ਗਾਲ੍ਹਾਂ ਨੂੰ ਗਾਇਕੀ ਆਖਦੇ ਹਨ। ਰੈਪ ਦੇ ਨਾਂ ’ਤੇ ਹੋ ਰਹੀ ਗੁੰਡਾਗਰਦੀ ਦਾ ਕਲਾਕਾਰੀ ਦੇ ਖੇਤਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ।



### ਅਦਾਲਤਾਂ ਨੇ ਸੁੱਟੀ ਸਰੋਤਿਆਂ ’ਤੇ ਗੱਲ

ਅਜੋਕੇ ਗਾਇਕ ਕਿਉਂ ਭੁੱਲ ਚੁੱਕੇ ਹਨ ਕਿ ਕਲਾਕਾਰ ਸਮਾਜ ਦੇ ਦੁੱਖ ਤਕਲੀਫ਼ਾਂ ਤੇ ਅਹਿਮ ਮੁੱਦਿਆਂ ਨੂੰ ਰੂਪਮਾਨ ਕਰਨ ਦਾ ਜ਼ਰੀਆ ਵੀ ਹੁੰਦੇ ਹਨ। ਚੰਗੇ ਗਾਇਕਾਂ ਦੇ ਗੀਤ ਥੱਕ ਚੁੱਕੇ ਇਨਸਾਨੀ ਮਨ ਨੂੰ ਸਕੂਨ ਦਿੰਦੇ ਹਨ। ਕੱਚ-ਘਰੜ ਗਾਇਕਾਂ ਨੂੰ ਸਵਾਲ ਪੁੱਛਣਾ ਬਣਦਾ ਹੈ ਕਿ ਇਹ ਕਿਹੜੀ ਕੈਟਾਗਰੀ ਦੇ ਕਲਾਕਾਰ ਨੇ? ਮੈਂ ਤਾਂ ਕਹਿਣਾ ਚਾਹਾਂਗਾ ਕਿ ਕਲਾਕਾਰੀ ਦੇ ਨਾਂ ’ਤੇ ਠੇਕੇਦਾਰੀ ਕਰਨ ਵਾਲਿਓ ਬੱਸ ਕਰੋ, ਨਹੀਂ ਤਾਂ ਇਸ ਸੱਭਿਅਕ ਖੇਤਰ ’ਚ ਬਲ ਰਹੀ ਇਸ ਭਿਆਨਕ ਅੱਗ ਦਾ ਸੇਕ ਤੁਹਾਨੂੰ ਵੀ ਲੈ ਮੱਚੇਗਾ। ਲੰਘੇ ਦਿਨੀਂ ਪੰਜਾਬ ਹਰਿਆਣਾ ਹਾਈਕੋਰਟ ’ਚ ਮਾਂ ਬੋਲੀ ਦੇ ਸ਼ੁਭਚਿੰਤਕਾਂ ਵੱਲੋਂ ਦਾਇਰ ਕੀਤੀ ਇਕ ਜਨਤਕ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਜੱਜਾਂ ਨੇ ਇਹ ਆਖਿਆ ਹੈ ਕਿ ਲੱਚਰ ਗਾਇਕੀ ਦੇ ਮੁੱਦੇ ਤੇ ਅਦਾਲਤਾਂ ਕੁਝ ਨਹੀਂ ਕਰ ਸਕਦੀਆਂ। ਇਸ ਦੇ ਲਈ ਤਾਂ ਜਨਤਾ ਆਪ ਹੀ ਕੋਈ ਫ਼ੈਸਲਾ ਲੈ ਸਕਦੀ ਹੈ। ਜੇ ਅਜੇ ਵੀ ਅਸੀਂ ਨਹੀਂ ਸਮਝ ਸਕਦੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਰੱਬ ਹੀ ਰਾਖਾ ਹੈ। ਸਮੇਂ ਦੀ ਮੰਗ ਹੈ ਕਿ ਨਵੀਂ ਪਨੀਰੀ ਤੇ ਸੱਭਿਅਤਾ ਨੂੰ ਤਬਾਹ ਕਰ ਰਹੀ ਲੱਚਰ ਗਾਇਕੀ ਦਾ ਜਿੰਨੀ ਛੇਤੀ ਹੋ ਸਕੇ ਕੋਈ ਹੱਲ ਕੱਢਣਾ ਚਾਹੀਦਾ ਹੈ ਤਾਂ ਕਿ ਕੁਰਾਹੇ ਪੈ ਕੇ ਅਪਰਾਧ ਦੀ ਦਲਦਲ ’ਚ ਧਸ ਰਹੀ ਪੰਜਾਬੀ ਦੀ ਨੌਜਵਾਨੀ ਨੂੰ ਕੋਈ ਸੇਧ ਮਿਲ ਸਕੇ। •

---

# ਗੀਤਕਾਰੀ ਤੋਂ ਅਦਾਕਾਰੀ ਤਕ ਭਜਨ ਥਿੰਦ

ਰੋਸ਼ਨ ਖੈੜਾ



ਅੱਜ ਕੱਲ੍ਹ ਕੁਝ ਪਤਾ ਨਹੀਂ ਲਗਦਾ ਕਿ ਕਦੋਂ ਯੂ-ਟਿਊਬ ਜਾਂ ਸੋਸ਼ਲ ਸਾਈਟਾਂ ਨੇ ਕਿਹੜੇ ਗਾਇਕ ਜਾਂ ਗੀਤਕਾਰ ’ਤੇ ਮੇਹਰਬਾਨ ਹੋ ਜਾਣਾ ਹੈ। ਕਦੋਂ ਉਸ ਗਾਇਕ ਜਾਂ ਗੀਤਕਾਰ ਦੇ ਗੀਤ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਜਾਣੇ ਹਨ। ਹਾਲ ਹੀ ’ਚ ਪੰਜਾਬੀ ਗਾਇਕ ਫਿਰੋਜ਼ ਖ਼ਾਨ ਦੀ ਆਵਾਜ਼ ’ਚ ਕੈਨੇਡਾ ਵੱਸਦੇ ਗੀਤਕਾਰ ਭਜਨ ਥਿੰਦ ਦਾ ਗੀਤ ‘ਤੈਨੂੰ ਸਹੁੰ ਲੱਗੇ ਭਾਬੀ ਸਾਡੇ ਵੀਰੇ ਦੀ, ਜੇ ਤੂੰ ਡੀਜੇ ਤੇ ਨਾ ਨੱਚ ਕੇ ਵਿਖਾਵੇਂ’ ਇੰਨਾ ਮਕਬੂਲ ਹੋਇਆ ਕਿ ਅੱਜ ਹਰ ਵਿਆਹ-ਸ਼ਾਦੀ ਮੌਕੇ ਡੀਜੇ ’ਤੇ ਇਸ ਦੀ ਮੁੜ-ਮੁੜ ਫਰਮਾਇਸ਼ ਹੁੰਦੀ ਹੈ। ਭਜਨ ਥਿੰਦ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਪਾਜੀਆਂ ਦੇ ਭਲਵਾਨੀ ਨਾਲ ਜੁੜੇ ਇਕ ਪਰਿਵਾਰ ’ਚ ਪੈਦਾ ਹੋਇਆ। ਭਜਨ ਨੇ ਆਪਣੇ ਪੁਰਖਿਆਂ ਵਾਂਗ ਥੋੜ੍ਹੇ ਸਮੇਂ ਵਿਚ ਹੀ ਪਹਿਲਵਾਨੀ ’ਚ ਵੱਡੀਆਂ ਪੁਲਾਘਾਂ ਪੁੱਟਦੇ ਹੋਏ ਗੱਦੇ ਦੀ ਕੁਸ਼ਤੀ ਦੇ ਮੁਕਾਬਲਿਆਂ ਵਿਚ ਅੰਤਰ ਯੂਨੀਵਰਸਿਟੀ ਪੱਧਰ ’ਤੇ ਵੱਡੀਆਂ ਮੱਲਾਂ ਮਾਰੀਆਂ।

ਫਿਰ ਕਬੱਡੀ ਖਿਡਾਰੀ ਮੰਗੀ ਸੁਰਖ਼ਪੁਰ, ਜੋ ਪਹਿਲਾਂ ਭਲਵਾਨੀ ਕਰਦਾ ਸੀ, ਭਜਨ ਨੂੰ ਭਲਵਾਨੀ ਤੋਂ ਕਬੱਡੀ ਵੱਲ ਲੈ ਆਇਆ। ਭਜਨ ਥਿੰਦ ਜਦੋਂ ਸਰਕਾਰੀ ਕਾਲਜ ਕਪੂਰਥਲਾ ਦਾ ਵਿਦਿਆਰਥੀ ਸੀ ਤਾਂ ਉਸ ਵੇਲੇ ਭਲਵਾਨੀ ਦਾ ਜਨੂੰਨ ਉਸ ਦੇ ਸਿਰ ਚੜ੍ਹ ਬੋਲਦਾ ਸੀ। ਬੀਏ ਕਰਦਿਆਂ ਉਹ ਕੈਨੇਡਾ ਚਲਾ ਗਿਆ ਤੇ ਉੱਥੇ ਜਾ ਕੇ ਆਪਣੀ ਜੀਵਨ ਸਾਥਣ ਨਾਲ ਨਵੀਂ ਦੁਨੀਆ ਦੇ ਸੁਪਨੇ ਬੀਜਦਾ ਹੋਇਆ ਦੁਨੀਆਦਾਰੀ ਪਾਲਣ ਲੱਗ ਪਿਆ। ਟੈਕਸੀ ਚਲਾਈ ਤੇ ਟੈਕਸੀ ਵਿਚ ਵੱਜਦੇ ਪੰਜਾਬੀ ਗਾਣੇ ਥਿੰਦ ਨੂੰ ਗੀਤ ਲਿਖਣ ਲਈ ਮਜਬੂਰ ਕਰਨ ਲੱਗੇ। ਭਜਨ ਕਹਿੰਦਾ ਹੈ ਕਿ ਉਸ ਨੂੰ ਇਹ ਗੱਲ ਅਕਸਰ ਪਰੇਸ਼ਾਨ ਕਰਦੀ ਰਹਿੰਦੀ ਸੀ ਕਿ ਪੰਜਾਬੀ ਸੱਭਿਆਚਾਰ ਦੀ ਅਮੀਰੀ ਨੂੰ ਗੀਤਕਾਰੀ ’ਚ ਆਈ ਲੱਚਰਤਾ ਕਿਉਂ ਕਲੰਕਿਤ ਕਰ ਰਹੀ ਹੈ? ਉਹ ਚੰਗਾ ਤੇ ਵਧੀਆ ਲਿਖਣ ਲਈ ਰੋਜ਼ ਨਵੇਂ ਖ਼ਿਆਲ ਲੈ ਕੇ ਕਾਗਜ਼ਾਂ ’ਤੇ ਅੱਖਰ ਝਰੀਟਦਾ ਪਰ ਸੰਤੁਸ਼ਟੀ ਨਾ ਹੁੰਦੀ ਵੇਖ ਕੇ ਆਪਣੇ ਲਿਖੇ ਸ਼ਬਦਾਂ ਨੂੰ ਡਸਟਬਿੰਨ ਦੇ ਸਪੁਰਦ ਕਰ ਦਿੰਦਾ।

ਭਜਨ ਦੱਸਦਾ ਹੈ ਕਿ ਉਹ ਪ੍ਰਸਿੱਧ ਗੀਤਕਾਰ ਧੰਮੀ ਹੇਰਾਂਵਾਲਾ, ਬਾਬੂ ਸਿੰਘ ਮਾਨ, ਦਵਿੰਦਰ ਖੰਨੇ ਵਾਲਾ ਤੇ ਦੇਬੀ ਮਖ਼ਸੂਸਪੁਰੀ ਦੇ ਗੀਤਾਂ ਨੂੰ ਸੁਣਦਾ ਤੇ ਚੰਗਾ ਲਿਖਣ ਲਈ ਧੰਮੀ ਹੇਰਾਂਵਾਲਾ ਨੂੰ ਹੀ ਆਪਣਾ ਆਦਰਸ਼ ਮੰਨਦਾ ਹੈ। ਉਸ ਦਾ ਕਹਿਣਾ ਹੈ ਕਿ ਗੀਤ ਨੂੰ ਵਪਾਰਕ ਪੱਧਰ ਦਾ ਹੋਣ ਦੇ ਨਾਲ-ਨਾਲ ਸਾਹਿਤਕ ਤੇ ਸੱਭਿਆਚਾਰਕ ਨਾਲ ਵੀ ਲਬਰੇਜ਼ ਹੋਣਾ ਚਾਹੀਦਾ ਹੈ।

ਭਜਨ ਜਿੱਥੇ ਵਧੀਆ ਗੀਤਾਕਾਰ ਹੈ ਉੱਥੇ ਚੰਗਾ ਅਦਾਕਾਰ ਵੀ ਹੈ। ਉਹ ਆਪਣੇ ਗੀਤਾਂ ਦੇ ਫਿਲਮਾਂਕਣ ’ਚ ਖ਼ੁਦ ਨਾਇਕ ਦੀ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਪਹਿਲਾਂ ਪੰਜਾਬੀ ਗਾਇਕ ਨਛੱਤਰ ਗਿੱਲ ਵੱਲੋਂ ਦਸ਼ਮੇਸ਼ ਪਿਤਾ ਨੂੰ ਸਮਰਪਿਤ ਗੀਤ ‘ਸੰਤ ਸਿਪਾਹੀ’ ਦੇ ਫਿਲਮਾਂਕਣ ਵਿਚ ਵੀ ਉਸ ਨੇ ਚੰਗੀ ਅਦਾਕਾਰੀ ਵਿਖਾਈ। ਭਜਨ ਦੇ ਲਿਖੇ ਗੀਤ ‘ਤੈਨੂੰ ਸਹੁੰ ਲੱਗੇ ਭਾਬੀ ਸਾਡੇ ਵੀਰੇ ਦੀ’ ਵਿਚ ਦਿਓਰ-ਭਾਬੀ ਦੇ ਰਿਸ਼ਤੇ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ ਤੇ ਨਾਲ ਹੀ ਦੇਸ਼ ’ਚ ਹੋਈ ਨੋਟਬੰਦੀ ਦੇ ਅਸਰ ਨੂੰ ਵੀ ਸੰਕੇਤਕ ਰੂਪ ’ਚ ਦਰਸਾਇਆ ਗਿਆ ਹੈ। ਭਜਨ ਦਾ ਕਹਿਣਾ ਹੈ ਕਿ ‘ਮੌਜੂਦਾ ਯੁੱਗ ਵਿਚ ਗੀਤਕਾਰੀ ਕਰਨਾ ਤੇ ਫਿਰ ਵੀਡੀਓ ਬਣਾਉਣ ਤਕ ਦੇ ਖ਼ਰਚੇ ਘਰ ਫੂਕ ਕੇ ਤਮਾਸ਼ਾ ਵੇਖਣ ਵਾਲੀ ਗੱਲ ਹੈ ਪਰ ਸੱਭਿਆਚਾਰ ਨੂੰ ਉਜੜਦਾ ਹੋਇਆ ਵੀ ਨਹੀਂ ਵੇਖਿਆ ਜਾਂਦਾ। ਇਸ ਲਈ ਮੈਂ ਚੰਗੇ ਸੱਭਿਆਚਾਰਕ ਗੀਤਾਂ ਜ਼ਰੀਏ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੁੰਦਾ ਹਾਂ। •

98766-33216

---

# ਪੰਜਾਬੀ ਗਾਇਕੀ ਦਾ ਡਿੱਗਦਾ ਮਿਆਰ

ਗੀਤ ਸੰਗੀਤ ਰੂਹ ਨੂੰ ਸਕੂਨ ਦਿੰਦਾ ਹੈ। ਚੰਗਾ ਗੀਤ ਸੁਣਨ ਵਾਲੇ ਨੂੰ ਜਿੱਥੇ ਮਾਨਸਿਕ ਤਸੱਲੀ ਤੇ ਆਨੰਦ ਦਿੰਦਾ ਹੈ ਉੱਥੇ ਆਪਣੀਆਂ ਸੱਭਿਆਚਾਰਕ ਰਵਾਇਤਾਂ ਨੂੰ ਵੀ ਨਿਭਾਉਂਦਾ ਹੈ। ਮਿਆਰੀ ਗੀਤ ਭੱਜ-ਦੌੜ ਭਰੀ ਜ਼ਿੰਦਗੀ ’ਚੋਂ ਤਣਾਅ ਨੂੰ ਖ਼ਤਮ ਕਰਨ ਦਾ ਚੰਗਾ ਮਾਧਿਅਮ ਹੈ। ਬਦਲਦੇ ਦੌਰ ਨਾਲ ਗੀਤਾਂ ਵਿਚਲਾ ਸ਼ਾਬਦਿਕ ਮਸਾਲਾ ਤੇ ਗਾਉਣ ਦਾ ਲਹਿਜ਼ਾ ਬਦਲਦਾ ਚਲਾ ਗਿਆ ਅਜੋਕੇ ਦੌਰ ਦੇ ਗੀਤ ਸੁਣ ਕੇ ਰੂਹ ਨੂੰ ਸਕੂਨ ਨਹੀਂ ਮਿਲਦਾ, ਸਗੋਂ ਦਿਲ ਕਾਹਲਾ ਪੈਣ ਲੱਗ ਪੈਂਦਾ ਹੈ। ਕੋਈ ਸਮਾਂ ਸੀ ਜਦੋਂ ਗੀਤਾਂ ’ਚ ਸੁਰਤਾਲ ਦਾ ਬੜਾ ਖ਼ਿਆਲ ਰੱਖਿਆ ਜਾਂਦਾ ਸੀ ਤੇ ਗੀਤ ਦੇ ਵਿਸ਼ੇ ਅਨੁਸਾਰ ਰਵਾਇਤੀ ਸਾਜ਼ਾਂ ਦੀ ਵਰਤੋਂ ਬੜੀ ਸੂਝ-ਬੂਝ ਨਾਲ ਕੀਤੀ ਜਾਂਦੀ ਸੀ। ਕਿਸੇ ਜੋਸ਼ੀਲੇ ਗੀਤ ਵਿਚ ਅਲਗੋਜ਼ੇ ਤੇ ਢੋਲ ਦੀ ਆਵਾਜ਼ ਸਰੋਤਿਆਂ ਅੰਦਰ ਜੋਸ਼ ਭਰ ਦਿੰਦੀ ਸੀ। ਇਸੇ ਤਰ੍ਹਾਂ ਕਿਸੇ ਭਾਵੁਕਤਾ ਭਰੇ ਗੀਤ ਵਿਚ ਗਿਟਾਰ ਤੇ ਬੰਸਰੀ ਦੀ ਆਵਾਜ਼ ਗੀਤ ਨੂੰ ਹੋਰ ਗੂੜੇ ਅਰਥ ਦੇ ਦਿੰਦੀ ਸੀ। ਅੱਜ ਦੇ ਬੇਤੁਕੇ ਗੀਤ ਤੇ ਉਨ੍ਹਾਂ ਦਾ ਸੰਗੀਤ ਬੇਹੱਦ ਭੜਕੀਲਾ ਤੇ ਕੰਨਾਂ ਨੂੰ ਚੀਰਨ ਵਾਲਾ ਹੁੰਦਾ ਹੈ।



ਅੱਜ ਪੰਜਾਬੀ ਗੀਤਾਂ ਦੀ ਜ਼ਿਆਦਾਤਰ ਸ਼ਬਦਾਵਲੀ ਅੰਗਰੇਜ਼ੀ ਤੇ ਪੰਜਾਬੀ ਦਾ ਮਿਸ਼ਰਣ ਹੈ। ਗੱਡੀਆਂ, ਕੱਪੜਿਆਂ, ਸ਼ਰਾਬਾਂ ਦੇ ਬਰਾਂਡ ਤੇ ਹਥਿਆਰਾਂ ਦੀ ਗੱਲ ਗਾਇਕੀ ਦੇ ਡਿੱਗਦੇ ਪੱਧਰ ਨੂੰ ਬਿਆਨ ਰਹੀ ਹੈ। ਨਸ਼ੇ ਤੇ ਹਥਿਆਰਾਂ ਨਾਲ ਲਬਰੇਜ਼ ਇਨ੍ਹਾਂ ਗੀਤਾਂ ਦਾ ਫਿਲਮਾਂਕਣ ਪੰਜਾਬੀ ਗਾਇਕੀ ਨੂੰ ਸਭ ਤੋਂ ਮਾੜੇ ਦੌਰ ਤਕ ਲੈ ਆਇਆ ਹੈ। ਪੰਜਾਬੀ ਗੀਤਾਂ ਵਿਚ ਅਕਸਰ ਇਕ ਕਾਲਪਨਿਕ ਨਾਇਕ ਹੁੰਦਾ ਹੈ, ਜੋ ਅਕਸਰ ‘ਜੱਟ’ ਸ਼ਬਦ ਨਾਲ ਸਬੋਧਨ ਹੁੰਦਾ ਹੈ ਅਤੇ ਜਿਸ ਨੂੰ ਇਕ ਵੈਲੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਅੱਜ ਪੰਜਾਬੀ ਗੀਤਾਂ ਵਿਚ ਵਰਜਿਤ ਅੱਪ-ਸ਼ਬਦਾਂ, ਗਾਲ੍ਹਾਂ ਦੀ ਖੁੱਲ੍ਹੇਆਮ ਵਰਤੋਂ ਹੋ ਰਹੀ ਹੈ ਜਿਸ ਵਿਚ ਸੋਸ਼ਲ ਮੀਡੀਆ ਦਾ ਵੀ ਵੱਡਾ ਯੋਗਦਾਨ ਹੈ। ਪੰਜਾਬੀ ਗੀਤਾਂ ’ਚ ਨਸ਼ੇ ਤੇ ਹਥਿਆਰਾਂ ਦਾ ਦਿਖਾਵਾ ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਨਿਘਾਰ ਵੱਲ ਨੂੰ ਜਾਣ ਦਾ ਸੰਕੇਤ ਹੈ।

• ਕੁਲਦੀਪ ਸਿੰਘ ਗੁਰਾਇਆ/ 98788-88722

---

# ਮਸ਼ਹੂਰ ਗੀਤਕਾਰ ਜਿੰਦ ਸਵਾੜਾ

ਪ੍ਰੀਤਮ ਲੁਧਿਆਣਵੀ



ਵਿਰਲੇ ਹੀ ਗੀਤਕਾਰ ਤੇ ਗਾਇਕ ਰਹਿ ਗਏ ਹਨ, ਜਿਨ੍ਹਾਂ ਨੂੰ ਮਿਆਰੀ ਗਾਇਕੀ ਨਾਲ ਲਗਾਅ ਹੋਵੇ। ਇਸੇ ਤਰ੍ਹਾਂ ਦੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ ਤੇ ਮਿਆਰੀ ਗੀਤ ਲਿਖਣ ਵਾਲੇ ਗੀਤਕਾਰਾਂ ਦੀ ਮੂਹਰਲੀ ਕਤਾਰ ਵਿਚ ਆਉਂਦਾ ਗੀਤਕਾਰ ਸੁਖਜਿੰਦਰ ਸਿੰਘ ਧਾਲੀਵਾਲ ਉਰਫ਼ ਜਿੰਦ ਸਵਾੜਾ ਹੈ।

ਜ਼ਿਲ੍ਹਾ ਮੁਹਾਲੀ ਦੇ ਪਿੰਡ ਸਵਾੜਾ ਵਿਖੇ 9 ਫਰਵਰੀ 1951 ਨੂੰ ਪਿਤਾ ਹਰਭਾਗ ਸਿੰਘ ਤੇ ਮਾਤਾ ਨਛੱਤਰ ਕੌਰ ਦੇ ਘਰ ਜਨਮੇ ਜਿੰਦ ਸਵਾੜਾ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਹ ਹੁਣ ਤਕ ਕਰੀਬ ਅੱਠ ਹਜ਼ਾਰ ਗੀਤ ਲਿਖ ਚੁੱਕਾ ਹੈ। ਇਨ੍ਹਾਂ ਵਿਚੋਂ 400 ਤੋਂ ਵੱਧ ਗੀਤ ਵੱਖ-ਵੱਖ ਗਾਇਕਾਂ ਤੇ ਗਾਇਕਾਵਾਂ ਦੀਆਂ ਆਵਾਜ਼ਾਂ ’ਚ ਸਰੋਤਿਆਂ ਤਕ ਪਹੁੰਚ ਚੁੱਕੇ ਹਨ। ਜਿੰਦ ਸਵਾੜੇ ਦਾ ਪਹਿਲਾ ਗੀਤ ਗਾਇਕਾ ਸਤਵਿੰਦਰ ਬਿੱਟੀ ਦੀ ਆਵਾਜ਼ ਵਿਚ ‘ਯਾਦਾਂ ਆਉਂਦੀਆਂ ਵੇ’ ਮਾਰਕੀਟ ’ਚ ਆਇਆ ਸੀ। ਇਸ ਗੀਤ ਨੂੰ ਸਰੋਤਿਆਂ ਨੇ ਖਿੜੇ ਮੱਥੇ ਪ੍ਰਵਾਨ ਕੀਤਾ ਤੇ ਫਿਰ ਜਿੰਦ ਸਵਾੜੇ ਦੇ ਲਿਖੇ ਗੀਤ ਸਰੋਤਿਆਂ ਦੀ ਪਹਿਲੀ ਪਸੰਦ ਬਣਦੇ ਰਹੇ।

ਉਸ ਦੇ ਸਭ ਤੋਂ ਮਕਬੂਲ ਗੀਤਾਂ ਦੀ ਗੱਲ ਕਰੀਏ ਤਾਂ ਦੋਗਾਣਾ ਜੋੜੀ ਭੁਪਿੰਦਰ ਗਿੱਲ-ਮਿਸ ਨੀਲਮ ਦੀ ਆਵਾਜ਼ ਵਿਚ, ‘ਛਣ-ਛਣ’, ‘ਦੇਖੀਂ ਤੂੰ ਮਜਾਜਣੇਂ’, (ਸੁਰਜੀਤ ਖ਼ਾਨ) ‘ਕਿੱਕਲੀ’, ‘ਜੱਟਾਂ ਦੇ ਪੁੱਤ’, ‘ਜੁੱਤੀ ਕੂੰ ਕੂੰ ਕਰਦੀ ਆ’, ‘ਹੋਰ ਨਾ ਬੇਗਾਨਾ ਪੁੱਤ ਮਾਰੀਂ’, (ਮਿਸ ਪੂਜਾ-ਮਿੱਟੂ ਧੂਰੀ) ‘ਕੋਠੇ ’ਤੇ ਸਪੀਕਰ’, (ਦੀਪਕ ਢਿੱਲੋਂ) ‘ਵਿਛੋੜਾ ਬੁਰਾ ਸੱਜਣਾ ਦਾ’ ਤੇ ਜੀਤ ਜਗਜੀਤ ਦੀ ਆਵਾਜ਼ ’ਚ ‘ਫੁੱਲ ਕੱਢਦੀ ਸੱਜਣਾਂ ਵਰਗਾ’ ਆਦਿ ਜ਼ਿਕਰਯੋਗ ਹਨ। ਇਸ ਤੋਂ ਇਲਾਵਾ ਉਸ ਦੇ ਲਿਖੇ ਗੀਤਾਂ ਨੂੰ ਗੁਰਕ੍ਰਿਪਾਲ ਸੁਰਾਪੁਰੀ, ਗਿੱਪੀ ਗਰੇਵਾਲ, ਕੁਲਵੰਤ ਬਿੱਲਾ-ਕੁਲਵੰਤ ਕੌਰ, ਗੁਰਬਖ਼ਸ਼ ਸ਼ੌਂਕੀ, ਸੁਦੇਸ਼ ਕੁਮਾਰੀ, ਗੁਰਮੀਤ ਮਾਨ-ਮਿਸ ਪਾਇਲ, ਪ੍ਰੀਤ ਬਰਾੜ, ਸੁਪਿੰਦਰ ਕੋਟਲਾ ਅਤੇ ਰਾਜ ਸੇਖੋਂ ਵੀ ਆਪਣੀਆਂ ਆਵਾਜ਼ਾਂ ਦੇ ਚੁੱਕੇ ਹਨ। ਇਸ ਤੋਂ ਇਲਾਵਾ ਧਾਰਮਿਕ ਖੇਤਰ ਵਿਚ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ ਦੇ ਜਥੇ ਦੀ ਆਵਾਜ਼ ’ਚ ਰਿਕਾਰਡ ਹੋਏ ਗੀਤ ‘ਬਾਜ਼ਾਂ ਵਾਲੇ’, ‘ਅਣਖੀ ਯੋਧੇ’ ਅਤੇ ‘ਚਿੜੀਆਂ ਬੋਲ ਪਈਆਂ’ ਆਦਿ ਨੇ ਵੀ ਸੰਸਾਰ ਪੱਧਰ ’ਤੇ ਉਸ ਦੀ ਕਲਮ ਦਾ ਲੋਹਾ ਮਨਵਾਇਆ ਹੈ।

ਇਕ ਸਵਾਲ ਦੇ ਜਵਾਬ ’ਚ ਜਿੰਦ ਸਵਾੜਾ ਨੇ ਦੱਸਿਆ ਕਿ ਕੋਈ ਵੀ ਗੀਤ ਰਿਕਾਰਡ ਕਰਵਾਉਣ ਤੋਂ ਪਹਿਲਾਂ ਉਹ ਆਪਣੇ ਪਰਿਵਾਰ ਪਾਸੋਂ ਜ਼ਰੂਰ ਪਾਸ ਕਰਵਾਉਂਦਾ ਹੈ। ਇਹੀ ਕਾਰਨ ਹੈ ਕਿ ਅੱਜ ਤਕ ਉਸ ਦੇ ਲਿਖੇ ਗੀਤਾਂ ’ਤੇ ਕਿਸੇ ਵੱਲ ਵੀ ਕੋਈ ਉਂਗਲ ਨਹੀਂ ਉਠਾਈ ਗਈ। ਸਵਾੜਾ ਦੀ ਖ਼ਾਸੀਅਤ ਹੈ ਕਿ ਉਸ ਨੇ ਕਦੇ ਕਿਸੇ ਗਾਇਕ ਪਾਸੋਂ ਗੀਤ ਦਾ ਇਕ ਪੈਸਾ ਨਹੀਂ ਲਿਆ ਤੇ ਨਾ ਹੀ ਘਰ ਆਏ ਕਿਸੇ ਗਾਇਕ ਨੂੰ ਖਾਲੀ ਮੋੜਿਆ ਹੈ। •

98764-28641

---

# ਫਿਲਮਾਂ ’ਚ ਵਾਪਸੀ ਕਰੇਗਾ ਪ੍ਰੀਤ ਹਰਪਾਲ

ਆਸ਼ਿਮਾ ਸੱਚਦੇਵਾ



ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਛੋਟੇ ਜਿਹੇ ਪਿੰਡ ਤੋਂ ਉੱਠ ਕੇ ਗਾਇਕੀ ਤੇ ਅਦਾਕਾਰੀ ਜ਼ਰੀਏ ਦੁਨੀਆ ’ਚ ਪਛਾਣ ਬਣਾਉਣ ਵਾਲਾ ਪ੍ਰੀਤ ਹਰਪਾਲ ਲੰਬੇ ਸਮੇਂ ਤੋਂ ਮਿਆਰੀ ਗਾਇਕੀ ਦੀ ਮਹਿਕ ਖਿਲਾਰ ਰਿਹਾ ਹੈ। ਉਹ ਗੀਤਾਂ ਜ਼ਰੀਏ ਨਾ ਸਿਰਫ਼ ਮਨੋਰੰਜਨ ਕਰਦਾ ਹੈ ਬਲਕਿ ਸਮਾਜਿਕ ਨੂੰ ਕੋਈ ਚੰਗਾ ਸੁਨੇਹਾ ਵੀ ਦਿੰਦਾ ਹੈ। ਇਸੇ ਲਈ ਉਹ ਹਰ ਉਮਰ ਦੇ ਸਰੋਤਿਆਂ ਦਾ ਪਸੰਦੀਦਾ ਗਾਇਕ ਹੈ। ਜ਼ਿਆਦਾਤਰ ਆਪਣੇ ਹੀ ਲਿਖੇ ਗੀਤ ਗਾਉਣ ਵਾਲੇ ਪ੍ਰੀਤ ਨੇ ਪੰਜਾਬੀ ਸੱਭਿਆਚਾਰ ਦਾ ਕਦੇ ਪੱਲਾ ਨਹੀਂ ਛੱਡਿਆ। ਉਸ ਦੇ ਹਰ ਗੀਤ ’ਚੋਂ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੀ ਤੇ ਪੇਂਡੂ ਸੱਭਿਆਚਾਰ ਝਲਕਦਾ ਹੈ।

ਪ੍ਰੀਤ ਗਾਇਕ ਤੇ ਗੀਤਾਕਾਰ ਹੋਣ ਦੇ ਨਾਲ-ਨਾਲ ਵਧੀਆ ਅਦਾਕਾਰ ਵੀ ਹੈ। ਇਸ ਦਾ ਅਹਿਸਾਸ ਉਹ ਆਪਣੀਆਂ ਦੋ ਪੰਜਾਬੀ ਫਿਲਮਾਂ ‘ਸਿਰਫਿਰੇ’ ਤੇ ‘ਮਾਈ ਸੈਲਫ ਪੇਂਡੂ’ ਜ਼ਰੀਏ ਕਰਵਾ ਚੁੱਕਾ ਹੈ। ਗਾਇਕੀ ਤੇ ਨਿੱਜੀ ਰੁਝੇਵਿਆਂ ਕਾਰਨ ਉਹ ਕਈ ਸਾਲਾਂ ਤੋਂ ਸਿਨੇਮੇ ਤੋਂ ਦੂਰ ਸੀ। ਹੁਣ ਉਹ ਫਿਲਮ ‘ਲੁਕਣ ਮੀਚੀ’ ਜ਼ਰੀਏ ਫਿਲਮਾਂ ’ਚ ਵਾਪਸੀ ਕਰੇਗਾ। ਪ੍ਰੀਤ ਜਾਣਦਾ ਹੈ ਕਿ ਉਹ ਉਮਰ ਦੇ ਹਿਸਾਬ ਨਾਲ ਹਰ ਫਿਲਮ ’ਚ ਨਾਇਕ ਵਜੋਂ ਪੇਸ਼ ਨਹੀਂ ਹੋ ਸਕਦਾ। ਕਿਸੇ ਢੁੱਕਵੇਂ ਵਿਸ਼ੇ ਦੇ ਇੰਤਜ਼ਾਰ ਕਾਰਨ ਹੀ ਉਸ ਨੂੰ ਕੁਝ ਸਾਲ ਫਿਲਮਾਂ ਤੋਂ ਦੂਰ ਰਹਿਣਾ ਪਿਆ। ਉਸ ਦੀ ਇੱਛਾ ਸੀ ਕਿ ਗਾਇਕੀ ਵਾਂਗ ਫਿਲਮਾਂ ’ਚ ਵੀ ਉਸ ਨੂੰ ਦਰਸ਼ਕਾਂ ਦਾ ਪਿਆਰ ਮਿਲੇ। ਉਹ ਬਿਨਾਂ ਕਿਸੇ ਕਾਹਲ ਦੇ ਅਜਿਹੇ ਵਿਸ਼ੇ ਦੀ ਭਾਲ ’ਚ ਸੀ, ਜੋ ਦਰਸ਼ਕਾਂ ਦੇ ਭਰਪੂਰ ਮਨੋਰੰਜਨ ਦੇ ਨਾਲ-ਨਾਲ ਉਨ੍ਹਾਂ ਨੂੰ ਨਿੱਜੀ ਤੌਰ ’ਤੇ ਵੀ ਸੰਤੁਸ਼ਟ ਕਰ ਸਕੇ। ਉਸ ਦੀ ਇਹ ਭਾਲ ਪੰਜਾਬੀ ਫਿਲਮ ‘ਲੁਕਣ ਮੀਚੀ’ ਨਾਲ ਪੂਰੀ ਹੋਈ ਹੈ।

ਇਹ ਅਜਿਹੀ ਪੰਜਾਬੀ ਫਿਲਮ ਹੈ, ਜੋ ਰਿਸ਼ਤਿਆਂ ਅਤੇ ਪਿਆਰ ਵਿਚ ਹਉਮੈ ਕਾਰਨ ਆਉਣ ਵਾਲੀਆਂ ਤਰੇੜਾਂ ਨੂੰ ਬਿਆਨ ਕਰੇਗੀ। ਪ੍ਰੀਤ ਹਰਪਾਲ ਨੇ ਦੱਸਿਆ ਕਿ ਇਸ ਫਿਲਮ ਨੂੰ ਰਾਜੂ ਵਰਮਾ ਨੇ ਲਿਖਿਆ ਤੇ ਔਮ ਹੁੰਦਲ ਨੇ ਨਿਰਦੇਸ਼ਤ ਕੀਤਾ ਹੈ। ਫਿਲਮ ਦਾ ਨਿਰਮਾਤਾ ਅਵਤਾਰ ਸਿੰਘ ਬੱਲ ਹੈ। ਇਸ ਫਿਲਮ ਵਿਚ ਦਰਸ਼ਕ ਉਸ ਨੂੰ ਪੰਜਾਬੀ ਅਦਾਕਾਰ ਗੱਗੂ ਗਿੱਲ ਦੇ ਛੋਟੇ ਭਰਾ ਦੇ ਰੂਪ ’ਚ ਵੇਖਣਗੇ। ਉਹ ਫਿਲਮ ’ਚ ਮੁੱਖ ਭੂਮਿਕਾ ਨਿਭਾ ਰਿਹਾ ਹੈ। ਫਿਲਮ ’ਚ ਵਿਖਾਇਆ ਗਿਆ ਹੈ ਕਿ ਕਿਵੇਂ ਦੋ ਦੋਸਤ ਇਕ ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ ਤੇ ਫਿਰ ਕਿਵੇਂ ਗਿਲੇ ਸ਼ਿਕਵੇ ਛੱਡ ਕੇ ਮੁੜ ਦੋਸਤ ਬਣਦੇ ਹਨ। ਇਹ ਫਿਲਮ ਪ੍ਰੀਤ ਦੀ ਅਦਾਕਾਰੀ ਦੇ ਕੱਦ ਨੂੰ ਹੋਰ ਬੁਲੰਦ ਕਰੇਗੀ। ਫਿਲਮ ’ਚ ਅਦਾਕਾਰੀ ਦੇ ਨਾਲ-ਨਾਲ ਉਸ ਨੇ ਕਈ ਗੀਤਾਂ ਨੂੰ ਆਪਣੀ ਆਵਾਜ਼ ਵੀ ਦਿੱਤੀ ਹੈ।

ਇਸ ਤੋਂ ਇਲਾਵਾ ਕੁਝ ਦਿਨ ਪਹਿਲਾਂ ਉਸ ਦਾ ਨਵਾਂ ਗੀਤ ‘ਪਿੰਕ ਸੂਟ’ ਵੀ ਰਿਲੀਜ਼ ਹੋਇਆ ਹੈ। •

73072-66783

---

# ਪੰਜਾਬੀ ਸਿਨੇਮਾ ਦੀ ਇਤਿਹਾਸਕ ਫਿਲਮ ਨਾਨਕ ਨਾਮ ਜਹਾਜ਼ ਹੈ

ਤਰਸੇਮ ਲਾਲ ਸ਼ੇਰਾ

ਮਕਬੂਲੀਅਤ ਦੀਆਂ ਹੱਦਾਂ ਪਾਰ ਕਰਨ ਵਾਲੀ ਪੰਜਾਬੀ ਧਾਰਮਿਕ ਫਿਲਮ ‘ਨਾਨਕ ਨਾਮ ਜਹਾਜ਼ ਹੈ’ ਜਦੋਂ ਬਣ ਰਹੀ ਸੀ ਤਾਂ ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ 500 ਸਾਲਾ ਗੁਰਪੁਰਬ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਸੀ। ਹੁਣ ਦੇਸ਼-ਵਿਦੇਸ਼ ਦੀਆਂ ਸੰਗਤਾਂ 550 ਸਾਲਾ ਗੁਰਪੁਰਬ ਮਨਾ ਰਹੀਆਂ ਹਨ। ਇਸ ਲਈ ਸਮੇਂ ਦੇ ਨਾਲ ਇਸ ਫਿਲਮ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ।

ਇਹ ਪੰਜਾਬੀ ਧਾਰਮਿਕ ਫਿਲਮ ਜਦੋਂ ਲੁਧਿਆਣੇ ਦੇ ਦੀਪਕ ਸਿਨੇਮੇ ’ਚ ਲੱਗੀ ਤਾਂ ਸਿਨੇਮੇ ’ਚ ਦਰਸ਼ਕਾਂ ਦਾ ਹੜ੍ਹ ਆ ਗਿਆ ਸੀ। ਇਸ ਦੇ ਰੋਜ਼ਾਨਾ ਪੰਜ-ਸ਼ੋਅ ਫੁੱਲ ਜਾਣ ਲੱਗੇ। ਪੰਜਾਬ ਸਰਕਾਰ ਨੇ ਫਿਲਮ ਦਾ ਪੂਰਾ ਟੈਕਸ ਮਾਫ਼ ਕਰ ਦਿੱਤਾ ਸੀ। ਇਸ ਦਾ ਜਾਦੂ ਇਸ ਕਦਰ ਚੱਲਿਆ ਕਿ ਧਾਰਮਿਕ ਬਿਰਤੀ ਵਾਲੇ ਜੁੱਤੀਆਂ ਉਤਾਰ ਕੇ ਨੰਗੇ ਪੈਰੀਂ ਹਾਲ ’ਚ ਜਾਣ ਲੱਗ ਪਏ ਸਨ। ਧਾਰਮਿਕ ਰੁਚੀ ਵਾਲੀਆਂ ਬੀਬੀਆਂ ਸਿਰ ਢਕ ਕੇ ਇਹ ਫਿਲਮ ਵੇਖਦੀਆਂ ਸਨ। ਹਰ ਸ਼ੋਅ ਦੌਰਾਨ ਹਾਲ ’ਚ ਪੈਰ ਧਰਨ ਨੂੰ ਜਗ੍ਹਾ ਨਹੀਂ ਸੀ ਹੁੰਦੀ। ਇਹ ਲੁਧਿਆਣੇ ਦੇ ਦੀਪਕ ਸਿਨੇਮੇ ’ਚ ਪੂਰੇ 52 ਹਫ਼ਤੇ ਰੋਜ਼ਾਨਾ 5 ਸ਼ੋਅ ਨਾਲ ਚੱਲੀ।

ਉਸ ਸਮੇਂ ਸੁਪਰਸਟਾਰ ਰਾਜੇਸ਼ ਖੰਨਾ ਦੀ ਫਿਲਮ ‘ਦੋ ਰਾਸਤੇ’ ਦੀਪਕ ਸਿਨੇਮੇ ਤੋਂ ਕੁਝ ਕਦਮਾਂ ਦੀ ਦੂਰੀ ’ਤੇ ਸੁਸਾਇਟੀ ਸਿਨੇਮੇ ’ਚ ਲੱਗੀ ਹੋਈ ਸੀ ਪਰ ਉਸ ਦੇ ਸ਼ੋਅ ਖ਼ਾਲੀ ਜਾਣ ਲੱਗ ਪਏ ਸਨ ਕਿਉਂਕਿ ਦਰਸ਼ਕਾਂ ਦਾ ਜ਼ਿਆਦਾ ਉਤਸ਼ਾਹ ‘ਨਾਨਕ ਨਾਮ ਜਹਾਜ਼ ਹੈ’ ਫਿਲਮ ਵੱਲ ਸੀ। ਇਸ ਤਰ੍ਹਾਂ ਇਹ ਫਿਲਮ, ਸੁਪਰਸਟਾਰ ਰਾਜੇਸ਼ ਖੰਨਾ ਦੀ ਫਿਲਮ ਨੂੰ ਵੀ ਮਾਤ ਦੇ ਗਈ।

ਫਿਲਮ ’ਚ ਇਸ ਤਰ੍ਹਾਂ ਦਾ ਕੀ ਸੀ? ਜੋ ਲੋਕਾਂ ਨੇ ਸਿਨੇਮਾ ਵੱਲ ਵਹੀਰਾਂ ਘੱਤ ਲਈਆਂ। ਇਹ ਦੋ ਪੱਗ-ਵਟ ਭਰਾਵਾਂ ਦੀ ਕਲਪਨਿਕ ਕਹਾਣੀ ਸੀ, ਜਿਸ ਨੂੰ ਅੰਮ੍ਰਿਤਸਰ ਦੇ ਪ੍ਰਸਿੱਧ ਲੇਖਕ ਬੇਕਲ ਅੰਮ੍ਰਿਤਸਰੀ ਨੇ ਲਿਖਿਆ ਸੀ। ਇਸ ਦੇ ਨਿਰਮਾਤਾ ਪੰਨਾ ਲਾਲ ਮਹੇਸ਼ਵਰੀ ਤੇ ਨਿਰਦੇਸ਼ਕ ਰਾਮ ਮਹੇਸ਼ਵਰੀ ਸਨ। ਭਾਵੇਂ ਇਸ ਦੇ ਨਿਰਦੇਸ਼ਕ ਰਾਮ ਮਹੇਸ਼ਵਰੀ ਸਨ ਪਰ ਇਸ ਦੀ ਸਫਲਤਾ ਪਿੱਛੇ ਬੇਕਲ ਅੰਮ੍ਰਿਤਸਰੀ ਦਾ ਵੱਡਾ ਹੱਥ ਸੀ। ਸਹਿ ਨਿਰਦੇਸ਼ਕ ਦੀ ਜ਼ਿੰਮੇਵਾਰੀ ਵੀ ਬੇਕਲ ਨੇ ਹੀ ਨਿਭਾਈ ਸੀ। ਇਸ ਫਿਲਮ ’ਚ ਪ੍ਰਿਥਵੀਰਾਜ ਕਪੂਰ, ਸੋਮ ਦੱਤ, ਵਿਮੀ, ਨਿਸ਼ੀ, ਸੁਰੇਸ਼ ਤੇ ਆਈਐੱਸ ਜੌਹਰ ਦੀ ਦਮਦਾਰ ਅਦਾਕਾਰੀ ਵੇਖਣ ਵਾਲੀ ਸੀ। ਸਿੱਖੀ-ਸਿਦਕ ਵਾਲੇ ਗੁਰਮੁਖ ਸਿੰਘ ਦੇ ਕਿਰਦਾਰ ’ਚ ਪ੍ਰਿਥਵੀਰਾਜ ਕਪੂਰ ਨੇ ਰੂਹ ਫੂਕਣ ਵਾਲੀ ਅਦਾਕਾਰੀ ਕੀਤੀ ਸੀ।



ਫਿਲਮ ’ਚ ਜਦੋਂ ‘ਸੱਚੇ ਪਾਤਸ਼ਾਹ ਮੇਰਾ ਭਰਾ ਜਿੱਤ ਜਾਵੇ, ਮੈਂ ਹਾਰ ਜਾਵਾਂ। ਮੈਂ ਹਾਰ ਜਾਵਾਂ ਸੱਚਿਆ ਪਾਤਸ਼ਾਹ, ਮੈਂ ਹਾਰ ਜਾਵਾਂ।’ ਜਦੋਂ ਗੁਰੂ ਨਾਨਕ ਦੇਵ ਜੀ ਦੀ ਫੋਟੋ ਅੱਗੇ, ਖੜ੍ਹ ਕੇ ਇਹ ਸੰਵਾਦ ਪ੍ਰਿਥਵੀਰਾਜ ਕਪੂਰ ਵੱਲੋਂ ਬੋਲਿਆ ਗਿਆ ਤਾਂ ਇਸ ਨੂੰ ਵੇਖ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਸਨ। ਫਿਲਮ ’ਚ ਆਪਣੇ ਭਰਾ ਦੇ ਵਿਆਹ ਦੇ ਮੌਕੇ ‘ਬੁੱਲ੍ਹ ਤੇਰੇ ਨੇ ਚੰਡੀਗੜ੍ਹ ਦੇ ਤੇ ਸੁਰਖੀ ਲਾਵੇਂ ਅੰਬਾਲੇ ਦੀ, ਨਖ਼ਰਾ ਤੇਰਾ ਅੰਮ੍ਰਿਤਸਰ ਦਾ ਤੇ ਬੋਲੀ ਤੇਰੀ ਪਟਿਆਲੇ ਦੀ।’ ਇਸ ਬੋਲੀ ’ਤੇ ਭੰਗੜਾ ਪਾ ਕੇ ਪ੍ਰਿਥਵੀਰਾਜ ਨੇ ਵੱਡੇ-ਵੱਡੇ ਭੰਗੜਾ ਮਾਸਟਰਾਂ ਨੂੰ ਹੈਰਾਨ ਕਰ ਦਿੱਤਾ ਸੀ।

ਫਿਲਮ ਦੇ ਹੀਰੋ ਸੋਮ ਦੱਤ (ਗੁਰਮੀਤ) ਅਤੇ ਹੀਰੋਇਨ ਵਿਮੀ (ਚੰਨੀ) ਨੇ ਖ਼ੂਬਸੂਰਤ ਅਦਾਕਾਰੀ ਨਾਲ ਸਭ ਨੂੰ ਕੀਲ੍ਹ ਲਿਆ ਸੀ। ਪਹਿਲਾਂ ਸੁਜਾਖੇ ਅਤੇ ਫਿਰ ਨੇਤਰਹੀਣ ਦੀ ਭੂਮਿਕਾ ’ਚ ਹੀਰੋ ਨੇ ਕਮਾਲ ਕਰ ਦਿੱਤੀ। ਇਸ ਤਰ੍ਹਾਂ ਹੀਰੋਇਨ ਨੇ ਵੀ ਗੁਰੂ ਮਹਾਰਾਜ ਜੀ ’ਤੇ ਭਰੋਸਾ ਤੇ ਸਿੱਖੀ-ਸਿਦਕ ਨਾ ਹਾਰਨ ਵਾਲੀ ਬੀਬੀ ਦੀ ਦਮਦਾਰ ਐਕਟਿੰਗ ਕੀਤੀ। ਗੁਰਮੁਖ ਸਿੰਘ ਦੇ ਪੱਗ ਵਟ ਭਰਾ ਪ੍ਰੇਮ ਸਿੰਘ ਦਾ ਰੋਲ ਅਦਾਕਾਰ ਸੁਰੇਸ਼ ਨੇ ਨਿਭਾਇਆ। ਪ੍ਰਿਥਵੀ ਰਾਜ ਕਪੂਰ ਦੇ ਸਾਹਮਣੇ ਸੁਰੇਸ਼ ਨੇ ਬਰਾਬਰੀ ਵਾਲੀ ਅਦਾਕਾਰੀ ਕੀਤੀ। ਇਹ ਫਿਲਮ ਨਿਸ਼ੀ ਦੀ ਅਦਾਕਾਰੀ ਦੀ ਆਖ਼ਰੀ ਫਿਲਮ ਸੀ। ਇਸ ’ਚ ਉਸ ਨੇ ਰਤਨ ਕੌਰ (ਰਤਨੀ) ਦੀ ਭੂਮਿਕਾ ਨਿਭਾਈ ਸੀ। ਹੀਰੋ ਦੀ ਚਾਚੀ ਦੇ ਰੋਲ ’ਚ ਉਸ ਦੀ ਅਦਾਕਾਰੀ ਸ਼ਿਖ਼ਰਾਂ ’ਤੇ ਸੀ। ਭੰਗੜੇ ਦਾ ਗੀਤ, ‘ਹਾੜ੍ਹਾ ਨੀ ਹਾੜ੍ਹਾ, ਹਨੇਰ ਪੈ ਗਿਆ’ ਤੇ ਨਿਸ਼ੀ ਨੇ ਭੰਗੜਾ ਪਾ ਕੇ ਬੜੀ ਵਾਹ-ਵਾਹ ਲੁੱਟੀ ਸੀ। ਇਸ ਗਾਣੇ ’ਚ ਚੜ੍ਹਦੀ-ਜਵਾਨੀ ਦੀ ਚੀਸ ਦਾ ਇਜ਼ਹਾਰ ਸੀ। ਸ਼ਮਸ਼ਾਦ ਬੇਗ਼ਮ ਦੀ ਆਵਾਜ਼ ਤੇ ਨਿਸ਼ੀ ਦੀਆਂ ਅਦਾਵਾਂ ਦਾ ਅਨੋਖਾ ਸੰਗਮ ਸੀ। ਉਸ ਦੀ ਆਵਾਜ਼ ’ਚ ਬੜੀ ਕਸ਼ਿਸ਼ ਸੀ। ਜਦੋਂ ਠੇਠ ਪੰਜਾਬੀ ਵਿਚ ਕਹਿੰਦੀ, ‘ਉਏ ਸੁੱਖਿਆ, ਪਾਸਾ ਪੁੱਠਾ ਪੈ ਗਿਆ ਈ।’ ਕਿਸੇ ਦਾ ਵਸਦਾ ਘਰ ਉਜਾੜਨ ਵਾਲੇ, ਚੁਗਲਖ਼ੋਰ ਸੁੱਖੇ ਦੀ ਭੂਮਿਕਾ ’ਚ ਦਮ ਪਾਉਣ ਵਾਲੇ ਦਾ ਨਾਂ ਆਈਐੱਸ ਜੌਹਰ ਸੀ। ਹੱਥ ’ਚ ਸ਼ੀਸ਼ਾ ਫੜੀ, ਪੱਗ ਦਾ ਵੱਟ ਵਾਰ-ਵਾਰ ਵੇਖਣ ਦਾ ਖ਼ੂਬਸੂਰਤ ਸਟਾਈਲ ਸੀ ਉਸ ਦਾ। ਇਸ ਫਿਲਮ ’ਚ ਆਈਐੱਸ ਜੌਹਰ ਦਾ ਨਕਾਰਾਤਮਕ ਰੋਲ ਸੀ। ਸਾਰੀ ਫਿਲਮ ’ਚ ਉਹ ‘ਪਾਸੇ ਪੁੱਠੇ ਹੀ ਪਾਉਂਦਾ ਰਹਿੰਦਾ ਹੈ।’ ਫਿਲਮ ਦੇ ਅਖ਼ੀਰ ’ਚ ਸੁੱਖੇ ਨੂੰ ਆਪਣੀਆਂ ਕਰਤੂਤਾਂ ਦੀ ਸਜ਼ਾ ਵੀ ਮਿਲ ਜਾਂਦੀ ਹੈ।

**ਪੰਜਾਬ ਦੇ ਸਿਨੇਮਾ ਘਰਾਂ ’ਚ ਫਿਲਮ ‘ਨਾਨਕ ਨਾਮ ਜਹਾਜ਼ ਹੈ’ ਨੇ ਜੁਬਲੀ, ਸਿਲਵਰ ਜੁਬਲੀ ਤੇ ਗੋਲਡਨ ਜੁਬਲੀ ਮਨਾਈ ਸੀ...**



ਫਿਲਮ ਇੰਡਸਟਰੀਜ਼ ’ਚ ਸੰਗੀਤਕਾਰ ਐੱਸ ਮਹਿੰਦਰ ਨੂੰ ਇਮਾਨਦਾਰ ਤੇ ਸ਼ਰੀਫ਼ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਫਿਲਮ ਪੂਰੀ ਤਰ੍ਹਾਂ ਧਾਰਮਿਕ ਸੀ। ਇਸ ਦੇ ਸੰਗੀਤ ’ਚ ਐੱਸ ਮਹਿੰਦਰ ਨੇ ਕੋਈ ਵੀ ਕਮੀ ਨਹੀਂ ਛੱਡੀ। ਇਸ ਦੇ ਗੀਤ ਤੇ ਸ਼ਬਦ ਬੜੇ ਮਕਬੂਲ ਹੋਏ। ਅੱਜ ਵੀ ਜਦ ਕੋਈ ਇਸ ਦਾ ਸ਼ਬਦ ‘ਮਿੱਤਰ ਪਿਆਰੇ ਨੂੰ’, ‘ਬਿਸਰ ਗਈ ਸਭ ਤਾਤ ਪਰਾਈ’ ਤੇ ‘ਗੁਰਾਂ ਇਕ ਦੇਹਿ ਬੁਝਾਈ’ ਸੁਣਦਾ ਹੈ ਤਾਂ ਵਜਦ ਵਿਚ ਆ ਜਾਂਦਾ ਹੈ। ਗਾਇਕਾਂ ਵਿਚੋਂ ਭਾਈ ਸਮੁੰਦ ਸਿੰਘ, ਮੁਹੰਮਦ ਰਫ਼ੀ, ਮਹਿੰਦਰ ਕਪੂਰ, ਮੰਨਾ-ਡੇ, ਆਸ਼ਾ ਭੋਂਸਲੇ ਤੇ ਸ਼ਮਸ਼ਾਦ ਬੇਗ਼ਮ ਨੇ ਮੌਸਿਕੀ ਦੀ ਇੰਤਹਾਂ ਕਰ ਦਿੱਤੀ।

ਇਸ ਦੇ ਟਾਈਟਲ ’ਚ ਨਗਰ ਕੀਰਤਨ ਦੇ ਨਾਲ-ਨਾਲ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ) ਦੇ ਤੋਸ਼ੇਖ਼ਾਨੇ ’ਚ ਪਏ ਗੁਰੂ ਸਹਿਬਾਨ ਦੇ ਸ਼ਸਤਰ ਤੇ ਹੋਰ ਅਨਮੋਲ ਵਸਤੂਆਂ ਦੇ ਦਰਸ਼ਨ ਵੀ ਕਰਵਾਏ ਗਏ ਸਨ। ਫਿਲਮ ਦੀ ਜ਼ਿਆਦਾ ਸ਼ੂਟਿੰਗ ਅੰਮ੍ਰਿਤਸਰ ’ਚ ਹੀ ਹੋਈ ਸੀ। ਹਾਲ ਬਾਜ਼ਾਰ, ਖ਼ਾਲਸਾ ਕਾਲਜ, ਸਿਵਲ ਹਸਪਤਾਲ ਆਦਿ ਥਾਵਾਂ ਦਰਸ਼ਕਾਂ ਨੇ ਫਿਲਮੀ ਪਰਦੇ ’ਤੇ ਵੇਖੇ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ’ਚ ਇਸ ਦਾ ਕਲਾਈਮੈਕਸ ਉਲੀਕਿਆ ਗਿਆ। ਕਲਾਈਮੈਕਸ ਬੜਾ ਦਮਦਾਰ ਸੀ। ਫਿਲਮ ਦੇ ਅਖ਼ੀਰ ’ਚ ਹੀਰੋਇਨ (ਚੰਨੀ) ਆਪਣੇ ਨੇਤਰਹੀਣ ਪਤੀ (ਸੋਮ ਦੱਤ) ਲਈ ਨਿਮਾਣੀ ਬਣ ਕੇ ਦਰਬਾਰ ਸਾਹਿਬ ’ਚ ਨਤਮਸਤਕ ਹੁੰਦੀ ਹੈ। ‘ਪ੍ਰਭੂ ਜੀ ਰਾਖੋ ਲਾਜ ਹਮਾਰੀ,’ ਸ਼ਬਦ ਨਾਲ ਗੁਰੂ ਮਹਾਰਾਜ ਅੱਗੇ ਫ਼ਰਿਆਦ ਕਰਦੀ ਹੈ। ਸ੍ਰੀ ਹਰਮੰਦਿਰ ਸਾਹਿਬ ’ਚ ਜਗਦੀ ਇਲਾਹੀ ਜੋਤ ਵਿਚੋਂ ਲੱਟ-ਲੱਟ ਕਰਦੀ ਜੋਤ ਨਿਕਲਦੀ ਹੈ ਤੇ ਨੇਤਰਹੀਣ ਹੀਰੋ (ਗੁਰਮੀਤ) ਦੀਆਂ ਅੱਖਾਂ ’ਚ ਸਮਾ ਜਾਂਦੀ ਹੈ। ਹੀਰੋ (ਗੁਰਮੀਤ) ਨੌਂ-ਬਰ-ਨੌਂ ਹੋ ਜਾਂਦਾ ਹੈ। ਹਾਲ ਤਾੜੀਆਂ ਨਾਲ ਗੂੰਜ ਉੱਠਦਾ ਹੈ। ਇਸ ਫਿਲਮ ਨੇ ਦਰਸ਼ਕਾਂ ਦੀ ਆਸਥਾ ’ਚ ਬੜਾ ਵਾਧਾ ਕੀਤਾ। ਨਿਰਾਸ਼ਾਵਾਦੀ ਨੂੰ ਆਸ਼ਾਵਾਦੀ ਬਣਾਉਣ ’ਚ ਫਿਲਮ ਦੀ ਭੂਮਿਕਾ ਸਲਾਹੁਣਯੋਗ ਸੀ।

ਇਸ ਫਿਲਮ ਨੂੰ ‘ਨੈਸ਼ਨਲ ਐਵਾਰਡ’ ਮਿਲਾ। ਕੁਲ ਮਿਲਾ ਕੇ ਫਿਲਮ ‘ਨਾਨਕ ਨਾਮ ਜਹਾਜ਼ ਹੈ’ ਫਿਲਮੀ ਇਤਿਹਾਸ ਦਾ ਸਦੀਵੀ ਪੰਨਾ ਬਣ ਗਈ। ਇਹ ਫਿਲਮ ਲਗਪਗ ਹਰ ਪੰਜਾਬੀ ਨੇ ਵੇਖੀ। ਪੰਜਾਬ ਦੇ ਸਿਨੇਮਾ ਘਰਾਂ ’ਚ ਇਸ ਨੇ ਜੁਬਲੀ, ਸਿਲਵਰ ਜੁਬਲੀ ਤੇ ਗੋਲਡਨ ਜੁਬਲੀਆਂ ਮਨਾਈਆਂ। ਲੁਧਿਆਣੇ ਦੇ ਦੀਪਕ ਸਿਨੇਮੇ ’ਚ ਇਸ ਨੇ ਪੂਰੇ ਇਕ ਸਾਲ, (52 ਹਫ਼ਤੇ) ਮੱਲ ਮਾਰੀ ਰੱਖੀ। 50 ਸਾਲ ਬਾਅਦ ਵੀ ਇਸ ਦੀ ਛਾਪ ਕਾਇਮ ਹੈ। ਇਸ ਦਾ ਰਿਕਾਰਡ ਅੱਜ ਤਕ ਕੋਈ ਵੀ ਪੰਜਾਬੀ ਫਿਲਮ ਨਹੀਂ ਤੋੜ ਸਕੀ। ਇਸ ਦੀ ਸਫਲਤਾ ਨੂੰ ਵੇਖ ਕੇ ਕਾਫ਼ੀ ਧਾਰਮਿਕ ਫਿਲਮਾਂ ਬਣੀਆਂ ਪਰ ਜੋ ਪ੍ਰਸਿੱਧੀ ਇਸ ਫਿਲਮ ਨੂੰ ਹਾਸਲ ਹੋਈ, ਉਹ ਹੋਰ ਕਿਸੇ ਫਿਲਮ ਦੇ ਹਿੱਸੇ ਨਹੀਂ ਆਈ। ਇਸ ਵਿਚ ਸਾਰੇ ਅਦਾਕਾਰਾਂ ਨੇ ਦਿਲੋਂ ਤੇ ਹੱਦੋਂ ਵੱਧ ਮਿਹਨਤ ਕੀਤੀ ਸੀ। •

97795-19840

## ਕੇਂਦਰ ਸਰਕਾਰ ਨੇ 102 ਵਿਦੇਸ਼ੀ ਭਾਰਤੀ ਨਾਗਰਿਕ ਕਾਰਡ ਕੀਤੇ ਰੱਦ

ਨੈਸਨਲ ਡੈਸਕ 16 ਫਰਵਰੀ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ 2014 ਤੋਂ ਮਈ 2023 ਦਰਮਿਆਨ ਘੱਟੋ-ਘੱਟ 102 ਪ੍ਰਵਾਸੀ ਭਾਰਤੀ ਨਾਗਰਿਕ ਕਾਰਡ ਰੱਦ ਕਰ ਦਿੱਤੇ ਹਨ। ਸੂਚਨਾ ਦੇ ਅਧਿਕਾਰ ਦੇ ਅਧੀਨ ਸੋਮਵਾਰ ਨੂੰ ਧਾਰਾ 14 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਭਾਰਤ ਦੀ ਵਿਦੇਸੀ ਨਾਗਰਿਕਤਾ ਇਕ ਇਮੀਗ੍ਰੇਸਨ ਸਥਿਤੀ ਹੈ ਜੋ ਭਾਰਤੀ ਮੂਲ ਦੇ ਵਿਦੇਸੀਆਂ ਨੂੰ ਭਾਰਤ ਵਿਚ ਅਣਮਿੱਥੇ ਸਮੇਂ ਲਈ ਰਹਿਣ ਅਤੇ ਕੰਮ ਕਰਨ ਦੀ ਇਜਾਜਤ ਦਿੰਦੀ ਹੈ।




ਜੇਕਰ ਕੋਈ ਭਾਰਤ ਦੇ ਵਿਦੇਸੀ ਨਾਗਰਿਕ ਦਾ ਦਰਜਾ ਗੁਆ ਦਿੰਦਾ ਹੈ ਤਾਂ ਉਸ ਨੂੰ ਦੇਸ ਛੱਡਣਾ ਪਵੇਗਾ ਅਤੇ ਵਾਪਸੀ ਲਈ ਵੀਜਾ ਲਈ ਅਰਜੀ ਦੇਣੀ ਪਵੇਗੀ। ਧਾਰਾ 14 ਦੇ ਸੂਚਨਾ ਦੇ ਅਧਿਕਾਰ ਦੇ ਜਵਾਬ 'ਚ, ਕੇਂਦਰ ਨੇ ਭਾਰਤੀ ਵਿਦੇਸ਼ੀ ਨਾਗਰਿਕ ਕਾਰਡਾਂ ਨੂੰ ਰੱਦ ਕਰਨ ਲਈ ਨਾਗਰਿਕਤਾ ਐਕਟ, 1955 ਦੀ ਧਾਰਾ 7ਡੀ ਦਾ ਹਵਾਲਾ ਦਿੱਤਾ। ਕਾਨੂੰਨ ਦੀ ਧਾਰਾ 7ਡੀ 'ਚ ਕਿਹਾ ਗਿਆ ਹੈ ਕਿ ਭਾਰਤੀ ਵਿਦੇਸ਼ੀ ਨਾਗਰਿਕ ਕਾਰਡ ਰੱਦ ਕੀਤੇ ਜਾ ਸਕਦੇ ਹਨ ਜੇਕਰ ਉਹ ਧੋਖਾਧੜੀ ਤੋਂ ਪ੍ਰਾਪਤ ਕੀਤੇ ਗਏ ਹੋਣ ਜਾਂ ਜੇਕਰ ਕਾਰਡਧਾਰਕ ਨੇ ਸੰਵਿਧਾਨ ਦੇ ਪ੍ਰਤੀ ਅਸਹਿਮਤੀ ਦਿਖਾਈ ਹੋਵੇ। ਇਹ ਪੁੱਛੇ ਜਾਣ 'ਤੇ ਕਿ ਭਾਜਪਾ ਸਰਕਾਰ ਦੇ ਸੱਤਾ 'ਚ ਆਉਣ ਤੋਂ ਪਹਿਲੇ 2004 ਤੋਂ 2014 ਦਰਮਿਆਨ ਓਵਰਸੀਜ ਸਿਟੀਜਨ ਆਫ ਇੰਡੀਆ ਕਾਰਡ ਰੱਦ ਕੀਤੇ ਜਾਣ ਦੀ ਗਿਣਤੀ ਬਾਰੇ ਕੇਂਦਰ ਨੇ ਸਮਾਚਾਰ ਪੋਰਟਲ ਨੂੰ ਦੱਸਿਆ ਕਿ ਉਸ ਕੋਲ ਇਸ ਦੀ ਜਾਣਕਾਰੀ ਨਹੀਂ ਹੈ। ਕੇਂਦਰ ਨੇ ਕਿਹਾ ਕਿ ਮਈ 23023 ਤੱਕ 2,84, 574 ਓਵਰਸੀਜ ਸਿਟੀਜਨ ਆਫ ਇੰਡੀਆ ਕਾਰਡ ਰੱਦ ਕਰ ਦਿੱਤੇ ਗਏ।

### ਕੁੜੀ ਦੇ ਨਾਂ 'ਤੇ ਗਲਤ ਫੇਸਬੁੱਕ ਬਣਾ ਕੀਤੀਆਂ ਅਸ਼ਲੀਲ ਤਸਵੀਰਾਂ ਅਪਲੋਡ

ਗੁਰਦਾਸਪੁਰ 16 ਫਰਵਰੀ। ਸਿਟੀ ਪੁਲਸ ਗੁਰਦਾਸਪੁਰ ਨੇ ਦੋ ਅਜਿਹੇ ਨੌਜਵਾਨਾਂ ਦੇ ਖ਼ਿਲਾਫ ਧਾਰਾ 292 ਅਤੇ 67 ਆਈ.ਟੀ ਐਕਟ ਦੇ ਤਹਿਤ ਦਰਜ ਕੀਤਾ ਹੈ । ਜਿਨ੍ਹਾਂ ਵੱਲੋਂ ਇਕ ਕੁੜੀ ਦੀ ਗਲਤ ਫੇਸਬੁੱਕ ਆਈ.ਡੀ. ਬਣਾ ਕੇ ਉਸ ਦੀਆਂ ਅਸ਼ਲੀਲ ਤਸਵੀਰਾਂ ਅਤੇ ਉਸ ਦੇ ਪਿਤਾ ਦੀ ਫੋਟੋ ਉੱਪਰ ਗਲਤ ਸ਼ਬਦਾਂਵਾਲੀ ਲਿਖ ਕੇ ਅਪਲੋਡ ਕੀਤੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਟੀ ਪੁਲਸ ਸਟੇਸ਼ਨ ਦੇ ਇੰਚਾਰਜ਼ ਹਰਸ਼ਨਦੀਪ ਸਿੰਘ ਨੇ ਦੱਸਿਆ ਕਿ ਸਿਟੀ ਪੁਲਸ ਸਟੇਸ਼ਨ ਦੇ ਅਧੀਨ ਪੈਂਦੇ ਇਕ ਮੁਹੱਲੇ ਦੇ ਰਹਿਣ ਵਾਲੇ ਵਿਅਕਤੀ ਨੇ ਸ਼ਿਕਾਇਤ ਦਿੱਤੀ ਕਿ ਮੁਲਜਮ ਸਚਿਨ ਕੁਮਾਰ ਪੁੱਤਰ ਸੁਰਿੰਦਰਜੀਤ ਸਿੰਘ ਵਾਸੀ ਮਾਨਕੌਰ ਸਿੰਘ ਨੇ ਉਸ ਦੀ ਕੁੜੀ ਦੀ ਫੇਕ ਫੇਸਬੁੱਕ ਆਈ.ਡੀ. ਭੂਮੀ ਸ਼ਰਮਾ ਬਣੀ ਹੈ। ਉਨ੍ਹਾਂ ਕਿਹਾ ਇਸ ਦੇ ਨਾਲ ਇਕ ਹੋਰ ਮੁਸਜਮ ਰੋਸ਼ਨ ਲਾਲ ਪੁੱਤਰ ਸੁਭਾਸ਼ ਚੰਦਰ ਵਾਸੀ ਮੁਹੱਲਾ ਨੰਗਲ ਕੋਟਲੀ ਮੰਡੀ ਗੁਰਦਾਸਪੁਰ ਨੇ ਫੇਕ ਫੇਸ਼ਬੁੱਕ ਆਈ.ਡੀ ਭੂਮੀ ਸ਼ਰਮਾ ਵਿਚ ਉਸ ਦੀ ਕੁੜੀ ਦੀਆਂ ਤਸਵੀਰਾਂ, ਅਸ਼ਲੀਲ ਫੋਟੋਵਾਂ ਅਤੇ ਉਸ ਦੀ ਤਸਵੀਰ 'ਤੇ ਗਲਤ ਸ਼ਬਦਾਂਵਲੀ ਲਿਖ ਕੇ ਅਪਲੋਡ ਕੀਤੀ ਹੈ।

# ਕਿਸਾਨੀ ਅੰਦੋਲਨ 2 : ਸਿਹਤ ਸੇਵਾਵਾਂ ਲਈ ਸਰਕਾਰੀ ਹਸਪਤਾਲਾਂ 'ਚ ਅਲਰਟ ਜਾਰੀ, 100 ਐਮਰਜੈਂਸੀ ਬੈੱਡ ਤਿਆਰ

ਕਿਸ਼ਨ ਪਾਲ

ਅੰਮ੍ਰਿਤਸਰ 16 ਫਰਵਰੀ। ਦਿੱਲੀ ਕਿਸਾਨੀ ਅੰਦੋਲਨ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਮੈਡੀਕਲ ਕਾਲਜ ਅਧੀਨ ਆਉਂਦੇ ਗੁਰੂ ਨਾਨਕ ਦੇਵ ਹਸਪਤਾਲ, ਸਰਕਾਰੀ ਈ. ਐਨ. ਟੀ. ਹਸਪਤਾਲ ਅਤੇ ਸਰਕਾਰੀ ਟੀ. ਬੀ. ਹਸਪਤਾਲ ਵਿਚ ਐਮਰਜੈਂਸੀ ਸੇਵਾਵਾਂ ਨੂੰ ਲੈ ਕੇ ਅਲਰਟ ਜਾਰੀ ਕਰ ਦਿੱਤਾ ਹੈ। ਸਰਕਾਰ ਦੇ ਹੁਕਮਾਂ ਤੋਂ ਬਾਅਦ ਹਸਪਤਾਲ ਪ੍ਰਸਾਸਨ ਵੱਲੋਂ ਵਿਸੇਸ ਐਮਰਜੈਂਸੀ 100 ਬੈੱਡਾਂ ਨੂੰ ਤਿਆਰ ਕਰ ਕੇ ਸੀਨੀਅਰ ਡਾਕਟਰ ਨੂੰ 24 ਘੰਟੇ ਅਲਰਟ ਰਹਿਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਸ ਤੋਂ ਇਲਾਵਾ ਐਮਰਜੈਂਸੀ ਵਿਚ ਹਰ ਤਰ੍ਹਾਂ ਦੀ ਦਵਾਈ ਅਤੇ ਹੋਰ ਸਿਹਤ ਸੇਵਾਵਾਂ ਨਾਲ ਸਬੰਧਤ ਸਮੱਗਰੀ ਤਿਆਰ ਕਰ ਲਈ ਗਈ ਹੈ। ਪੰਜਾਬ ਸਰਕਾਰ ਵੱਲੋਂ ਦਿੱਲੀ ਕਿਸਾਨੀ ਮੋਰਚੇ ਦੇ ਮੱਦੇਨਜਰ ਸਰਕਾਰੀ ਮੈਡੀਕਲ ਕਾਲਜ ਅਧੀਨ ਆਉਣ ਵਾਲੇ ਹਸਪਤਾਲਾਂ ਨੂੰ ਆਪਣੀਆਂ ਐਮਰਜੈਂਸੀ ਸੇਵਾਵਾਂ ਤਿਆਰ ਰੱਖਣ ਲਈ ਦਿਸਾ-ਨਿਰਦੇਸ ਜਾਰੀ ਕੀਤੇ ਗਏ ਹਨ। ਸੂਤਰ ਦੱਸਦੇ ਹਨ ਕਿ ਸਰਕਾਰ ਦਾ ਮੰਨਣਾ ਹੈ ਕਿ ਮੋਰਚੇ ਵਿਚ ਕਿਸਾਨਾਂ ਦੀ ਹਾਲਾਤ ਗੰਭੀਰ ਹੋਣ 'ਤੇ ਉਨ੍ਹਾਂ ਨੂੰ ਵਧੀਆ ਸਹੂਲਤਾਂ ਦਿੱਤੀਆਂ ਜਾ ਸਕਣ। ਵਰਣਨਯੋਗ ਹੈ ਕਿ ਖੇਤੀ ਕਾਨੂੰਨਾਂ ਖ਼ਿਲਾਫ ਸੰਘਰਸ਼ ਦੌਰਾਨ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਮੰਗਾਂ ਸੰਬੰਧੀ ਦਿੱਤੇ ਭਰੋਸੇ ਤੋਂ ਬਾਅਦ ਮੰਗਾਂ ਮੰਨਵਾਉਣ ਲਈ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਅਤੇ 13 ਫਰਵਰੀ ਨੂੰ ਦਿੱਲੀ ਪੱਕੇ ਮੋਰਚੇ ਦੀਆਂ ਤਿਆਰੀਆਂ ਕਰ ਦਿੱਤੀਆਂ ਗਈਆਂ ਸਨ, ਜਿਸ 'ਤੇ ਸੰਯੁਕਤ ਕਿਸਾਨ ਮੋਰਚੇ ਸਮੇਤ ਦੀ ਅਗਵਾਈ ਹੇਠ ਦਿੱਲੀ ਵੱਲ ਕੂਚ ਕਰ ਦਿੱਤਾ ਗਿਆ ਸੀ, ਪਰ ਹਰਿਆਣੇ ਦੀ ਸਰਕਾਰ ਵੱਲੋਂ ਪੰਜਾਬ ਨਾਲ




ਲੱਗਦੇ ਹਰਿਆਣਾ ਬਾਰਡਰ ਦੇ ਪਹਿਲਾ ਰੋਜਾਵਾਲੀ ਪੁੱਲ (ਬੋਹਾ) 'ਤੇ ਪੱਕੀ ਬੈਰੀਗੇਟ ਕਰ ਕੇ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ। ਉਥੇ ਬੋਹਾ ਸਮੇਤ ਆਸ-ਪਾਸ ਦੇ 40 ਪਿੰਡਾਂ ਦਾ ਇੰਟਰਨੈੱਟ ਸੇਵਾਵਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਕਿਸਾਨਾਂ ਦੇ ਸੰਘਰਸ ਦੌਰਾਨ ਹੁਣ ਤੱਕ ਸੈਂਕੜੇ ਕਿਸਾਨ ਜਖਮੀ ਹੋ ਗਏ ਹਨ। ਪੰਜਾਬ ਸਰਕਾਰ ਹਾਲਾਤ ਨੂੰ ਮੱਦੇਨਜਰ ਰੱਖਦਿਆਂ ਹੋਇਆਂ ਪੰਜਾਬ ਦੇ ਸਮੂਹ ਸਰਕਾਰੀ ਹਸਤਾਲਾਂ ਵਿੱਚ ਸਮਿਆਂ ਰਹਿੰਦਿਆਂ ਹੀ ਲੋੜੀਂਦੇ ਸਿਹਤ ਸੇਵਾਵਾਂ ਨੂੰ ਲੈ ਕੇ ਪ੍ਰਬੰਧ ਕਰ ਰਹੀ ਹੈ। ਗੁਰੂ ਨਾਨਕ ਦੇਵ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਹਸਪਤਾਲ ਵਿਚ ਐਮਰਜੈਂਸੀ ਵਿਚ 30 ਬੈੱਡ ਮੈਡੀਸਨ, 12 ਬੈੱਡ ਆਰਥੋ, 12 ਬੈੱਡ ਸਰਜਰੀ ਤੋਂ ਇਲਾਵਾ ਗਾਇਨੀ ਬੱਚਾ ਵਿਭਾਗ ਈ. ਐਨ. ਟੀ. ਅਤੇ ਟੀ. ਬੀ. ਦੇ ਹਸਪਤਾਲ ਵਿਚ ਵਿਸੇਸ ਬੈੱਡ ਬਣਾ ਕੇ ਐਮਰਜੈਂਸੀ ਤਿਆਰ ਕਰ ਲਈ ਗਈ ਹੈ। ਗੁਰੂ ਨਾਨਕ ਦੇਵ ਹਸਪਤਾਲ 1200 ਬੈੱਡਾਂ ਦਾ ਹਸਪਤਾਲ ਹੈ। ਜੇਕਰ ਅਗਾਂਹ ਕੋਈ ਲੋੜ ਪੈਂਦੀ ਹੈ ਤਾਂ ਉਸ ਲਈ ਹਸਪਤਾਲ ਪ੍ਰਸਾਸਨ ਪੂਰੀ ਤਰ੍ਹਾਂ ਨਾਲ ਤਿਆਰ ਹੈ। ਅੱਜ ਸਿਹਤ ਸੇਵਾਵਾਂ ਦਾ ਵੀ ਜਾਇਜਾ ਲਿਆ ਗਿਆ ਹੈ ਅਤੇ ਨਾਲ ਹੀ ਸਾਰੇ ਸੀਨੀਅਰ ਅਧਿਕਾਰੀਆਂ ਨੂੰ 24 ਘੰਟੇ ਅਲਰਟ 'ਤੇ ਰਹਿਣ ਦੇ ਹੁਕਮ ਜਾਰੀ ਕੀਤੇ ਗਏ ਹਨ। ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਅੰਦੋਲਨ ਦੌਰਾਨ ਕਿਸੇ ਕਿਸਮ ਦੇ ਟਕਰਾਅ ਦੌਰਾਨ ਸਥਿਤੀ ਨੂੰ ਸੰਭਾਲਣ ਲਈ ਅਗਾਓ ਪ੍ਰਬੰਧਾਂ ਲਈ ਤਿਆਰ ਰਹਿਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੋਹਰੀ ਕਤਾਰ ਵਿਚ ਗੁਰੂ ਨਾਨਕ ਦੇਵ ਹਸਪਤਾਲ ਚੰਗੀਆਂ ਸਿਹਤ ਸੇਵਾਵਾਂ ਦੇਣ ਵਿਚ ਆਉਂਦਾ ਹੈ। ਸਰਕਾਰ ਵੱਲੋਂ ਇਸ ਲਈ ਇਸ ਹਸਪਤਾਲ ਵਿਚ ਮਾਹਿਰ ਅਤੇ ਸਿਆਣੇ ਡਾਕਟਰ ਨੂੰ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਸੁਚੱਜੇ ਪ੍ਰਬੰਧ ਰੱਖਣ ਦੇ ਲਈ ਦਿਸਾ-ਨਿਰਦੇਸ ਜਾਰੀ ਕੀਤੇ ਗਏ ਹਨ। ਉਨ੍ਹਾਂ ਦੀ ਅਗਵਾਈ ਵਾਲੀ ਟੀਮ ਲਗਾਤਾਰ ਸਿਹਤ ਸੇਵਾਵਾਂ 'ਤੇ ਜਾਇਜਾ ਲੈ ਰਹੀਆਂ ਹਨ।

## ਘਰ 'ਚ ਦਾਖਲ ਹੋ ਵਿਅਕਤੀਆਂ ਨੇ ਚਲਾਏ ਇੱਟਾਂ-ਰੋੜੇ, ਸੋਨੇ ਦੇ ਟਾਪਸ, ਫਰਿੱਜ ਸਮੇਤ ਨਕਦੀ ਲੈ ਕੇ ਹੋਏ ਫਰਾਰ

ਤਰਨਤਾਰਨ 16 ਫਰਵਰੀ। ਘਰ 'ਚ ਦਾਖਲ ਹੋ ਵਿਅਕਤੀਆਂ ਨੇ ਇੱਟਾਂ-ਰੋੜੇ ਚਲਾਉਂਦੇ ਹੋਏ ਪਹਿਲਾਂ ਘਰ ਦੀ ਭੰਨ-ਤੋੜ ਕੀਤੀ ਅਤੇ ਬਾਅਦ ਵਿਚ ਸੋਨੇ ਦੇ ਟਾਪਸ, ਐੱਲ.ਈ.ਡੀ ਫਰਿੱਜ ਅਤੇ ਲਾਕਰ ਤੋੜ ਕੇ ਅਲਮਾਰੀ 'ਚੋਂ 22000 ਰੁਪਏ ਦੀ ਨਕਦੀ ਚੋਰੀ ਕਰ ਲਈ। ਜਿਸ 'ਤੇ ਥਾਣਾ ਵਲਟੋਹਾ ਦੀ ਪੁਲਸ ਨੇ 7 ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਰਜੀਤ ਸਿੰਘ ਪੁੱਤਰ ਬਰਕਤ ਸਿੰਘ ਵਾਸੀ ਜੀਵਨ ਨਗਰ ਵਲਟੋਹਾ ਨੇ ਥਾਣਾ ਵਲਟੋਹਾ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਬੀਤੀ 10 ਫਰਵਰੀ ਨੂੰ ਰਾਤ 9 ਵਜੇ ਉਹ ਆਪਣੇ ਪਰਿਵਾਰ ਸਮੇਤ ਰੋਟੀ ਖਾ ਕੇ ਸੌਣ ਲੱਗੇ ਸਨ ਕਿ ਸਾਜਨ ਸਿੰਘ, ਭੋਲਾ ਸਿੰਘ, ਗੇਦੀ ਪੁੱਤਰਾਨ ਮੰਗਲ ਸਿੰਘ, ਜਰਨੈਲ ਸਿੰਘ ਪੁੱਤਰ ਇੰਦਰ ਸਿੰਘ, ਵਿਸ਼ਾਲ ਪੁੱਤਰ ਜਰਨੈਲ ਸਿੰਘ, ਮਨਪ੍ਰੀਤ ਪੁੱਤਰ ਸਾਹਿਬ ਸਿੰਘ ਅਤੇ ਨਿਸ਼ਾਨ ਸਿੰਘ ਪੁੱਤਰ ਰਾਂਝਾ ਵਾਸੀਆਨ ਵਲਟੋਹਾ ਵਲੋਂ ਘਰ ਵਿਚ ਦਾਖਲ ਹੋ ਇੱਟਾਂ-ਰੋੜੇ ਚਲਾਉਣੇ ਸ਼ੁਰੂ ਕਰ ਦਿੱਤੇ ਅਤੇ ਸਾਡੇ ਘਰ ਦੇ ਬੂਹੇ ਬਾਰੀਆਂ ਦੀ ਭੰਨਤੋੜ ਕੀਤੀ। ਇਸ ਝਗੜੇ ਦੌਰਾਨ ਉਸਦੇ ਮੁੰਡੇ ਗੁਰਸਾਹਿਬ ਸਿੰਘ ਦੇ ਘਰੋਂ 8 ਗ੍ਰਾਮ ਸੋਨੇ ਦੇ ਟਾਪਸ, ਇਕ ਐੱਲ.ਈ.ਡੀ, ਇਕ ਫਰਿੱਜ ਚੋਰੀ ਕਰਕੇ ਅਲਮਾਰੀ ਦਾ ਛੋਟਾ ਲਾਕਰ ਤੋੜਦੇ ਹੋਏ ਉਸ ਵਿਚੋਂ 22000 ਦੀ ਨਕਦੀ ਨਾਲ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਵਲਟੋਹਾ ਦੇ ਮੁਖੀ ਮੈਡਮ ਸੁਨੀਤਾ ਰਾਣੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਉਕਤ 7 ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਇਸ ਦੀ ਅਗਲੇਰੀ ਜਾਂਚ ਏ.ਐੱਸ.ਆਈ ਪਰਮਜੀਤ ਸਿੰਘ ਵਲੋਂ ਸ਼ੁਰੂ ਕਰ ਦਿੱਤੀ ਗਈ ਹੈ।

## ਹਾਈਟੈੱਕ ਹੋਏ ਨਸ਼ਾ ਸਮੱਗਲਰ, ਵ੍ਹਟਸਐੱਪ ਜਰੀਏ ਸ਼ੁਰੂ ਕੀਤੀ ਡੀਲਿੰਗ, ਇੰਝ ਹੁੰਦੈ ਰੇਟ ਤੈਅ ਤੇ ਗੰਦਾ ਧੰਦਾ

ਏਜੰਸੀਆਂ

ਲੁਧਿਆਣਾ 16 ਫਰਵਰੀ। ਨਸ਼ੇ ਨੂੰ ਖਤਮ ਕਰਨਾ ਤਾਂ ਦੂਰ, ਇਸ ਦੀ ਚੇਨ ਨੂੰ ਤੋੜਨਾ ਪੁਲਸ ਲਈ ਚੁਣੌਤੀ ਬਣ ਗਿਆ ਹੈ। ਅਫੀਮ ਅਤੇ ਚਿੱਟੇ ਵਰਗੇ ਨਸ਼ੇ ਦੇ



ਸਪਲਾਇਰ ਨੂੰ ਫੜਨ 'ਚ ਪੁਲਸ ਨੂੰ ਸਖਤ ਮੁਸ਼ੱਕਤ ਕਰਨੀ ਪੈਂਦੀ ਹੈ। ਉਹ ਇਕ ਜਗ੍ਹਾ 'ਤੇ ਨਸ਼ੇ ਦਾ ਸੌਦਾ ਕਰਦੇ ਹਨ ਅਤੇ ਸਪਲਾਈ ਦੂਜੇ ਟਿਕਾਣੇ 'ਤੇ ਦਿੰਦੇ ਹਨ। ਹਾਈਟੈੱਕ ਹੋਏ ਨਸ਼ੇ ਦੇ ਸਮੱਗਲਰ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਹੁਣ ਵ੍ਹਟਸਐਪ ਗਰੁੱਪ ਬਣਾ ਕੇ ਨਸ਼ੇ ਦੀ ਡੀਲਿੰਗ ਕਰ ਰਹੇ ਹਨ। ਉਸ ਗਰੁੱਪ 'ਚ ਨਸ਼ਾ ਵੇਚਣ ਵਾਲੇ ਪਹਿਲਾਂ ਨਸ਼ੀਲੇ ਪਦਾਰਥ ਦੀ ਫੋਟੋ ਅਪਲੋਡ ਕਰਦੇ ਹਨ, ਫਿਰ ਰੇਟ ਤੈਅ ਕਰਕੇ ਸੌਦਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਆਨਲਾਈਨ ਪੇਮੈਂਟ ਲੈਣ ਤੋਂ ਬਾਅਦ ਸਮੱਗਲਰ ਦੀ ਦੱਸੀ ਜਗ੍ਹਾ 'ਤੇ ਨਸ਼ਾ ਸਪਲਾਈ ਕਰ ਦਿੱਤਾ ਜਾਂਦਾ ਹੈ। ਅਸਲ 'ਚ ਪੰਜਾਬ ਵਿਚ ਨਸ਼ੇ ਦੀ ਮੰਗ ਵਧਣ ਦੇ ਨਾਲ ਹੀ ਨਸ਼ਾ ਸਮੱਗਲਿੰਗ ਦਾ ਗ੍ਰਾਫ ਵੀ ਵਧ ਗਿਆ ਹੈ। ਨਸ਼ਾ ਸਮੱਗਲਰਾਂ ਦਾ ਪੁਲਸ ਦੇ ਨਾਲ ਤਾਂ ਅਜਿਹਾ ਹੈ ਕਿ ਤੂ ਡਾਲ-ਡਾਲ, ਮੈਂ ਪਾਤ-ਪਾਤ। ਜਿਉਂ ਹੀ ਪੁਲਸ ਨੇ ਨਸ਼ਾ ਸਮੱਗਲਰਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਤਾਂ ਨਸ਼ੇ ਦੇ ਸੌਦਾਗਾਰਾਂ ਨੇ ਆਪਣਾ ਪੈਟਰਨ ਬਦਲ ਲਿਆ। ਹੁਣ ਪੁਲਸ ਤੋਂ ਬਚਣ ਲਈ ਇਹ ਨਸ਼ਾ ਸਮੱਗਲਰ ਸੋਸ਼ਲ ਪਲੇਟਫਾਰਮ ਦਾ ਸਹਾਰਾ ਲੈ ਰਹੇ ਹਨ, ਜੋ ਵ੍ਹਟਸਐਪ ਗਰੁੱਪ ਬਣਾ ਕੇ ਨਸ਼ਾ ਵੇਚ ਰਹੇ ਹਨ। 'ਜਗ ਬਾਣੀ' ਦੀ ਟੀਮ ਨੂੰ ਇਕ ਅਜਿਹੇ ਹੀ ਗਰੁੱਪ ਬਾਰੇ ਪਤਾ ਲੱਗਾ ਹੈ, ਜਿਸ ਨੂੰ ਨਸ਼ਾ ਵੇਚਣ ਲਈ ਬਣਾਇਆ ਗਿਆ ਹੈ। ਪਤਾ ਲੱਗਾ ਹੈ ਕਿ ਉਸ ਗਰੁੱਪ 'ਚ ਸ਼ਾਮਲ ਹੋਣ ਲਈ ਪਹਿਲਾਂ 200 ਤੋਂ 500 ਰੁਪਏ ਐਡਮਿਨ ਨੂੰ ਆਨਲਾਈਨ ਦੇਣੇ ਪੈਂਦੇ ਹਨ। ਇਸ ਤੋਂ ਬਾਅਦ ਗਰੁੱਪ 'ਚ ਐਡ ਕੀਤਾ ਜਾਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਉਸ ਗਰੁੱਪ 'ਚ ਜ਼ਿਆਦਾਤਰ ਜਾਣਕਾਰ ਲੋਕਾਂ ਨੂੰ ਹੀ ਰੱਖਿਆ ਜਾਂਦਾ ਹੈ, ਤਾਂਕਿ ਕਿਸੇ ਤਰ੍ਹਾਂ ਦੀ ਸੂਚਨਾ ਬਾਹਰ ਨਾ ਜਾਵੇ। ਨਵੇਂ ਵਿਅਕਤੀ ਨੂੰ ਐਡ ਕਰਨ ਤੋਂ ਪਹਿਲਾਂ ਉਸ ਬਾਰੇ ਪੂਰੀ ਤਰ੍ਹਾਂ ਪਤਾ ਕੀਤਾ ਜਾਂਦਾ ਹੈ। ਵ੍ਹਟਸਐੱਪ ਗਰੁੱਪ 'ਚ ਸ਼ਾਮਲ ਕੁਝ ਨਸ਼ਾ ਸਮੱਗਲਰ ਗਰੁੱਪ 'ਚ ਅਫੀਮ ਜਾਂ ਚਿੱਟੇ ਦੀਆਂ ਪੁੜੀਆਂ ਦੀ ਫੋਟੋ ਅਪਲੋਡ ਕਰਦੇ ਹਨ। ਫਿਰ ਸ਼ੁਰੂ ਹੁੰਦੀ ਹੈ ਰੇਟ ਦੀ ਖੇਡ। ਗਰੁੱਪ 'ਚ ਸ਼ਾਮਲ ਲੋਕ ਰੇਟ ਪੁੱਛਦੇ ਹਨ ਅਤੇ ਨਸ਼ਾ ਸਮੱਗਲਰ ਛਟਾਂਕ, ਅੱਧਾ ਕਿਲੋ ਜਾਂ ਕਿਲੋ ਦਾ ਰੇਟ ਗਰੁੱਪ 'ਚ ਲਿਖਦਾ ਹੈ। ਜੋ ਵਿਅਕਤੀ ਨਸ਼ਾ ਖਰੀਦਣ ਦਾ ਇੱਛੁਕ ਲੱਗਦਾ ਹੈ, ਉਸ ਨੂੰ ਵ੍ਹਟਸਐੱਪ ਕਾਲਿੰਗ ਕੀਤੀ ਜਾਂਦੀ ਹੈ। ਉਸ ਨਾਲ ਨਸ਼ੇ ਦਾ ਸੌਦਾ ਤੈਅ ਕਰ ਲਿਆ ਜਾਂਦਾ ਹੈ ਅਤੇ ਆਨਲਾਈਨ ਹੀ ਪੇਮੈਂਟ ਮੰਗਵਾਈ ਜਾਂਦੀ ਹੈ। ਪੇਮੈਂਟ ਪਹਿਲਾਂ ਆਉਣ ਤੋਂ ਬਾਅਦ ਹੀ ਮਾਲ ਸਪਲਾਈ ਕੀਤਾ ਜਾਂਦਾ ਹੈ।

## ਦੇਸ਼ ਦੇ ਅੰਨਦਾਤਿਆਂ ਨਾਲ ਅਪਰਾਧੀਆਂ ਵਰਗਾ ਸਲੂਕ ਕਰਨਾ ਅਤਿ-ਨਿੰਦਣਯੋਗ: ਬੀਬੀ ਜਗੀਰ ਕੌਰ

ਏਜੰਸੀਆਂ

ਬੇਗੋਵਾਲ 16 ਫਰਵਰੀ। ਹਰਿਆਣਾ ਦੀ ਹੱਦ 'ਤੇ ਦਿੱਲੀ ਜਾਣ ਲਈ ਬੈਠੇ ਕਿਸਾਨਾਂ ਅਤੇ ਮਜ਼ਦੂਰਾਂ 'ਤੇ ਅੱਥਰੂ ਗੈਸ ਦੇ ਗੋਲੇ ਅੰਨ੍ਹੇਵਾਹ ਸੁੱਟੇ ਜਾਣ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਬੀਬੀ ਜਗੀਰ ਕੌਰ ਨੇ ਇਥੋਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕਿਸਾਨਾਂ ਨਾਲ ਜਿਹੜਾ ਸਲੂਕ ਹਰਿਆਣਾ ਦੀ ਖੱਟੜ ਸਰਕਾਰ ਕਰ ਰਹੀ ਹੈ, ਉਹ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਦੁਸ਼ਮਣ ਦੇਸ਼ਾਂ ਦੀਆਂ ਫੌਜਾਂ ਲਈ ਵੀ ਇੰਨੇ ਸਖ਼ਤ ਇੰਤਜਾਮ ਨਹੀਂ ਕੀਤੇ ਜਾਂਦੇ, ਜਿੰਨ੍ਹੇ ਆਪਣੇ ਹੀ ਦੇਸ਼ ਦੇ ਕਿਸਾਨਾਂ ਲਈ ਕੀਤੇ ਗਏ ਹਨ। ਹਰਿਆਣਾ ਸਰਕਾਰ ਨੇ ਅਜਿਹਾ ਕਰਕੇ ਪੰਜਾਬੀਆਂ ਦੇ ਮਨਾਂ ਵਿੱਚ ਬੇਗਾਨਗੀ ਦਾ ਅਹਿਸਾਸ ਭਰਨ ਦੀ ਕੋਝੀ ਚਾਲ ਚੱਲੀ ਹੈ। ਹਰਿਆਣਾ ਸਰਕਾਰ ਦੇ ਇਸ ਵਿਵਹਾਰ ਦੀ ਦੁਨੀਆ ਭਰ ਵਿੱਚ ਨਿੰਦਾ ਹੋ ਰਹੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਹੜੇ ਕਿਸਾਨ ਸਦੀਆਂ ਤੋਂ ਭੁੱਖੇ ਲੋਕਾਂ ਲਈ ਸਖਤ ਮਿਹਨਤ ਨਾਲ ਅਨਾਜ ਪੈਦਾ ਕਰਦੇ ਆ ਰਹੇ ਹਨ ਪਰ ਭਾਜਪਾ ਸਰਕਾਰ ਉਨ੍ਹਾਂ ਨਾਲ ਅਪਰਾਧੀਆਂ ਵਰਗਾ ਵਿਵਹਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਕ ਪਾਸੇ ਤਾਂ ਕਿਸਾਨਾਂ ਦੇ ਵੱਡੇ ਆਗੂ ਚੌਧਰੀ ਚਰਨ ਸਿੰਘ ਨੂੰ ਕਿਸਾਨਾਂ ਦਾ ਮਸੀਹਾ ਦੱਸੀ ਰਹੀ ਹੈ ਅਤੇ ਉਨ੍ਹਾਂ ਨੂੰ ਭਾਰਤ ਰਤਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ



ਚੌਧਰੀ ਚਰਨ ਸਿੰਘ ਵੀ ਆਪਣੇ ਜੀਵਨ ਕਾਲ ਦੌਰਾਨ ਕਿਸਾਨਾਂ ਲਈ ਏਸੇ ਤਰ੍ਹਾਂ ਦਾ ਸੰਘਰਸ਼ ਕਰਦੇ ਰਹੇ ਸਨ ਪਰ ਅੱਜ ਸਰਕਾਰਾਂ ਕਿਸਾਨਾਂ 'ਤੇ ਹੰਝੂ ਗੈਸ ਦੇ ਗੋਲੇ ਅਤੇ ਪਲਾਸਟਿਕ ਦੀਆਂ ਗੋਲੀਆਂ ਦਾਗ ਕੇ ਉਨ੍ਹਾਂ ਨੂੰ ਜ਼ਖਮੀ ਕਰ ਰਹੀਆਂ ਹਨ। ਬੀਬੀ ਜਗੀਰ ਕੌਰ ਨੇ ਕੇਂਦਰ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਪਹਿਲੇ ਕਿਸਾਨ ਅੰਦੋਲਨ ਦੌਰਾਨ ਜਿਹੜੀਆਂ ਮੰਗਾਂ ਮੰਨੀਆਂ ਗਈਆਂ ਸਨ, ਉਨ੍ਹਾਂ ਨੂੰ ਹੀ ਨੇਕ ਨੀਅਤ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਐੱਮ. ਐੱਸ. ਪੀ. ਦੀ ਗਾਰੰਟੀ ਦੀ ਮੰਗ ਮੰਨੀ ਗਈ ਸੀ ਅਤੇ ਹੁਣ ਦੋ ਸਾਲ ਬੀਤਣ ਦੇ ਬਾਵਜੂਦ ਇਸ ਨੂੰ ਲਾਗੂ ਤਾਂ ਕੀ ਕਰਨਾ ਸੀ, ਉਲਟਾ ਕੇਂਦਰੀ ਮੰਤਰੀ ਕਹਿ ਰਹੇ ਹਨ ਕਿ ਐੱਮ. ਐੱਸ. ਪੀ. ਨੂੰ ਏਨੇ ਥੋੜ੍ਹੇ ਸਮੇਂਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕਿਸਾਨ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰ ਰਹੇ ਹਨ। ਭਾਰਤ ਸਰਕਾਰ ਨੇ ਸਵਾਮੀਨਾਥਨ ਨੂੰ ਵੀ ਭਾਰਤ ਰਤਨ ਦੇਣ ਜਾ ਰਹੀ ਹੈ ਪਰ ਉਨ੍ਹਾਂ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਨ ਵਾਲਿਆਂ ਦੇ ਡਾਂਗਾਂ ਫੇਰੀਆਂ ਜਾ ਰਹੀਆਂ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਅਜਿਹੇ ਦੋਹਰੇ ਮਾਪਦੰਡਾਂ ਨਾਲ ਸਰਕਾਰਾਂ ਨਹੀਂ ਚੱਲਿਆ ਕਰਦੀਆਂ। ਉਨ੍ਹਾਂ ਅਪੀਲ ਕੀਤੀ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਬਿਨ੍ਹਾ ਦੇਰੀ ਦੇ ਮੰਨਿਆ ਜਾਵੇ ਅਤੇ ਉਨ੍ਹਾਂ ਨੂੰ ਲਾਗੂ ਕੀਤਾ ਜਾਵੇ।

## ਵ੍ਹੀਲ ਚੇਅਰ 'ਤੇ ਸ਼ੰਭੂ ਬਾਰਡਰ ਪਹੁੰਚ ਗਏ ਸਿੰਘ, ਡਟ ਕੇ ਕੀਤਾ ਅੱਥਰੂ ਗੈਸ ਦਾ ਮੁਕਾਬਲਾ

ਨੈਸ਼ਨਲ ਡੈਸਕ 16 ਫਰਵਰੀ। ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੇਂਦਰ ਖ਼ਿਲਾਫ ਮੁੜ ਅੰਦੋਲਨ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਿਸਾਨਾਂ ਨੇ ਦਿੱਲੀ ਵੱਲ ਚਾਲੇ ਪਾ ਦਿੱਤੇ। ਇਸ ਦੌਰਾਨ ਸਰਕਾਰ ਵੱਲੋਂ ਕਿਸਾਨਾਂ ਨੂੰ ਰਾਹ ਵਿਚ ਰੋਕਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਪਾਸੇ ਜਿੱਥੇ ਪੁਲਸ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਅੱਥਰੂ ਗੈਸ ਦੇ ਗੋਲੇ ਤੇ ਪਾਣੀ ਦੀਆਂ ਬੁਛਾੜਾਂ ਛੱਡੀਆਂ ਜਾ ਰਹੀਆਂ ਹਨ, ਉੱਥੇ ਹੀ ਕਿਸਾਨ ਬੁਲੰਦ ਹੌਂਸਲੇ ਨਾਲ ਉਨ੍ਹਾਂ ਦਾ ਡਟ ਕੇ ਮੁਕਾਬਲਾ ਕਰਦਿਆਂ ਅੱਗੇ ਵਧਣ ਲਈ ਜੱਦੋ-ਜਹਿਦ ਕਰ ਰਹੇ ਹਨ। ਅਜਿਹੇ ਹੀ ਹੌਂਸਲੇ ਦੀ ਮਿਸਾਲ ਪੇਸ਼ ਕਰ ਰਹੇ ਹਨ ਸ਼ੰਭੂ ਬਾਰਡਰ 'ਤੇ ਪਹੁੰਚੇ 3 ਸੂਰਮੇ। ਸ਼ੰਭੂ ਬਾਰਡਰ 'ਤੇ ਜਿੱਥੇ ਵੱਡੀ ਗਿਣਤੀ ਵਿਚ ਕਿਸਾਨ ਪਹੁੰਚ ਚੁੱਕੇ ਹਨ, ਉੱਥੇ ਹੀ ਇਨ੍ਹਾਂ ਵਿਚ 3 ਜਵਾਨ ਅਜਿਹੇ ਵੀ ਨੇ ਜੋ ਵ੍ਹੀਲ ਚੇਅਰ 'ਤੇ ਉੱਥੇ ਤਕ ਪਹੁੰਚੇ ਹਨ। ਇਹ ਤਿੰਨੋ ਖਰੜ, ਸੰਗਰੂਰ ਅਤੇ ਹੁਸ਼ਿਆਰਪੁਰ ਤੋਂ ਆਏ ਹਨ। ਜਿੱਥੇ ਪੁਲਸ ਵੱਲੋਂ ਕਿਸਾਨਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਦਾਗੇ ਜਾ ਰਹੇ ਹਨ, ਉੱਥੇ ਇਹ ਸ਼ੇਰ ਵੀ ਕਿਸਾਨਾਂ ਦੇ ਨਾਲ ਡਟ ਕੇ ਇਨ੍ਹਾਂ ਚੀਜਾਂ ਦਾ ਸਾਹਮਣਾ ਕਰ ਰਹੇ ਹਨ। ਇਹ ਨਾ ਸਿਰਫ ਉੱਥੇ ਕਿਸਾਨਾਂ ਦਾ ਸਾਥ ਦੇ ਰਹੇ ਹਨ, ਸਗੋਂ ਆਪਣੇ ਨਾਲ ਦਵਾਈਆਂ ਵੀ ਲੈ ਕੇ ਆਏ ਹਨ ਅਤੇ ਪੁਲਸ ਦੀ ਕਾਰਵਾਈ ਦੌਰਾਨ ਫੱਟੜ ਹੋਣ ਵਾਲੇ ਕਿਸਾਨਾਂ ਦਾ ਇਲਾਜ ਵੀ ਕਰ ਰਹੇ ਹਨ। ਇਨ੍ਹਾਂ ਤਿੰਨਾ ਦੇ ਹੌਂਸਲੇ ਇਸ ਹੱਦ ਤਕ ਬੁਲੰਦ ਹਨ ਕਿ ਇਹ ਅੱਥਰੂ ਗੈਸ ਦੇ ਗੋਲਿਆਂ ਵਿਚ ਵੀ ਡਟੇ ਰਹੇ, ਕਹਿੰਦੇ ਨੇ ਕਿ ਅਸੀਂ ਤਾਂ ਗੋਲੀ ਖਾਣ ਲਈ ਵੀ ਤਿਆਰ ਹਾਂ, ਅੱਥਰੂ ਗੈਸ ਜਾਂ ਪਾਣੀ ਦੀ ਬੁਛਾੜ ਕੀ ਚੀਜ ਹੈ। ਬੈਰੀਗੇਟ ਸਾਡੇ ਅੱਗੇ ਕੁਝ ਨਹੀਂ ਹਨ, ਸਭ ਕੁਝ ਤੋੜ ਕੇ ਅੱਗੇ ਲੰਘ ਜਾਵਾਂਗੇ। ਇਨ੍ਹਾਂ ਦਾ ਕਹਿਣਾ ਹੈ ਕਿ ਜਿੰਨੀਆਂ ਮਰਜੀ ਬੁਛਾੜਾਂ ਕਰ ਲਓ, ਜਿੰਨੇ ਮਰਜੀ ਅੱਥਰੂ ਗੈਸ ਦੇ ਗੋਲੇ ਦਾਗ ਲਓ, ਅਸੀਂ ਪਿੱਛੇ ਨਹੀਂ ਮੁੜਾਂਗੇ। ਅਸੀਂ ਗੁਰੂ ਗੋਬਿੰਦ ਸਾਹਿਬ ਦੀ ਫੌਜ ਹਾਂ, ਸਾਡੇ ਗੁਰੂਆਂ ਨੇ ਸਾਨੂੰ ਪਿੱਛੇ ਮੁੜਨਾ ਨਹੀਂ ਸਿਖਾਇਆ, ਅਸੀਂ ਅੱਗੇ ਹੀ ਵਧਾਂਗੇ। ਉਨ੍ਹਾਂ ਨੇ ਕਿਹਾ ਕਿ ਅਸੀਂ ਘਰ ਬੈਠੇ ਨੌਜਵਾਨਾਂ ਨੂੰ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਜੇ ਅਸੀਂ ਇੱਥੇ ਆ ਸਕਦੇ ਹਾਂ ਤਾਂ ਤੁਹਾਨੂੰ ਕੀ ਦਿੱਕਤ ਹੈ। ਇਹ ਤਿੰਨੇ ਪਿਛਲੀ ਵਾਰ ਅੰਦੋਲਨ ਵਿਚ ਵੀ 1 ਸਾਲ ਲਗਾਤਾਰ ਉੱਥੇ ਰਹੇ ਸਨ।

## ਪਿਆਜ ਦੇ ਨਿਰਯਾਤ ਪਾਬੰਦੀ ਦੀ ਉਲੰਘਣਾ ਕਰ ਰਹੇ ਨੇ ਤਸਕਰ, ਗਲਤ ਤਰੀਕੇ ਨਾਲ ਭੇਜ ਰਹੇ ਹਨ ਬਾਹਰ

ਏਜੰਸੀਆਂ

ਪੁਣੇ 16 ਫਰਵਰੀ। ਮਲੇਸੀਆ, ਸ੍ਰੀਲੰਕਾ ਅਤੇ ਸੰਯੁਕਤ ਅਰਬ ਅਮੀਰਾਤ ਵਿੱਚ ਭਾਰਤੀ ਪਿਆਜ ਦੀ ਕੀਮਤ 140 ਰੁਪਏ ਪ੍ਰਤੀ ਕਿਲੋ ਹੈ, ਜੋ ਕਿ ਨਾਸਿਕ ਵਿੱਚ ਥੋਕ ਮੁੱਲ ਨਾਲੋਂ 10 ਗੁਣਾ ਵੱਧ ਹੈ। ਇਸ ਸਬੰਧ ਵਿਚ ਵਪਾਰੀਆਂ ਦਾ ਕਹਿਣਾ ਹੈ ਕਿ ਤਸਕਰ ਪਿਆਜ ਦੀ ਸਬਜੀ ਦੇ ਨਿਰਯਾਤ 'ਤੇ ਪਾਬੰਦੀ ਦੀ ਉਲੰਘਣਾ ਕਰ ਰਹੇ ਹਨ। ਵਪਾਰੀਆਂ ਨੇ ਕਿਹਾ ਕਿ ਇਹ ਠੱਗ ਨਿਰਯਾਤਕ ਪਿਆਜ ਨੂੰ ਗਲਤ ਤਰੀਕੇ ਨਾਲ ਆਲੂ, ਛਾਲੇ ਜਾਂ ਅੰਗੂਰ ਦੇ ਤੌਰ 'ਤੇ ਲੇਬਲ ਲਗਾ ਕੇ ਭੇਜ ਰਹੇ ਹਨ। ਭਾਰਤ ਨੇ 8 ਦਸੰਬਰ ਤੋਂ ਪਿਆਜ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਕਾਰਨ ਭਾਰਤ ਦੇ ਮੁੱਖ ਪਿਆਜ ਉਤਪਾਦਕ ਖੇਤਰ ਨਾਸਿਕ ਦੇ ਥੋਕ ਬਾਜਾਰ ਵਿੱਚ ਕੀਮਤ ਮੌਜੂਦਾ ਸਮੇਂ ਵਿੱਚ 40 ਰੁਪਏ ਪ੍ਰਤੀ ਕਿਲੋ ਤੋਂ ਘੱਟ ਕੇ 13 ਰੁਪਏ ਦੇ ਕਰੀਬ ਰਹਿ ਗਈ ਹੈ। ਦੂਜੇ ਸਭ ਤੋਂ ਵੱਡੇ ਪਿਆਜ ਉਤਪਾਦਕ ਦੁਆਰਾ ਨਿਰਯਾਤ 'ਤੇ ਪਾਬੰਦੀ, ਜੋ ਹਰ ਹਫਤੇ 40,000-50,000 ਟਨ ਪਿਆਜ ਭੇਜਦੀ ਹੈ, ਕਾਰਨ ਅੰਤਰਰਾਸਟਰੀ ਕੀਮਤਾਂ ਵਿੱਚ ਵਾਧਾ



ਹੋਇਆ ਹੈ। ਵਪਾਰਕ ਸੂਤਰਾਂ ਨੇ ਕਿਹਾ ਕਿ ਸਥਾਨਕ ਅਤੇ ਨਿਰਯਾਤ ਬਾਜਾਰਾਂ ਵਿੱਚ ਕੀਮਤ ਦੇ ਵੱਡੇ ਅੰਤਰ ਨੇ ਤਸਕਰਾਂ ਨੂੰ ਆਕਰਸ਼ਿਤ ਕੀਤਾ ਗਿਆ ਹੈ। ਉਸ ਦਾ ਅੰਦਾਜਾ ਹੈ ਕਿ ਪਿਆਜ ਦੀ ਹਫਤਾਵਾਰੀ ਗੈਰ-ਕਾਨੂੰਨੀ ਬਰਾਮਦ 700-800 ਟਨ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਸਮੱਗਲਰ 28-30 ਟਨ ਦੇ ਪ੍ਰਤੀ ਕੰਟੇਨਰ ਤੋਂ ਕਰੀਬ 30 ਲੱਖ ਰੁਪਏ ਦਾ ਮੁਨਾਫਾ ਕਮਾ ਰਹੇ ਹਨ। ਬਾਗਬਾਨੀ ਉਤਪਾਦਕ ਬਰਾਮਦਕਾਰ ਐਸੋਸੀਏਸਨ ਦੇ ਪ੍ਰਧਾਨ ਅਜੀਤ ਸਾਹ ਨੇ ਕਿਹਾ, "ਮੰਜ਼ਿਲ ਦੇਸਾਂ ਦੇ ਖਰੀਦਦਾਰ ਰਿਪੋਰਟ ਕਰ ਰਹੇ ਹਨ ਕਿ ਉਨ੍ਹਾਂ ਨੂੰ ਭਾਰਤੀ ਪਿਆਜ ਦੀ ਨਿਯਮਤ ਸਪਲਾਈ ਮਿਲ ਰਹੀ ਹੈ।" ਜਨਵਰੀ ਵਿੱਚ ਐਸੋਸੀਏਸਨ ਦੁਆਰਾ ਇਹ ਮੁੱਦਾ ਉਠਾਏ ਜਾਣ ਤੋਂ ਬਾਅਦ ਵਿੱਤ ਮੰਤਰਾਲੇ ਨੇ ਕਸਟਮ ਵਿਭਾਗ ਨੂੰ ਗੈਰ-ਕਾਨੂੰਨੀ ਢੰਗ ਨਾਲ ਪਿਆਜ ਭੇਜਣ ਵਾਲੇ ਬਰਾਮਦਕਾਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਹੈ। ਕੇਂਦਰੀ ਆਬਕਾਰੀ ਅਤੇ ਕਸਟਮ ਬੋਰਡ (ਸੀਬੀਈਸੀ) ਦੇ ਧਿਆਨ ਵਿੱਚ ਇਹ ਲਿਆਂਦਾ ਗਿਆ ਹੈ ਕਿ ਕੁਝ ਬਰਾਮਦਕਾਰ ਪਿਆਜ ਦੀ ਬਰਾਮਦ 'ਤੇ ਪਾਬੰਦੀ ਦੇ ਬਾਵਜੂਦ ਪਿਆਜ ਦੀ ਬਰਾਮਦ ਕਰ ਰਹੇ ਹਨ।

# ਪੰਜਾਬ ਦੇ ਸਕੂਲਾਂ ਨੂੰ ਲੈ ਕੇ ਸਿੱਖਿਆ ਵਿਭਾਗ ਦਾ ਵੱਡਾ ਫੈਸਲਾ

ਸਰਦੂਲ ਸਿੰਘ

ਮਾਲੇਰਕੋਟਲਾ 16 ਫਰਵਰੀ। ਸੂਬੇ ਦੇ ਸਰਕਾਰੀ ਸਕੂਲਾਂ 'ਚ ਪੜ੍ਹਦੇ ਪਹਿਲੀ ਤੋਂ ਅੱਠਵੀ ਕਲਾਸ ਦੇ ਬੱਚਿਆਂ ਲਈ ਚਲਾਈ ਜਾ ਰਹੀ ਮਿਡ-ਡੇ-ਮੀਲ ਸਕੀਮ 'ਚ ਵਿਦਿਆਰਥੀਆਂ ਨੂੰ ਜ਼ਰੂਰੀ ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਸਿਹਤਮੰਦ ਖ਼ੁਰਾਕ ਮੁਹੱਈਆ ਕਰਵਾਉਣ ਨੂੰ ਮੱਦੇਨਜ਼ਰ ਰੱਖਦਿਆਂ ਵਿਭਾਗ ਵੱਲੋਂ ਨਵੀਆਂ-ਨਵੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਮਹੀਨਿਆਂ ਦੌਰਾਨ ਸਿੱਖਿਆ ਵਿਭਾਗ ਦੀ ਮਿਡ-ਡੇ-ਮੀਲ ਸੋਸਾਇਟੀ ਨੇ ਸਾਰੇ ਜ਼ਿਲਿਆਂ ਦੇ ਸਿੱਖਿਆ ਅਧਿਕਾਰੀਆਂ ਨੂੰ ਹੁਕਮ ਜਾਰੀ ਕਰ ਕੇ ਕਿਹਾ ਸੀ ਕਿ ਬੱਚਿਆਂ ਦਾ ਮਿਡ-ਡੇ-ਮੀਲ ਐਲੂਮੀਨੀਅਮ ਦੇ ਭਾਂਡਿਆਂ 'ਚ ਨਾ ਬਣਾਇਆ ਜਾਵੇ ਕਿਉਂਕਿ ਐਲੂਮੀਨੀਅਮ ਇਕ ਜ਼ਹਿਰੀਲੀ ਧਾਤੂ ਹੈ। ਲੰਬੇ ਸਮੇਂ ਤੱਕ ਇਸ ਦੇ ਸੰਪਰਕ 'ਚ ਰਹਿਣ ਨਾਲ ਸਿਹਤ 'ਤੇ ਉਲਟਾ ਅਸਰ ਪੈ ਸਕਦਾ ਹੈ। ਹੁਣ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਮਿਡ-ਡੇ-ਮੀਲ ਦੇ ਨਵੇਂ ਜਾਰੀ ਕੀਤੇ ਮੀਨੂੰ 'ਚ ਬੱਚਿਆਂ ਨੂੰ ਵੱਖ-ਵੱਖ ਦਿਨਾਂ 'ਚ ਸਥਾਨਕ ਮੌਸਮੀ ਫਲ ਦੇਣ ਤੋਂ ਇਲਾਵਾ ਹਰ ਬੁੱਧਵਾਰ ਨੂੰ ਛੋਲੇ ਪੂਰੀਆਂ ਬਣਾ ਕੇ ਦੇਣ ਦਾ ਫੈਸਲਾ ਕੀਤਾ ਹੈ, ਜਿਸ ਦਾ ਟੀਚਰਜ਼ ਯੂਨੀਅਨ ਵੱਲੋਂ ਵਿਰੋਧ ਕਰਦੇ ਹੋਏ ਕਿਹਾ ਜਾ ਰਿਹਾ ਹੈ ਕਿ ਮੌਜੂਦਾ ਮਹਿੰਗਾਈ ਦੇ ਯੁੱਗ 'ਚ ਸਰਕਾਰ ਵੱਲੋਂ ਸਿਰਫ 5.45 ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਦਿੱਤੇ ਜਾਂਦੇ ਪੈਸਿਆਂ 'ਚ ਹੀ ਛੋਲੇ ਪੂਰੀਆਂ ਬਣਾਉਣ ਦਾ ਹੁਕਮ ਦੇ ਕੇ ਰਾਜ ਸਰਕਾਰ ਅਧਿਆਪਕਾਂ ਨਾਲ ਧੱਕਾ ਕਰ ਰਹੀ ਹੈ ਕਿਉਂਕਿ ਇਸ ਨਾਲ ਵਾਧੂ ਖਰਚ ਰਾਸ਼ੀ ਦਾ ਬੋਝ ਅਧਿਆਪਕ ਵਰਗ 'ਤੇ ਪਵੇਗਾ। ਅਧਿਆਪਕਾਂ ਨੇ ਸਰਕਾਰ ਦੇ ਉਕਤ ਹੁਕਮ ਦਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਬਿਨਾਂ ਪੈਸੇ ਖਰਚੇ ਵਾਹ-ਵਾਹੀ ਖੱਟਣ ਦੀ ਕੋਸ਼ਿਸ਼ ਕਰ ਰਹੀ ਹੈ। ਜੇਕਰ ਇਸ ਨਵੇਂ ਮੀਨੂ ਨੂੰ ਲਾਗੂ ਕਰਨਾ ਹੈ ਤਾਂ ਸਰਕਾਰ ਕੁਕਿੰਗ ਰਾਸ਼ੀ 'ਚ ਵਾਧਾ ਕਰੇ। ਇਸੇ ਤਰ੍ਹਾਂ ਹੁਣ ਸੂਬੇ ਦੇ ਸਰਕਾਰੀ ਸਕੂਲਾਂ 'ਚ ਪਹਿਲੀ ਤੋਂ 8ਵੀਂ ਕਲਾਸ ਤੱਕ ਦੇ ਕਰੀਬ 19 ਲੱਖ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਮਿਡ-ਡੇ-ਮੀਲ ਦੀ ਪੋਸ਼ਣ ਸਮੱਗਰੀ ਨੂੰ ਵਧਾਉਣ ਲਈ ਸੂਬਾ ਸਰਕਾਰ ਵੱਲੋਂ ਵਿੱਤੀ ਸਾਲ 2023-24 ਦੀ ਚੌਥੀ ਤਿਮਾਹੀ ਜਨਵਰੀ ਤੋਂ ਮਾਰਚ ਤੱਕ ਇਕ ਮਹੱਤਵਪੂਰਨ ਪਹਿਲ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਤਹਿਤ 8ਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਹੁਣ ਹਫਤਾਵਾਰੀ ਆਧਾਰ 'ਤੇ ਵਿਸ਼ੇਸ਼ਕਰ ਸੋਮਵਾਰ ਨੂੰ ਮਿਡ-ਡੇ-ਮੀਲ ਦੇ ਨਾਲ ਇਕ ਮੌਸਮੀ ਫਲ ਵੀ ਮਿਲੇਗਾ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਸਕੀਮ ਲਈ ਪੰਜਾਬ ਸਰਕਾਰ ਨੂੰ 12 ਕਰੋੜ ਰੁਪਏ ਦੀ ਰਾਸ਼ੀ ਦਿੱਤੀ



ਜਾਵੇਗੀ। ਜ਼ਿਕਰਯੋਗ ਹੈ ਕਿ ਪਹਿਲਾਂ ਵਿਭਾਗ ਵੱਲੋਂ ਸੋਮਵਾਰ ਵਾਲੇ ਦਿਨ ਬੱਚਿਆਂ ਨੂੰ ਮਿਡ-ਡੇ-ਮੀਲ ਦੇ ਨਾਲ ਕੇਲਾ ਦੇਣ ਦੀ ਵਿਵਸਥਾ ਰੱਖੀ ਸੀ, ਜਿਸ ਲਈ ਵਿਭਾਗ ਵੱਲੋਂ ਵੱਧੂ ਫੰਡ ਵੀ ਜਾਰੀ ਕੀਤੇ ਗਏ ਸਨ ਪਰ ਇਸ ਦੌਰਾਨ ਹੀ ਇਹ ਮੰਗ ਉੱਠਣ ਲੱਗੀ ਕਿ ਸਰਕਾਰ ਬਾਹਰੀ ਰਾਜਾਂ ਤੋਂ ਕੇਲੇ ਦੇ ਫਲ ਦੀ ਦਰਾਮਦ ਕਰਨ ਦੀ ਬਜਾਏ ਮਿਡ-ਡੇ-ਮੀਲ ਰਾਹੀਂ ਬੱਚਿਆਂ ਨੂੰ ਸਥਾਨਕ ਫਲ ਮੁਹੱਈਆ ਕਰਵਾਏ। ਸਥਾਨਕ ਉਪਜਾਂ ਦੀ ਸਰਕਾਰੀ ਖਰੀਦ ਨਾਲ ਨਾ ਸਿਰਫ ਬੱਚਿਆਂ ਨੂੰ ਸਗੋਂ ਪੰਜਾਬ ਦੇ ਇਸ ਨਵੇਂ ਮੀਨੂ ਨੂੰ ਲਾਗੂ ਕਰਨਾ ਹੈ ਤਾਂ ਸਰਕਾਰ ਕੁਕਿੰਗ ਰਾਸ਼ੀ 'ਚ ਵਾਧਾ ਕਰੇ। ਇਸੇ ਤਰ੍ਹਾਂ ਹੁਣ ਸੂਬੇ ਦੇ ਸਰਕਾਰੀ ਸਕੂਲਾਂ 'ਚ ਪਹਿਲੀ ਤੋਂ 8ਵੀਂ ਕਲਾਸ ਤੱਕ ਦੇ ਕਰੀਬ 19 ਲੱਖ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਮਿਡ-ਡੇ-ਮੀਲ ਦੀ ਪੋਸ਼ਣ ਸਮੱਗਰੀ ਨੂੰ ਵਧਾਉਣ ਲਈ ਸੂਬਾ ਸਰਕਾਰ ਵੱਲੋਂ ਵਿੱਤੀ ਸਾਲਕਿਸਾਨਾਂ ਨੂੰ ਵੀ ਫਾਇਦਾ ਹੋਵੇਗਾ, ਉਨ੍ਹਾਂ ਨੂੰ ਵਾਜਬ ਭਾਅ ਮਿਲੇਗਾ ਅਤੇ ਫਸਲੀ ਵਿਭਿੰਨਤਾ 'ਚ ਕਾਫੀ ਮਦਦ ਮਿਲੇਗੀ। ਇਸ ਲਈ ਹੁਣ ਸਿੱਖਿਆ ਵਿਭਾਗ ਨੇ ਪੰਜਾਬ ਅੰਦਰ ਹੀ ਪੈਦਾ ਹੋਣ ਵਾਲੇ (ਏਰੀਆ ਦੇ ਮੁਤਾਬਕ) ਮੌਸਮੀ ਫਲਾਂ ਨੂੰ ਸ਼ਾਮਲ ਕਰਨ ਲਈ ਨਿਰਦੇਸ਼ ਜਾਰੀ ਕੀਤੇ ਜਾਣ ਦਾ ਪਤਾ ਲੱਗਾ ਹੈ। ਇਸੇ ਤਹਿਤ ਮਿਡ-ਡੇ-ਮੀਲ 'ਚ ਕੇਲਾ, ਅਮਰੂਦ, ਬੇਰ, ਲੀਚੀ, ਅੰਬ ਸਮੇਤ ਮੌਸਮੀ ਫਲਾਂ ਨੂੰ ਸ਼ਾਮਲ ਕੀਤਾ ਜਾਣਾ ਦੱਸਿਆ ਗਿਆ ਹੈ। ਸਕੂਲ ਮੁਖੀ ਨੂੰ ਮੌਸਮੀ ਫਲ ਦੀ ਚੋਣ ਕਰਨ ਦਾ ਅਧਿਕਾਰ ਹੋਵੇਗਾ। ਇਸ ਸਕੀਮ ਪਿੱਛੇ ਦੋ ਮਕਸਦ ਦੱਸੇ ਜਾਂਦੇ ਹਨ। ਪਹਿਲਾ ਤਾਂ ਪੰਜਾਬ ਅੰਦਰ ਫਲਾਂ ਦੀ ਖੇਤੀ ਨੂੰ ਹੱਲਾਸ਼ੇਰੀ ਮਿਲੇਗੀ, ਜਿਸ ਦਾ ਸਥਾਨਕ ਕਿਸਾਨਾਂ ਨੂੰ ਫਾਇਦਾ ਮਿਲੇਗਾ ਅਤੇ ਇਲਾਕੇ ਦੀ ਖੇਤੀ ਅਰਥ ਵਿਵਸਥਾ ਨੂੰ ਉਤਸ਼ਾਹ ਮਿਲੇਗਾ। ਦੂਜਾ ਸਥਾਨਕ ਤੌਰ 'ਤੇ ਪ੍ਰਾਪਤ ਮੌਸਮੀ ਫਲਾਂ ਨੂੰ ਸ਼ਾਮਲ ਕਰਕੇ ਸਰਕਾਰ ਦਾ ਨਿਸ਼ਾਨਾ ਮਿਡ-ਡੇ-ਮੀਲ ਦੀ ਕੁਆਲਿਟੀ 'ਚ ਸੁਧਾਰ ਕਰਨਾ ਹੈ ਅਤੇ ਵਿਦਿਆਰਥੀਆਂ ਨੂੰ ਜ਼ਰੂਰੀ ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਸਿਹਤਮੰਦ ਖ਼ੁਰਾਕ ਪ੍ਰਦਾਨ ਕਰਨਾ ਹੈ। ਜਾਣਕਾਰੀ ਅਨੁਸਾਰ ਇਸ ਫੈਸਲੇ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ ਮਾਲਵਾ ਖੇਤਰ 'ਚ ਬੇਰ, ਪਠਾਨਕੋਟ ਖੇਤਰ 'ਚ ਅਮਰੂਦ ਅਤੇ ਦੱਖਣੀ ਪੰਜਾਬ 'ਚ ਕਿੰਨੂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਸਮਝਿਆ ਜਾਂਦਾ ਹੈ ਕਿ ਸੀਜ਼ਨ 'ਚ ਕਿੰਨੂ ਦਾ ਉਤਪਾਦਨ ਜ਼ਿਆਦਾ ਹੋਣ ਕਾਰਨ ਅਤੇ ਮੰਗ ਘੱਟ ਹੋਣ 'ਤੇ ਕਿੰਨੂ ਸਸਤੇ ਭਾਅ 'ਤੇ ਵਿਕਦਾ ਹੈ, ਸਰਕਾਰ ਦੇ ਇਸ ਫੈਸਲੇ ਨਾਲ ਇਸ ਦੀ ਕੀਮਤ 'ਚ ਵਾਧਾ ਹੋਣ ਦੇ ਨਾਲ-ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ।